@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 6 March 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਬੁੱਧਵਾਰ 6 ਮਾਰਚ 2024, 20 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 96, qpatrika@gmail.com ਫੋਨ : 9971359517 www.qaumipatrika.org

# ਦਿੱਲੀ ਦੇ ਮਾਇਆਪੁਰੀ ਗੁਰਦੁਆਰੇ ਨੂੰ ਅੱਗ ਲਗਾਉਣ ਵਾਲਾ ਵਿਅਕਤੀ ਮੌਕੇ 'ਤੇ ਹੀ ਫੜਿਆ ਗਿਆ !

**ਵਿਸ਼ੇਸ਼ ਪੱਤਰਕਾਰ**

ਨਵੀਂ ਦਿੱਲੀ 5 ਮਾਰਚ। ਤਿੰਨ ਮਾਰਚ ਨੂੰ ਦਿੱਲੀ ਦੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਖਜਾਨ ਬਸਤੀ ਮਾਇਆਪੁਰੀ, ਨਵੀਂ ਦਿੱਲੀ ਵਿਖੇ ਦੇਰ ਸ਼ਾਮ ਯੋਗੇਸ਼ ਨਾਂ ਦੇ ਨੌਜਵਾਨ ਨੇ ਗੁਰਦੁਆਰਾ ਸਾਹਿਬ ਵਿਚ ਦਾਖਲ ਹੋ ਕੇ ਗੁਰੂ ਘਰ ਦੀ ਬੇਅਦਬੀ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਅਤੇ ਗੁਰਦੁਆਰਾ ਸਾਹਿਬ ਦੇ ਅੰਦਰ ਉਸ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ ਅਤੇ ਦਿੱਲੀ ਵਿਚ ਵੱਡਾ ਦੰਗਾ ਹੋਣ ਤੋਂ ਟਲ ਗਿਆ। ਵਰਨਣਯੋਗ ਹੈ ਕਿ ਯੋਗੇਸ਼ ਕੁਮਾਰ ਨਾਮ ਦੇ ਦੋਸ਼ੀ ਨੌਜਵਾਨ ਕੋਲੋਂ ਬਾਲਾਜੀ ਬੀੜੀ ਦਾ ਇੱਕ ਬੰਡਲ, ਇੱਕ ਸਿਗਰਟ ਦਾ ਲਾਈਟਰ, ਤੰਬਾਕੂ ਦਾ ਇੱਕ ਪੈਕਟ ਅਤੇ ਇੱਕ ਕੱਪੜਾ ਬਰਾਮਦ ਹੋਇਆ ਹੈ। ਉਹ ਜੁੱਤੀ ਪਾ ਕੇ ਗੁਰਦੁਆਰੇ ਆਇਆ ਸੀ, ਫੜੇ ਜਾਣ ਤੋਂ ਬਾਅਦ ਉਸਨੇ ਦੱਸਿਆ ਕਿ ਮੇਰੇ ਕੋਲ ਬਹੁਤ ਵੱਡੀ ਤਾਕਤ ਹੈ, ਤੁਸੀਂ ਮੇਰਾ ਕੋਈ ਨੁਕਸਾਨ ਨਹੀਂ ਕਰ ਸਕਦੇ, ਕਦੇ ਉਹ ਮੋਦੀ ਜੀ ਦਾ ਨਾਮ ਲੈ ਰਿਹਾ ਸੀ , ਕਦੇ ਭਗਵੇਂ ਝੰਡੇ ਦੀ ਗੱਲ ਕਰ ਰਿਹਾ ਸੀ, ਕਦੇ 1984 ਦੇ ਦੰਗਿਆਂ ਦੀ ਗੱਲ ਕਰ ਰਿਹਾ ਸੀ , ਕਦੇ ਉਹ ਕਹਿੰਦਾ ਸੀ ਕਿ ਮੰਦਰ ਦੇ ਲੋਕਾਂ ਨੇ ਮੈਨੂੰ ਭੇਜਿਆ ਹੈ , ਕਦੇ ਕਹਿੰਦਾ ਸੀ ਕਿ ਸਾਡਾ ਬਹੁਤ ਵੱਡਾ ਟੋਲਾ ਘੁੰਮ ਰਿਹਾ ਹੈ, ਮੌਕੇ 'ਤੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਖਜਾਨ ਬਸਤੀ ਦੀ ਪ੍ਰਬੰਧਕ ਕਮੇਟੀ ਨੇ ਪੁਲਸ ਨੂੰ ਬੁਲਾਇਆ ਅਤੇ ਫਿਰ ਮਾਇਆਪੁਰੀ ਇਲਾਕੇ ਦੇ ਐੱਸ.ਐੱਚ.ਓ., ਏ.ਸੀ.ਪੀ. ਅਤੇ ਵੱਡੀ ਗਿਣਤੀ 'ਵਿਚ ਪੁਲਿਸ ਫੋਰਸ ਮੌਕੇ 'ਤੇ ਪਹੁੰਚ ਗਈ ਅਤੇ ਪੁਲਿਸ ਵਲੋਂ ਦੋਸ਼ੀ ਯੋਗੇਸ਼ ਕੁਮਾਰ ਨੂੰ ਪੁਲਿਸ ਥਾਣਾ ਮਾਇਆਪੁਰੀ ਲੈ ਕੇ ਆਉਣ ਤੋਂ ਬਾਅਦ ਕੁੱਝ ਹੀ ਦੇਰ ਵਿਚ ਪੁਲਿਸ ਥਾਣੇ ਦੇ ਬਾਹਰ ਵੱਡੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ ਅਤੇ ਕੁਝ ਦੇਰ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ , ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਸੀਨੀਅਰ ਮੈਂਬਰਾਂ ਨਾਲ ਮੌਕੇ 'ਤੇ ਪਹੁੰਚੇ ਅਤੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਿੱਖ ਆਗੂਆਂ ਨੇ ਕਿਹਾ ਕਿ ਦਿੱਲੀ ਪੁਲਿਸ ਨੇ ਸਾਨੂੰ ਭਰੋਸ਼ਾ ਦਿੱਤਾ ਹੈ ਕਿ ਉਹ ਦੋਸ਼ੀ ਯੋਗੇਸ਼ ਕੁਮਾਰ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰੇਗੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਦੋਸੀ ਵਿਅਕਤੀ ਨੇ ਆਪਣੀ ਪੈਂਟ ਦੀ ਜਿੱਪ ਖੋਲ੍ਹ ਕੇ ਗੁਰਦੁਆਰਾ ਸਾਹਿਬ ਅੰਦਰ ਪਿਸਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਸ ਨੇ ਕੱਪੜੇ ਨੂੰ ਅੱਗ ਵੀ ਲਗਾ ਦਿੱਤੀ ਸੀ , ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਸਿੱਖ ਆਗੂਆਂ ਨੇ ਕਿਹਾ ਹੈ ਕਿ ਦਿੱਲੀ 'ਚ ਦੰਗੇ ਕਰਵਾਉਣ ਦੀ ਇਹ ਬਹੁਤ ਸੋਚੀ ਸਮਝੀ ਸਾਜਿਸ਼ ਸੀ ਅਤੇ ਸਰਕਾਰ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ ਇਹ ਲੋਕ ਕੌਣ ਹਨ ਇਸ ਸਾਜਿਸ਼ ਪਿੱਛੇ ? ਇਸ ਦੌਰਾਨ ਦੋਸੀ ਯੋਗੇਸ਼ ਕੁਮਾਰ ਦੀ ਮਾਂ ਅਤੇ ਭਰਾ ਥਾਣੇ ਪੁੱਜੇ ਉਨ੍ਹਾਂ ਦੱਸਿਆ ਕਿ ਯੋਗੇਸ਼ ਕੁਮਾਰ ਦਾ ਦਿਮਾਗ ਠੀਕ ਨਹੀਂ ਹੈ ਅਤੇ ਉਹ ਪਿਛਲੇ 9 ਮਹੀਨਿਆਂ ਤੋਂ ਬਿਮਾਰ ਹੈ , ਇਸ ਦੇ ਜਵਾਬ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਵਾਰ-ਵਾਰ ਗੁਰਦੁਆਰਿਆਂ ਦੇ ਅੰਦਰ ਹੀ ਕਿਉਂ ਬੇਅਦਬੀ ਹੋ ਰਹੀ ਹੈ ਇਸ ਦੇ ਜਵਾਬ ਵਿੱਚ ਥਾਣਾ ਮਾਇਆਪੁਰੀ ਦੇ ਏ.ਸੀ.ਪੀ ਸਾਹਬ ਨੇ ਕਿਹਾ ਹੈ ਕਿ ਪੁਲਿਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰੇਗੀ ਅਤੇ ਪਤਾ ਲਗਾਇਆ ਜਾਵੇਗਾ ਕਿ ਇਸ ਸਾਜਿਸ਼ ਦੇ ਪਿੱਛੇ ਕੌਣ ਲੋਕ ਹਨ ?






# ਮੁੱਖ ਮੰਤਰੀ ਵੱਲੋਂ ਬਜਟ ਦੀ ਸ਼ਲਾਘਾ, ਕਿਹਾ ਰੰਗਲਾ ਪੰਜਾਬ ਬਣਾਉਣ ਵੱਲ ਵੱਡਾ ਕਦਮ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 5 ਮਾਰਚ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਵਿਧਾਨ ਸਭਾ 'ਚ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਪੇਸ ਕੀਤੇ ਬਜਟ 2024-25 ਦੀ ਸਲਾਘਾ ਕਰਦਿਆਂ ਇਸ ਨੂੰ ਸੂਬੇ ਦੇ ਸਮੁੱਚੇ, ਬਰਾਬਰ ਅਤੇ ਵਿਆਪਕ ਵਿਕਾਸ ਰਾਹੀਂ 'ਰੰਗਲਾ ਪੰਜਾਬ' ਬਣਾਉਣ ਦੀ ਦਿਸ਼ਾ ਵੱਲ ਕਦਮ ਦੱਸਿਆ। ਇੱਥੇ ਜਾਰੀ ਇੱਕ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ 'ਜੀਰੋ ਟੈਕਸ' ਬਜਟ 'ਚ ਸਾਰੇ ਮੁੱਖ ਖੇਤਰਾਂ ਜਿਵੇਂ ਸਿਹਤ, ਸਿੱਖਿਆ, ਬਿਜਲੀ, ਬੁਨਿਆਦੀ ਢਾਂਚਾ, ਉਦਯੋਗ, ਖੇਡਾਂ, ਸਮਾਜਿਕ ਸੁਰੱਖਿਆ ਅਤੇ ਹੋਰ ਖੇਤਰਾਂ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਗਿਆ ਹੈ ਜੋ ਸੂਬੇ ਦੇ ਵਿਕਾਸ ਲਈ ਨਵੇਂ ਰਾਹ ਖੋਲ੍ਹੇਗਾ। ਉਨ੍ਹਾਂ ਕਿਹਾ ਕਿ ਇਹ ਬਜਟ ਸੂਬੇ ਦੇ ਸਮੁੱਚੇ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰੇਗਾ ਅਤੇ ਸਮਾਜ ਦੇ ਸਾਰੇ ਵਰਗਾਂ ਖਾਸ ਕਰ ਕੇ ਗਰੀਬ ਤੇ ਪਛੜੇ ਵਰਗਾਂ ਦੀ ਖੁਸਹਾਲੀ ਨੂੰ ਯਕੀਨੀ ਬਣਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਵਾਰ ਸੂਬੇ ਦਾ ਬਜਟ ਦੋ ਲੱਖ ਕਰੋੜ ਰੁਪਏ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਕਈ ਅਹਿਮ ਪਹਿਲਕਦਮੀਆਂ ਸੂਰੂ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ 2012-17 ਦੌਰਾਨ 8 ਫ਼ੀਸਦ ਤੇ 2017-22 ਦੌਰਾਨ 6 ਫ਼ੀਸਦ ਦੀ ਮਿਸਰਤ ਸਾਲਾਨਾ ਵਿਕਾਸ ਦਰ ਦੇ ਮੁਕਾਬਲੇ ਟੈਕਸ ਮਾਲੀਆ 13 ਫ਼ੀਸਦ ਰਿਹਾ, ਜਿਸ ਨਾਲ ਸਪੱਸ਼ਟ ਹੁੰਦਾ ਹੈ ਕਿ ਵਿਚਾਰਾਂ ਦੀ ਸਪੱਸ਼ਟਤਾ ਅਤੇ ਉਨ੍ਹਾਂ ਵਿਚਾਰਾਂ ਨੂੰ ਅਮਲ 'ਚ ਲਿਆਉਣ ਪ੍ਰਤੀ ਦ੍ਰਿੜਤਾ ਉਤੇ ਹੀ ਕੰਮ ਨੇਪਰੇ ਚੜ੍ਹਨਾ ਨਿਰਭਰ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਵਾਅਦਾ ਕੀਤਾ ਸੀ ਅਤੇ ਇਸ ਮੰਤਵ ਲਈ ਸਰਕਾਰ ਵੱਲੋਂ ਮੁੱਖ ਖੇਤਰਾਂ ਜਿਵੇਂ ਬਿਹਤਰ ਸਾਸਨ, ਸਿੱਖਿਆ ਅਤੇ ਸਿਹਤ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਗਲੇ ਵਿੱਤੀ ਸਾਲ 'ਚ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਲਈ 13,784 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਕਣਕ ਝੋਨੇ ਦੇ ਚੱਕਰ 'ਚੋਂ ਬਾਹਰ ਕੱਢਣ ਲਈ ਵੱਖ-ਵੱਖ ਫਸਲੀ ਵਿਭਿੰਨਤਾ ਸਕੀਮਾਂ ਲਈ ਵਿੱਤੀ ਵਰ੍ਹੇ 2024-25 'ਚ 575 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਵਰ੍ਹੇ 2024-25 'ਚ ਖੇਤੀਬਾੜੀ ਲਈ ਬਿਜਲੀ ਸਬਸਿਡੀ ਵਾਸਤੇ 9,330 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਠਿੰਡਾ, ਫਰੀਦਕੋਟ, ਫਿਰੋਜਪੁਰ ਅਤੇ ਮੁਕਤਸਰ ਜ਼ਿਲ੍ਹਿਆਂ ਨੂੰ ਲਾਭ ਪਹੁੰਚਾਉਣ ਲਈ ਲਗਭਗ 1,78,000 ਏਕੜ ਰਕਬੇ ਨੂੰ ਕਵਰ ਕਰਨ ਦੇ ਉਦੇਸ ਨਾਲ ਨਵਾਂ ਮਾਲਵਾ ਨਹਿਰੀ ਪ੍ਰਾਜੈਕਟ ਬਣਾਉਣ ਦੀ ਤਜਵੀਜ ਰੱਖੀ ਗਈ ਹੈ, ਜਿਸ ਨਾਲ ਜਮੀਨ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ ਅਤੇ ਹਾੜ੍ਹੀ ਸੀਜ਼ਨ ਦੌਰਾਨ ਬਿਆਸ-ਸਤਲੁਜ ਦਰਿਆ ਦੇ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਜਾ ਸਕੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਸਿੱਖਿਆ ਖੇਤਰ ਲਈ ਵਿੱਤੀ ਸਾਲ 2024-25 'ਚ 16,987 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਜੋ ਕਿ ਕੁੱਲ ਖਰਚੇ ਦਾ ਲਗਭਗ 11.5 ਫੀਸਦੀ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ 100 ਕਰੋੜ ਰੁਪਏ ਸਕੂਲ ਆਫ ਐਮੀਨੈਂਸ ਲਈ ਰੱਖੇ ਗਏ ਹਨ ਜਦਕਿ ਸਿੱਖਿਆ ਦੇ ਖੇਤਰ ਨੂੰ ਹੋਰ ਹੁਲਾਰਾ ਦੇਣ ਲਈ ਸਕੂਲ ਆਫ ਬ੍ਰਿਲੀਅਨਜ ਅਤੇ ਸਕਿੱਲ ਐਜੂਕੇਸ਼ਨ ਪ੍ਰਦਾਨ ਕਰਨ ਲਈ "ਸਕੂਲ ਆਫ਼ ਅਪਲਾਈਡ ਲਰਨਿੰਗ" ਅਤੇ ਵਿਦਿਆਰਥੀਆਂ ਦੀ ਸਮੁੱਚੇ ਵਿਕਾਸ ਲਈ ਸਕੂਲ ਆਫ ਹੈਪੀਨੈੱਸ ਵਾਸਤੇ 10-10 ਕਰੋੜ ਰੁਪਏ ਦੀ ਤਜਵੀਜ ਰੱਖੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਖੇਤਰ ਲਈ 5264 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਰਥਿਕ ਸੂਝ-ਬੂਝ ਨਾਲ ਤਿਆਰ ਕੀਤਾ ਗਿਆ ਵਿੱਤੀ ਵਰ੍ਹੇ 2024-25 ਦਾ ਬਜਟ, ਸਰੋਤ ਜੁਟਾ ਕੇ ਮਾਲੀਆ ਵਧਾਉਣ 'ਤੇ ਧਿਆਨ ਕੇਂਦਰਿਤ ਕਰਦਿਆਂ ਵਿੱਤੀ ਘਾਟੇ ਨੂੰ ਘਟਾਉਣ ਦੇ ਨਾਲ-ਨਾਲ ਵਿੱਤੀ ਅਨੁਸਾਸਨ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਇਸ ਬਜਟ ਨਾਲ ਸਾਡਾ ਸੂਬਾ ਹੁਣ ਵਿਕਾਸ ਅਤੇ ਖੁਸਹਾਲੀ ਦੀਆਂ ਸਿਖਰਾਂ ਛੂਹੇਗਾ। ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਕਿ ਮੌਜੂਦਾ ਬਜਟ ਉਦਯੋਗਿਕ ਖੇਤਰ ਦੀ ਸੁਰਜੀਤੀ ਦੇ ਨਾਲ-ਨਾਲ ਸੂਬੇ ਦੀ ਖੇਤੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਇਕ ਖਾਕੇ ਵਜੋਂ ਕੰਮ ਕਰੇਗਾ। ਮੁੱਖ ਮੰਤਰੀ ਨੇ ਮੌਜੂਦਾ ਬਜਟ ਨੂੰ ਮੀਲ ਪੱਥਰ ਕਰਾਰ ਦਿੰਦਿਆਂ ਕਿਹਾ ਕਿ ਨੇੜਲੇ ਭਵਿੱਖ 'ਚ ਇਹ ਬਜਟ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਵਿਕਾਸ ਅਤੇ ਪ੍ਰਗਤੀ ਦੇ ਨਵੇਂ ਦਿਸਹੱਦੇ ਸਥਾਪਤ ਕਰਨ 'ਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਇਹ ਬਜਟ ਸੂਬਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਨੂੰ ਦਰਸਾਉਂਦਾ ਹੈ ਅਤੇ ਇਸ ਦਾ ਉਦੇਸ ਸਮਾਜ ਦੇ ਸਭ ਤੋਂ ਕਮਜੋਰ ਅਤੇ ਗਰੀਬ ਵਰਗ ਦੇ ਲੋਕਾਂ ਦੀ ਸਹੀ ਮਾਅਨਿਆਂ 'ਚ ਸੇਵਾ ਕਰਨਾ ਹੈ।



# ਬੇਇਨਸਾਫੀ ਕਾਰਨ ਦੇਸ਼ 'ਚ ਨਫਰਤ ਵਧ ਰਹੀ ਹੈ: ਰਾਹੁਲ ਗਾਂਧੀ

ਗਵਾਲੀਅਰ 5 ਮਾਰਚ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਆਪਣੀ ਯਾਤਰਾ ਦੌਰਾਨ 'ਨਿਆਂ' ਸਬਦ ਦੀ ਮਹੱਤਤਾ 'ਤੇ ਜੋਰ ਦਿੱਤਾ ਅਤੇ ਦੇਸ 'ਚ ਨਫਰਤ ਵਧਣ ਲਈ ਮੌਜੂਦਾ ਬੇਇਨਸਾਫੀ ਨੂੰ ਜ਼ਿੰਮੇਵਾਰ ਠਹਿਰਾਇਆ। ਮੱਧ ਪ੍ਰਦੇਸ ਦੇ ਗਵਾਲੀਅਰ ਜ਼ਿਲ੍ਹੇ 'ਚ ਸਥਿਤ ਮੋਹਨਾ 'ਚ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਆਰਥਿਕ ਅਤੇ ਸਮਾਜਿਕ ਅਸਮਾਨਤਾ, ਕਿਸਾਨਾਂ ਅਤੇ ਨੌਜਵਾਨਾਂ ਨਾਲ ਦੁਰਵਿਵਹਾਰ ਨੂੰ ਮੁੱਖ ਚਿੰਤਾਵਾਂ ਵਜੋਂ ਨਿਸ਼ਾਨਬੱਧ ਕੀਤਾ। ਇੱਥੇ ਆਪਣੀ 'ਭਾਰਤ ਜੋੜੋ ਨਿਆਏ ਯਾਤਰਾ' ਦੌਰਾਨ ਰਾਹੁਲ ਗਾਂਧੀ ਨੇ ਵਸਤੂਆਂ ਅਤੇ ਸੇਵਾਵਾਂ ਟੈਕਸ () ਅਤੇ ਨੋਟਬੰਦੀ ਵਰਗੀਆਂ ਨੀਤੀਆਂ ਦੇ ਮਾੜੇ ਪ੍ਰਭਾਵਾਂ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਬੇਰੁਜਗਾਰੀ ਦਰ 'ਚ ਵਾਧੇ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦਾਅਵਾ ਕੀਤਾ ਕਿ ਬੇਰੁਜਗਾਰੀ ਦਰ 40 ਸਾਲਾਂ ਵਿਚ ਸਭ ਤੋਂ ਵੱਧ ਹੈ। ਰਾਹੁਲ ਨੇ ਦਾਅਵਾ ਕੀਤਾ ਕਿ ਅਤੇ ਨੋਟਬੰਦੀ ਕਾਰਨ ਬੇਰੁਜਗਾਰੀ ਬਹੁਤ ਵਧੀ ਹੈ। ਹੁਣ ਬੇਰੁਜਗਾਰੀ ਦੀ ਦਰ ਪਿਛਲੇ 40 ਸਾਲਾਂ ਵਿਚ ਸਭ ਤੋਂ ਵੱਧ ਹੈ। ਇਹ ਵੀ ਦਾਅਵਾ ਕੀਤਾ ਕਿ ਭਾਰਤ ਵਿਚ ਨੌਜਵਾਨਾਂ ਦੀ ਬੇਰੁਜਗਾਰੀ ਦਰ ਪਾਕਿਸਤਾਨ ਵਰਗੇ ਦੇਸਾਂ ਨਾਲੋਂ ਵੱਧ ਹੈ। ਉਨ੍ਹਾਂ ਇਸ ਲਈ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ, ਜਿਸ ਕਾਰਨ ਛੋਟੇ ਕਾਰੋਬਾਰਾਂ 'ਤੇ ਮਾੜਾ ਅਸਰ ਪਿਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਯਾਤਰਾ ਦੇ ਦੂਜੇ ਪੜਾਅ ਦੀ ਸੂਰੂਆਤ ਕਰਦੇ ਹੋਏ "ਇਨਸਾਫ" ਸਬਦ ਨੂੰ ਸਾਮਲ ਕੀਤਾ ਕਿਉਂਕਿ ਆਰਥਿਕ ਅਤੇ ਸਮਾਜਿਕ ਖੇਤਰਾਂ ਵਿੱਚ ਬੇਇਨਸਾਫੀ ਅਤੇ ਕਿਸਾਨਾਂ ਅਤੇ ਨੌਜਵਾਨਾਂ ਨਾਲ ਬੇਇਨਸਾਫੀ ਕਾਰਨ ਦੇਸ 'ਚ ਨਫਰਤ ਫੈਲ ਰਹੀ ਹੈ। ਉਨ੍ਹਾਂ ਨੇ 'ਅਗਨੀਪਥ' ਸਕੀਮ ਤਹਿਤ ਭਰਤੀ ਜਵਾਨਾਂ ਲਈ ਘੱਟ ਰਹੇ ਲਾਭਾਂ 'ਤੇ ਅਫਸੋਸ ਜਤਾਇਆ। ਇਨ੍ਹਾਂ ਬਾਰੇ ਗਾਂਧੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਦੇਣ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਜੇਕਰ 'ਅਗਨੀਵੀਰ' ਦੇਸ ਲਈ ਜਾਨਾਂ ਵਾਰ ਦੇਣ ਤਾਂ ਉਨ੍ਹਾਂ ਨੂੰ ਸਹੀਦ ਦਾ ਦਰਜਾ ਨਹੀਂ ਮਿਲੇਗਾ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਪੈਨਸਨ ਅਤੇ ਕੰਟੀਨ ਦੀ ਸਹੂਲਤ ਵੀ ਨਹੀਂ ਮਿਲੇਗੀ।



# ਭਾਰਤ 'ਚ ਆਪਣੀ ਨਿਵੇਸ਼ ਯੋਜਨਾ 'ਤੇ ਨਵੇਂ ਸਿਰੇ ਤੋਂ ਕੰਮ ਕਰ ਰਹੇ ਸਾਰੇ ਵੱਡੇ ਚਿਪ ਖਿਡਾਰੀ : ਵੈਸ਼ਣਵ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 5 ਮਾਰਚ। ਕੇਂਦਰੀ ਸੂਚਨਾ ਟੈਕਨਾਲੋਜੀ ਤੇ ਇਲੈਕ੍ਰਾਨਿਕਸ ਮੰਤਰੀ ਅਸ਼ਵਿਨੀ ਵੈਸ਼ਵਣ ਨੇ ਕਿਹਾ ਹੈ ਕਿ ਭਾਰਤ ਨੇ ਅਗਲੇ 5 ਸਾਲ 'ਚ ਕੌਮਾਂਤਰੀ ਸੈਮੀਕੰਡਕਟਰ ਖੇਤਰ 'ਚ ਇਕ ਮਜਬੂਤ ਤਾਕਤ ਬਣਨ ਅਤੇ ਤਾਈਵਾਨ ਅਤੇ ਦੱਖਣੀ ਕੋਰੀਆ ਵਰਗੇ ਜਾਣੀਆਂ-ਪਛਾਣੀਆਂ ਮੰਜ਼ਿਲਾਂ ਨੂੰ ਟੱਕਰ ਦੇਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਪੱਧਰੀ ਕੰਪਨੀਆਂ ਦੀ ਸੋਚ ਹੁਣ ਬਦਲ ਰਹੀ ਹੈ ਅਤੇ ਉਹ ਭਾਰਤ 'ਚ ਜਲਦ ਨਿਵੇਸ਼ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਵੈਸ਼ਣਵ ਨੇ ਇਕ ਇੰਟਰਵਿਊ 'ਚ ਕਿਹਾ ਕਿ ਉਨ੍ਹਾਂ ਦਾ ਮਜਬੂਤ ਰਾਏ ਹੈ ਕਿ ਅੱਜ ਹਰੇਕ ਵੱਡਾ ਸੈਮੀਕੰਡਕਟਰ ਖਿਡਾਰੀ ਆਪਣੀ ਨਿਵੇਸ਼ ਯੋਜਨਾ 'ਤੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਚਾਹੁੰਦਾ ਹੈ ਅਤੇ ਭਾਰਤ ਆਉਣਾ ਚਾਹੁੰਦਾ ਹੈ। "ਇਸ ਦਾ ਕਾਰਨ ਸਾਵਧਾਨੀ ਨਾਲ ਤਿਆਰ ਕੀਤੀਆਂ ਗਈਆਂ ਨੀਤੀਆਂ ਹਨ।" ਉਨ੍ਹਾਂ ਨੇ ਕਿਹਾ ਕਿ ਭਾਰਤ ਆਪਣੀ ਡਿਜਾਈਨ ਸਮਰੱਥਾ 'ਤੇ ਅੱਗੇ ਵਧੇਗਾ। ਇਸ ਖੇਤਰ 'ਚ ਦੇਸ਼ ਦੇ ਕੋਲ ਪਹਿਲਾਂ ਤੋਂ ਅੰਦਰੂਨੀ ਤੇ ਸਾਬਤ ਸਮਰੱਥਾ ਹੈ। ਖਾਸ ਤੌਰ 'ਤੇ ਵਿਸ਼ਵ ਪੱਧਰੀ ਪ੍ਰਤੀਭਾਵਾਂ ਦਾ ਲਗਭਗ ਇਕ ਤਿਹਾਈ ਹਿੱਸਾ ਭਾਰਤ 'ਚ ਹੈ। ਪ੍ਰਸਤਾਵਿਤ ਫੈਬ (ਚਿਪ ਫੈਬਰੀਕੇਸ਼ਨ ਪਲਾਂਟ) ਅਤੇ 3 ਏ. ਟੀ. ਐੱਮ. ਪੀ. (ਅਸੈਂਬਲੀ ਤੇ ਪ੍ਰੀਖਣ) ਇਕਾਈਆਂ ਦੇ ਨਾਲ ਭਾਰਤ ਕੋਲ ਹੁਣ ਸੈਮੀਕੰਡਕਟਰ ਮੁੱਲ ਲੜੀ ਦਾ ਇਕ ਮਹੱਤਵਪੂਰਨ ਹਿੱਸਾ ਹਨ। ਵੈਸ਼ਵਣ ਦਾ ਕਹਿਣਾ ਹੈ ਕਿ ਸੈਮੀਕੰਡਕਟਰ ਯੋਜਨਾਵਾਂ ਭਾਰਤ ਨੂੰ ਆਤਮਨਿਰਭਰ ਬਣਾਉਣਗੀਆਂ, ਅਰਥਵਿਵਸਥਾ ਤੇ ਵੱਖ-ਵੱਖ ਉਦਯੋਗਾਂ 'ਤੇ ਗੁਣਕ ਪ੍ਰਭਾਵ ਪਾਵੇਗੀ। ਰੋਜਗਾਰ ਪੈਦਾ ਕਰਨਗੀਆਂ ਅਤੇ ਰੋਜੀ-ਰੋਟੀ ਨੂੰ ਹੁਲਾਰਾ ਦੇਣਗੀਆਂ। ਹਾਲ ਹੀ 'ਚ ਕੀਤੇ ਗਏ ਐਲਾਨ ਅਨੁਸਾਰ ਟਾਟਾ ਇਲੈਕਟ੍ਰਾਨਿਕਸ ਪ੍ਰਾਈਵੇਟ ਲਿ. ਤਾਈਵਾਨ ਦੀ ਪਾਵਰਚਿਪ ਸੈਮੀਕੰਡਕਟਰ ਮੈਨੂਫੈਕਚਰਿੰਗ ਕਾਰਪ ਦੇ ਨਾਲ ਭਾਈਵਾਲੀ 'ਚ ਗੁਜਰਾਤ ਦੇ ਧੋਲੇਰਾ ਵਿਸ਼ੇਸ਼ ਉਦਯੋਗਿਕ ਖੇਤਰ 'ਚ ਸੈਮੀਕੰਡਕਟਰ ਫੈਬ ਦੀ ਸਥਾਪਨਾ ਕਰੇਗੀ। ਇਸ ਪਲਾਂਟ ਦੀ ਸਮਰੱਥਾ ਮਹੀਨਾਵਾਰ ਆਧਾਰ 'ਤੇ 50,000 'ਵੈਫਰਸ' ਬਣਾਉਣ ਦੀ ਹੋਵੇਗੀ। ਇਸ 'ਚ 91,000 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ। ਇਸ ਤੋਂ ਇਲਾਵਾ ਸਰਕਾਰ ਨੇ ਆਸਾਮ ਦੇ ਜਗੀਰੋਡ 'ਚ ਨਵੇਂ ਸੈਮੀਕੰਡਕਟਰ ਅਸੈਂਬਲੀ ਅਤੇ ਪ੍ਰੀਖਣ ਪਲਾਂਟ ਦੇ ਟਾਟਾ ਦੇ ਮਤੇ ਨੂੰ ਵੀ ਮਨਜੂਰੀ ਦੇ ਦਿੱਤੀ ਹੈ। ਇਹ ਸਹੂਲਤ 27,000 ਕਰੋੜ ਰੁਪਏ ਦੇ ਨਿਵੇਸ਼ ਨਾਲ ਸਥਾਪਿਤ ਕੀਤੀ ਜਾਵੇਗੀ। ਇਸ ਨਾਲ ਇਸ ਖੇਤਰ 'ਚ 27000 ਤੋਂ ਵੱਧ ਪ੍ਰਤੱਖ ਅਤੇ ਅਪ੍ਰਤੱਖ ਰੋਜਗਾਰ ਦੇ ਮੌਕੇ ਪੈਦਾ ਹੋਣ ਦੀ ਆਸ ਹੈ।



**ਹਿਮਾਚਲ ਪ੍ਰਦੇਸ: 6 ਅਯੋਗ ਵਿਧਾਇਕਾਂ ਨੇ ਖੜਕਾਇਆ ਸੁਪਰੀਮ ਕੋਰਟ ਦਾ ਦਰਵਾਜਾ**

ਨਵੀਂ ਦਿੱਲੀ/ਸ਼ਿਮਲਾ 5 ਮਾਰਚ। ਹਿਮਾਚਲ ਪ੍ਰਦੇਸ 'ਚ ਹਾਲ ਹੀ 'ਚ ਹੋਈਆਂ ਰਾਜ ਸਭਾ ਚੋਣਾਂ 'ਚ 'ਕਰਾਸ ਵੋਟਿੰਗ' ਤੋਂ ਬਾਅਦ ਅਯੋਗ ਕਰਾਰ ਦਿੱਤੇ ਗਏ 6 ਕਾਂਗਰਸੀ ਵਿਧਾਇਕਾਂ ਨੇ ਮੰਗਲਵਾਰ ਨੂੰ ਸੁਪਰੀਮ ਕੋਰਟ 'ਚ ਆਪਣੀ ਅਯੋਗਤਾ ਨੂੰ ਚੁਣੌਤੀ ਦਿੱਤੀ ਹੈ। ਸਾਬਕਾ ਵਿਧਾਇਕਾਂ ਨੇ ਸੂਬਾ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਦੇ 29 ਫਰਵਰੀ ਦੇ ਫੈਸਲੇ ਖਿਲਾਫ ਪਟੀਸਨ ਦਾਇਰ ਕੀਤੀ ਹੈ। ਰਾਜ ਸਭਾ ਚੋਣਾਂ 'ਚ ਭਾਜਪਾ ਦੇ ਉਮੀਦਵਾਰ ਦੇ ਹੱਕ 'ਚ ਵੋਟ ਪਾਉਣ ਵਾਲੇ ਇਨ੍ਹਾਂ ਬਾਗੀ ਕਾਂਗਰਸੀ ਵਿਧਾਇਕ ਬਾਅਦ 'ਚ ਪਾਰਟੀ ਵ੍ਹਿਪ ਦੀ ਉਲੰਘਣਾ ਕਰਦੇ ਹੋਏ ਬਜਟ 'ਤੇ ਵੋਟਿੰਗ ਤੋਂ ਗੈਰ-ਹਾਜਰ ਰਹੇ ਸਨ। ਸੱਤਾਧਾਰੀ ਕਾਂਗਰਸ ਨੇ ਇਸ ਆਧਾਰ 'ਤੇ ਉਨ੍ਹਾਂ ਨੂੰ ਅਯੋਗ ਠਹਿਰਾਉਣ ਦੀ ਮੰਗ ਕੀਤੀ ਸੀ। ਅਯੋਗ ਠਹਿਰਾਏ ਗਏ ਵਿਧਾਇਕਾਂ ਵਿਚ ਰਾਜਿੰਦਰ ਰਾਣਾ, ਸੁਧੀਰ ਸਰਮਾ, ਇੰਦਰ ਦੱਤ ਲਖਨਪਾਲ, ਦਵਿੰਦਰ ਕੁਮਾਰ ਭੁੱਟੂ, ਰਵੀ ਠਾਕੁਰ ਅਤੇ ਚੈਤੰਨਿਆ ਸਰਮਾ ਸਾਮਲ ਹਨ।

# ਕਿਸਾਨ ਅੰਦੋਲਨ 2.0: ਦਿੱਲੀ 'ਚ ਸ਼ਾਂਤਮਈ ਪ੍ਰਦਰਸ਼ਨ ਦੀ ਗੁਹਾਰ ਵਾਲੀ ਪਟੀਸ਼ਨ ਖਾਰਜ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 5 ਮਾਰਚ। ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਦਿੱਲੀ 'ਚ ਸ਼ਾਂਤਮਈ ਪ੍ਰਦਰਸ਼ਨ ਦੀ ਇਜਾਜਤ ਦੇਣ ਲਈ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇਣ ਦੀ ਗੁਹਾਰ ਵਾਲੀ ਇਕ ਪਟੀਸ਼ਨ ਸੋਮਵਾਰ ਨੂੰ ਖਾਰਜ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਬੰਧਤ ਹਾਈ ਕੋਰਟ ਨੂੰ ਇਸ ਮਾਮਲੇ ਦੀ ਜਾਣਕਾਰੀ ਹੈ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਕੇ. ਵੀ. ਵਿਸ਼ਵਨਾਥਨ ਦੀ ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਪਟੀਸਨਰ ਦੇ ਵਕੀਲ ਅਗਨੋਸਟੋ ਥੀਓਸ, ਮੈਨੇਜਿੰਗ ਡਾਇਰੈਕਟਰ, ਸਿੱਖ ਚੈਂਬਰ ਆਫ ਕਾਮਰਸ ਨੂੰ ਕਿਹਾ ਕਿ ਉਹ (ਪਟੀਸਨਰ) ਅਖਬਾਰਾਂ ਦੀਆਂ ਖਬਰਾਂ ਦੇ ਆਧਾਰ 'ਤੇ ਸਿਰਫ ਪ੍ਰਚਾਰ ਦੀ ਖਾਤਰ ਅਜਿਹੀ ਪਟੀਸਨ ਦਾਇਰ ਨਾ ਕਰਨ। ਬੈਂਚ ਨੇ ਵਕੀਲ ਨੂੰ ਕਿਹਾ ਸਾਵਧਾਨ ਰਹੋ। ਹਾਈ ਕੋਰਟ ਵੀ ਇਸ ਤਰ੍ਹਾਂ ਦੇ ਮੁੱਦੇ ਤੋਂ ਜਾਣੂ ਹੈ ਅਤੇ ਉਸ ਨੇ ਨਿਰਦੇਸ਼ ਦਿੱਤੇ ਹਨ। ਅਸੀਂ ਕਿਸੇ ਵੀ ਚੀਜ 'ਤੇ ਕੋਈ ਰੁਖ ਨਹੀਂ ਅਪਣਾ ਰਹੇ ਹਾਂ। ਇਹ ਜਟਿਲ ਮੁੱਦੇ ਹਨ, ਆਪਣਾ ਸੋਧ ਕਰੋ। ਸੁਪਰੀਮ ਕੋਰਟ ਵਲੋਂ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਮਗਰੋਂ ਪਟੀਸ਼ਨਕਰਤਾ ਦੇ ਵਕੀਲ ਨੇ ਪਟੀਸ਼ਨ ਵਾਪਸ ਲੈਣ ਨੂੰ ਤਰਜੀਹ ਦਿੱਤੀ। ਪਟੀਸਨ 'ਚ ਦਾਅਵਾ ਕੀਤਾ ਗਿਆ ਹੈ ਕਿ ਕਿਸਾਨਾਂ ਨੂੰ ਬਿਨਾਂ ਕਿਸੇ ਜਾਇਜ ਕਾਰਨ ਦੇ ਕੌਮੀ ਰਾਜਧਾਨੀ 'ਚ ਦਾਖਲ ਹੋਣ ਤੋਂ ਰੋਕਣਾ ਸੰਵਿਧਾਨ ਦੀ ਧਾਰਾ 19 (1) (ਡੀ) ਤਹਿਤ ਦਿੱਤੇ ਗਏ ਦੇਸ ਭਰ 'ਚ ਆਜਾਦ ਰੂਪ ਨਾਲ ਯਾਤਰਾ ਕਰਨ ਦੇ ਉਨ੍ਹਾਂ ਦੇ ਅਧਿਕਾਰ ਦੀ ਉਲੰਘਣਾ ਹੈ। ਪਟੀਸਨਕਰਤਾ ਨੇ ਫਰਵਰੀ 'ਚ ਦਾਇਰ ਆਪਣੀ ਪਟੀਸਨ 'ਚ ਕੇਂਦਰ ਸਰਕਾਰ ਤੋਂ ਇਲਾਵਾ ਹਰਿਆਣਾ, ਮੱਧ ਪ੍ਰਦੇਸ, ਉੱਤਰ ਪ੍ਰਦੇਸ, ਪੰਜਾਬ ਅਤੇ ਦਿੱਲੀ ਸਰਕਾਰ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸਨ ਨੂੰ ਧਿਰ ਬਣਾਇਆ ਸੀ। ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਸੂਬਾ ਸਰਕਾਰਾਂ ਨੇ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਕਿਸਾਨਾਂ ਖਿਲਾਫ ਅੱਥਰੂ ਗੈਰ, ਰਬੜ ਦੀਆਂ ਗੋਲੀਆਂ ਆਦਿ ਦੀ ਵਰਤੋਂ ਵਰਗੇ ਹਮਲਾਵਰ ਅਤੇ ਹਿੰਸਕ ਕਦਮ ਚੁੱਕੇ, ਜਿਸ ਕਾਰਨ ਕਿਸਾਨਾਂ ਨੂੰ ਗੰਭੀਰ ਸੱਟਾਂ ਲੱਗੀਆਂ। ਪਟੀਸਨ 'ਚ ਦਾਅਵਾ ਕੀਤਾ ਗਿਆ ਹੈ ਕਿ ਰਾਸਟਰੀ ਰਾਜਧਾਨੀ ਦੀਆਂ ਸਰਹੱਦਾਂ 'ਤੇ ਕਿਲਾਬੰਦੀ ਕਰ ਕੇ ਆਪਣੇ ਹੀ ਸਾਂਤਮਈ ਨਾਗਰਿਕਾਂ ਵਿਰੁੱਧ ਦੁਸ਼ਮਣੀ ਅਤੇ ਹਿੰਸਕ ਸਥਿਤੀ ਪੈਦਾ ਕੀਤੀ ਗਈ ਹੈ। ਸੂਬਾ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਆਪਣੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕਰਨ ਦੀ ਇਜਾਜਤ ਨਾ ਦੇ ਕੇ ਕੀਤੀ ਗਈ ਕਾਰਵਾਈ ਨੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਹਿੰਸਾ ਨੂੰ ਜਨਮ ਦਿੱਤਾ ਹੈ। ਇਹ ਵੀ ਦੋਸ ਲਾਇਆ ਕਿ ਸਾਂਤਮਈ ਕਿਸਾਨਾਂ ਨੂੰ ਉਨ੍ਹਾਂ ਦੇ ਜਮਹੂਰੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਨ ਲਈ ਆਪਣੀ ਹੀ ਸਰਕਾਰ ਵਲੋਂ ਅੱਤਵਾਦੀਆਂ ਵਰਗੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਪਟੀਸ਼ਨ ਵਿਚ ਕਿਹਾ ਗਿਆ ਕਿ ਕਿਸਾਨਾਂ ਨੇ 13 ਫਰਵਰੀ ਨੂੰ 'ਦਿੱਲੀ ਚਲੋ' ਅੰਦੋਲਨ ਤਹਿਤ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਆਪਣੀ ਮੰਗ ਨੂੰ ਲੈ ਕੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕੀਤਾ।





# ਖੁਦ ਨੂੰ ਵਿਜੀਲੈਂਸ ਅਧਿਕਾਰੀ ਦੱਸ ਕੇ ਕਿਸਾਨ ਨਾਲ ਧੋਖਾਧੜੀ ਕਰਨ ਵਾਲਾ ਵਿਜੀਲੈਂਸ ਬਿਊਰੋ ਨੇ ਸਾਥੀਆਂ ਸਣੇ ਕੀਤਾ ਕਾਬੂ

ਚੰਡੀਗੜ੍ਹ 5 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਕਸਬਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਪਿੰਦਰ ਸੋਢੀ ਨੂੰ ਆਪਣੇ ਆਪ ਨੂੰ ਵਿਜੀਲੈਂਸ ਮੁਲਾਜਮ ਦੱਸ ਕੇ ਇਕ ਕਿਸਾਨ ਨਾਲ ਧੋਖਾਧੜੀ ਕਰਨ ਦੇ ਮਾਮਲੇ



'ਚ ਸਾਥੀਆਂ ਸਣੇ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਸ?ਿਕਾਇਤਕਰਤਾ ਪਲਵਿੰਦਰ ਸਿੰਘ ਵਾਸੀ ਪਿੰਡ ਭੈਣੀ ਸਾਲੂ, ਥਾਣਾ ਕੂੰਮ ਕਲਾਂ, ਜ?ਿਲ੍ਹਾ ਲੁਧਿਆਣਾ ਵੱਲੋਂ ਦਰਜ ਕਰਵਾਇਆ ਗਿਆ ਸੀ। ਸ?ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਆਪਣੀ ਜੱਦੀ ਜਮੀਨ ਵਿੱਚੋਂ 18 ਏਕੜ ਜਮੀਨ ਵੇਚ ਦਿੱਤੀ ਸੀ। ਇਸ ਉਪਰੰਤ ਉਸ ਨੂੰ ਪੰਚਾਇਤੀ ਜਮੀਨ ਵੇਚਣ ਸਬੰਧੀ ਇੱਕ ਨੋਟਿਸ ਮਿਲਿਆ, ਜਿਸ ਤੋਂ ਬਾਅਦ 12 ਅਗਸਤ 2023 ਨੂੰ ਤਿੰਨ ਅਣਪਛਾਤੇ ਵਿਅਕਤੀ ਉਸ ਦੇ ਘਰ ਆਏ ਜਿਨ੍ਹਾਂ ਨੇ ਆਪਣੇ-ਆਪ ਨੂੰ ਵਿਜੀਲੈਂਸ ਵਿਭਾਗ, ਸੈਕਟਰ-17 ਚੰਡੀਗੜ੍ਹ ਦਫਤਰ ਦੇ ਕਰਮਚਾਰੀ ਦੱਸਿਆ। ਸ?ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਪੰਚਾਇਤੀ ਜਮੀਨ ਵੇਚਣ ਦੇ ਮਾਮਲੇ ਨੂੰ ਸੁਲਝਾਉਣ ਲਈ ਉਕਤ ਵਿਅਕਤੀਆਂ ਨੇ ਚੰਡੀਗੜ੍ਹ ਦਫਤਰ ਵਿਖੇ ਜਾਂਚ ਲੰਬਿਤ ਹੋਣ ਦਾ ਦਾਅਵਾ ਕਰਦਿਆਂ ਉਸ ਤੋਂ 50 ਲੱਖ ਰੁਪਏ ਦੀ ਮੰਗ ਕੀਤੀ ਅਤੇ ਪੈਸੇ ਨਾ ਦੇਣ ਦੀ ਸੂਰਤ ਵਿੱਚ ਉਸ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਧਮਕੀ ਤੋਂ ਡਰਦਿਆਂ ਸ?ਿਕਾਇਤਕਰਤਾ 25 ਲੱਖ ਰੁਪਏ ਦੇਣ ਲਈ ਰਾਜੀ ਹੋ ਗਿਆ ਅਤੇ ਉਕਤ ਮੁਲਜਮਾਂ ਨੇ ਉਸ ਨੂੰ 15 ਲੱਖ ਅਤੇ 10 ਲੱਖ ਰੁਪਏ ਦੇ ਦੋ ਚੈੱਕਾਂ 'ਤੇ ਦਸਤਖਤ ਕਰਨ ਲਈ ਰਾਜੀ ਕਰ ਲਿਆ ਅਤੇ 25 ਲੱਖ ਰੁਪਏ ਨਕਦ ਮਿਲਣ 'ਤੇ ਦੋਵੇਂ ਚੈੱਕ ਵਾਪਸ ਕਰਨ ਦੀ ਗਰੰਟੀ ਦਿੱਤੀ। ਉਸ ਨੇ ਅੱਗੇ ਦੱਸਿਆ ਕਿ ਮੁਲਜਮਾਂ ਵਿੱਚੋਂ ਇੱਕ ਵਿਅਕਤੀ ਉਸ ਦੀ ਜੇਬ ਵਿੱਚੋਂ 27 ਹਜਾਰ ਰੁਪਏ ਵੀ ਕੱਢ ਕੇ ਲੈ ਗਿਆ ਅਤੇ ਉਸ ਦਾ ਫੋਨ ਨੰਬਰ ਲੈ ਕੇ ਚਲੇ ਗਏ। ਬੁਲਾਰੇ ਨੇ ਦੱਸਿਆ ਕਿ ਇਸ ਉਪਰੰਤ ਸ?ਿਕਾਇਤਕਰਤਾ ਨੂੰ ਉਸਦੇ ਵਟਸਐਪ 'ਤੇ ਧਮਕੀ ਭਰੀ ਕਾਲ ਆਈ ਕਿ ਜੇਕਰ ਉਹ ਵਾਅਦੇ ਮੁਤਾਬਿਕ ਨਕਦ 25 ਲੱਖ ਰੁਪਏ ਨਹੀਂ ਦਿੰਦਾ ਤਾਂ ਉਸਦੇ ਖਿਲਾਫ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇਗਾ। ਇਸ ਸਬੰਧੀ ਮਿਤੀ 28.8.2023 ਨੂੰ ਐੱਫ.ਆਈ.ਆਰ. ਨੰਬਰ 20 ਤਹਿਤ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ.ਪੀ.ਸੀ. ਦੀ 384, 120-ਬੀ ਅਧੀਨ ਪਿੰਡ ਭੈਣੀ ਸਾਲੂ ਨਿਵਾਸੀ ਮਨਜੀਤ ਸਿੰਘ ਅਤੇ ਚਾਰ ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਮੁਲਜਮ ਮਨਜੀਤ ਸਿੰਘ ਅਤੇ ਪਰਮਜੀਤ ਸਿੰਘ ਵਾਸੀ ਪਿੰਡ ਮਹੋਲੋਂ, ਤਹਿਸੀਲ ਸਮਰਾਲਾ ਅਤੇ ਪਰਮਿੰਦਰ ਸਿੰਘ ਵਾਸੀ ਅਕਾਲ ਕਲੋਨੀ, ਹੁਸ਼ਿਆਰਪੁਰ ਸ਼ਹਿਰ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਪਰ ਮੁੱਖ ਮੁਲਜਮ ਪਿੰਦਰ ਸੋਢੀ ਅਤੇ ਹਰਦੀਪ ਸਿੰਘ ਵਾਸੀ ਖਮਾਣੋਂ ਕਸਬਾ ਫਰਾਰ ਸਨ ਅਤੇ ਉਨ੍ਹਾਂ ਨੂੰ ਇਸ ਸਾਲ ਜਨਵਰੀ ਵਿੱਚ ਅਦਾਲਤ ਵੱਲੋਂ ਪੀ.ਓ. (ਭਗੌੜੇ ਮੁਜਰਮ) ਐਲਾਨ ਕਰ ਦਿੱਤਾ ਗਿਆ ਸੀ। ਬੁਲਾਰੇ ਨੇ ਦੱਸਿਆ ਕਿ ਮੁੱਖ ਦੋਸ਼ੀ ਪਿੰਦਰ ਸੋਢੀ ਨੂੰ ਬਿਊਰੋ ਦੇ ਮੁਲਾਜਮਾਂ ਨੇ ਬੜੀ ਮੁਸ਼ਤੈਦੀ ਨਾਲ ਸੈਕਟਰ 32, ਬੀ.ਸੀ.ਐੱਮ. ਸਕੂਲ ਨੇੜੇ, ਚੰਡੀਗੜ੍ਹ ਰੋਡ, ਲੁਧਿਆਣਾ ਦੇ ਇੱਕ ਪਾਰਕ ਨੇੜਿਓਂ ਉਸ ਸਮੇਂ ਗ੍ਰਿਫਤਾਰ ਕੀਤਾ ਜਦੋਂ ਉਹ ਆਪਣੀ ਮਾਰੂਤੀ ਸਵਿਫਟ ਕਾਰ ਪੀ.ਬੀ.-07 ਸੀ.ਡੀ. -2603 ਵਿੱਚ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜਮ ਦੀ ਉਕਤ ਕਾਰ ਦੀ ਤਲਾਸ਼ੀ ਦੌਰਾਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਕਈ ਲੋਗੋ, ਤਿੰਨ ਮੋਬਾਇਲ ਫੋਨ, ਯੂ.ਏ.ਈ. ਦੇਸ਼ ਦਾ ਡਰਾਈਵਿੰਗ ਲਾਇਸੰਸ, ਭਾਰਤੀ ਕਰੰਸੀ ਸਮੇਤ 305 ਦਿਰਹਮ ਦੇ ਕਰੰਸੀ ਨੋਟ ਬਰਾਮਦ ਹੋਏ ਹਨ।

## ਇੰਸਟੀਚਿਊਟ 'ਚ ਕਸ਼ਮੀਰੀ ਤੇ ਪੰਜਾਬੀ ਵਿਦਿਆਰਥੀਆਂ ਦੇ 2 ਗਰੁੱਪਾਂ 'ਚ ਟਕਰਾਅ

ਜਲੰਧਰ 5 ਮਾਰਚ। ਥਾਣਾ ਸਦਰ ਜਮਸ਼ੇਰ ਅਧੀਨ ਪੈਂਦੇ ਇਲਾਕੇ 66 ਫੁੱਟੀ ਰੋਡ 'ਤੇ ਸਥਿਤ ਇਕ ਇੰਸਟੀਚਿਊਟ ਵਿਚ ਵਿਦਿਆਰਥੀਆਂ ਦੇ 2 ਗਰੁੱਪਾਂ ਵਿਚ ਜੰਮ ਕੇ ਟਕਰਾਅ ਹੋਇਆ, ਜਿਸ ਨਾਲ ਕਾਲਜ ਵਿਚ ਸਥਿਤੀ ਤਣਾਅਪੂਰਨ ਬਣ ਗਈ ਅਤੇ ਇਸ ਸਬੰਧੀ ਸੂਚਨਾ ਮਿਲਦੇ ਹੀ ਥਾਣਾ ਸਦਰ ਅਤੇ ਫਤਿਹਪੁਰ ਚੌਂਕੀ ਦੀ ਪੁਲਸ ਪਹੁੰਚੀ। ਉਥੇ ਵਿਗੜੇ ਹੋਏ ਮਾਹੌਲ ਨੂੰ ਸ਼ਾਂਤ ਕਰਨ ਦੀ ਪੁਲਸ ਨੇ ਕਾਫੀ ਕੋਸ਼ਿਸ਼ ਕੀਤੀ ਪਰ ਕਸ਼ਮੀਰੀ ਅਤੇ ਪੰਜਾਬੀ ਵਿਦਿਆਰਥੀਆਂ ਵੱਲੋਂ ਇਕ-ਦੂਜੇ 'ਤੇ ਲਾਏ ਜਾ ਰਹੇ ਦੋਸ਼ਾਂ ਨੂੰ ਲੈ ਕੇ ਪੁਲਸ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ। ਪੁਲਸ ਵੱਲੋਂ ਇਸ ਸਬੰਧ ਵਿਚ ਕੋਈ ਕਾਨੂੰਨੀ ਕਾਰਵਾਈ ਨਾ ਕੀਤੇ ਜਾਣ ਕਾਰਨ ਵਿਦਿਆਰਥੀਆਂ ਦਾ ਗੁੱਸਾ ਹੋਰ ਵਧ ਗਿਆ। ਕਾਲਜ ਦੀ ਮੈਨੇਜਮੈਂਟ ਵੱਲੋਂ ਵੀ ਇਸ ਮਾਮਲੇ ਨੂੰ ਕਾਨੂੰਨੀ ਦਾਇਰੇ ਤੋਂ ਦੂਰ ਰੱਖਣ ਲਈ ਵਿਦਿਆਰਥੀਆਂ ਦੇ ਦੋਵਾਂ ਗਰੁੱਪਾਂ ਵਿਚ ਰਾਜੀਨਾਮਾ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਮਾਹੌਲ ਸ਼ਾਂਤਮਈ ਹੋਣ ਦੀ ਬਜਾਏ ਲਗਾਤਾਰ ਵਿਗੜਦਾ ਗਿਆ। ਦੇਰ ਸ਼ਾਮ ਡੀ. ਸੀ. ਪੀ. ਲਾਅ ਐਂਡ ਆਰਡਰ ਡਾ. ਅੰਕੁਰ ਗੁਪਤਾ ਨੇ ਇਸ ਸਬੰਧ ਵਿਚ ਮੀਡੀਆ ਨੂੰ ਦੱਸਿਆ ਕਿ ਕਿਸੇ ਗੱਲ ਨੂੰ ਲੈ ਕੇ ਇੰਸਟੀਚਿਊਟ ਵਿਚ ਵਿਦਿਆਰਥੀਆਂ ਦੇ 2 ਗਰੁੱਪਾਂ ਵਿਚ ਝਗੜਾ ਹੋਇਆ ਸੀ, ਜਿਸ ਨੂੰ ਲੈ ਕੇ ਦੋਵਾਂ ਗਰੁੱਪਾਂ ਨੂੰ ਆਪਸ ਵਿਚ ਬਿਠਾ ਕੇ ਕਾਲਜ ਦੀ ਮੈਨੇਜਮੈਂਟ, ਪੁਲਸ ਅਤੇ ਐਡਮਨਿਸਟ੍ਰੇਸ਼ਨ ਵੱਲੋਂ ਮਾਮਲੇ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧਾਂ ਵਚ ਐਡਮਨਿਸਟ੍ਰੇਸ਼ਨ ਨੇ ਇਕ ਕਮੇਟੀ ਵੀ ਬਣਾ ਦਿੱਤੀ ਹੈ, ਜਿਹੜੀ ਕਿ ਪੂਰੇ ਮਾਮਲੇ ਦੀ ਜਾਂਚ ਕਰੇਗੀ। ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਨੂੰ ਵੀ ਘੋਖਿਆ ਜਾ ਰਿਹਾ ਹੈ, ਉਸ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

## ਜੀਂਦ ਜ਼ਿਲ੍ਹਾ ਜੇਲ੍ਹ 'ਚ ਤਲਾਸ਼ੀ ਮੁਹਿੰਮ ਦੌਰਾਨ ਮੋਬਾਇਲ, ਨਸ਼ੀਲੇ ਪਦਾਰਥ ਅਤੇ ਬਲੇਡ ਮਿਲੇ

ਜੀਂਦ 5 ਮਾਰਚ। ਹਰਿਆਣਾ ਦੀ ਜੀਂਦ ਜ਼ਿਲ੍ਹਾ ਜੇਲ੍ਹ 'ਚ ਤਲਾਸ਼ੀ ਮੁਹਿੰਮ ਦੌਰਾਨ ਚਾਰ ਮੋਬਾਇਲ, ਕਈ ਬਲੇਡ, ਨਸ਼ੀਲੇ ਪਦਾਰਥ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਇਕ ਰਿਹਾਇਸ਼ੀ ਕਾਲੋਨੀ ਵਲੋਂ ਜੇਲ੍ਹ 'ਚ ਕੁਝ ਸਾਮਾਨ ਸੁੱਟੇ ਜਾਣ ਦੀ ਸੂਚਨਾ ਮਿਲਣ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਕੈਂਟੀਨ ਦੀ ਕੰਧ ਕੋਲ ਇਕ ਪੈਕੇਟ ਮਿਲਿਆ, ਜਿਸ 'ਚ ਵੱਖ-ਵੱਖ ਕੰਪਨੀਆਂ ਦੇ ਤਿੰਨ ਮੋਬਾਇਲ ਫੋਨ, ਇਕ ਬੈਟਰੀ, ਈਅਰ ਫੋਨ ਲੀਡ, ਡਾਟਾ ਕੇਬਲ, 45 ਗ੍ਰਾਮ ਗਾਂਜਾ ਪੱਤੀ, 45 ਗ੍ਰਾਮ ਚਰਸ, 5 ਸਰਜੀਕਲ ਬਲੇਡ ਅਤੇ 5 ਬਲੇਡ ਮਿਲੇ। ਉਸ ਅਨੁਸਾਰ ਇਸੇ ਜਗ੍ਹਾ 'ਤੇ ਰਾਮਪਾਲ, ਵਿਕਾਸ, ਪ੍ਰਦੀਪ ਅਤੇ ਵਿਕਾਸ ਨਾਮੀ ਚਾਰ ਕੈਦੀਆਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ ਗਈ। ਚਾਰਾਂ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਦੇ ਕਹਿਣ 'ਤੇ ਸ਼ੀਤਲਪੁਰੀ ਕਾਲੋਨੀ ਦੇ ਮਨਜੀਤ ਨੇ ਜੇਲ੍ਹ 'ਚ ਇਹ ਸਾਮਾਨ ਸੁੱਟਿਆ ਸੀ। ਪੁਲਸ ਅਨੁਸਾਰ, ਜਦੋਂ ਇਨ੍ਹਾਂ ਕੈਦੀਆਂ ਦੀ ਤਲਾਸ਼ੀ ਲਈ ਗਈ ਤਾਂ ਰਾਮਪਾਲ ਕੋਲੋਂ ਸਿਮ ਅਤੇ ਵਿਕਾਸ ਕੋਲੋਂ ਮੋਬਾਇਲ ਬਰਾਮਦ ਹੋਇਆ। ਜੇਲ੍ਹ ਅਧਿਕਾਰੀਆਂ ਨੇ ਬਰਾਮਦ ਸਾਮਾਨ ਜਬਤ ਕਰ ਲਿਆ ਹੈ। ਸਿਵਲ ਲਾਈਨ ਥਾਣੇ ਦੇ ਜਾਂਚ ਅਧਿਕਾਰੀ ਰਵਿੰਦਰ ਨੇ ਦੱਸਿਆ ਕਿ ਜੇਲ੍ਹ ਡਿਪਟੀ ਸੁਪਰਡੈਂਟ ਸੁਰੇਂਦਰ ਸਿੰਘ ਦੀ ਸ਼ਿਕਾਇਤ 'ਤੇ ਕੈਦੀ ਰਾਮਪਾਲ, ਵਿਕਾਸ, ਅਤੇ ਸਾਮਾਨ ਸੁੱਟਣ ਵਾਲੇ ਮਨਜੀਤ ਖ?ਿਲਾਫ ਸੰਬੰਧਤ ਕਾਨੂੰਨਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

## ਏਅਰ ਟ੍ਰੈਫਿਕ ਕੰਟਰੋਲਰਾਂ ਅਤੇ ਹੋਰ ਕਰਮਚਾਰੀਆਂ ਦੇ ਸਾਹ ਦੀ ਜਾਂਚ ਦੇ ਮਿਆਰਾਂ 'ਚ ਸਖਤੀ

ਨਵੀਂ ਦਿੱਲੀ 5 ਮਾਰਚ। ਹਵਾਬਾਜੀ ਰੈਗੂਲੇਟਰੀ ਡੀ. ਜੀ. ਸੀ. ਏ. ਨੇ ਹਵਾਈ ਅੱਡੇ 'ਤੇ ਕੰਮ ਕਰਨ ਵਾਲੇ ਏਅਰ ਟ੍ਰੈਫਿਕ ਕੰਟਰੋਲਰਾਂ, ਏਅਰਕ੍ਰਾਫਟ ਮੇਨਟੀਨੈਂਸ ਇੰਜੀਨੀਅਰਾਂ ਅਤੇ ਸੰਵੇਦਨਸੀਲ ਕੰਮਾਂ 'ਚ ਸਾਮਲ ਸਟਾਫ ਦੇ ਇਕ-ਚੌਥਾਈ ਲੋਕਾਂ ਦਾ ਰੋਜਾਨਾ ਸਾਹ ਵਿਸਲੇਸਣ (ਬ੍ਰੈਥ ਐਨਾਲਾਈਜਰ) ਟੈਸਟਿੰਗ ਨੂੰ ਲਾਜਮੀ ਕਰ ਦਿੱਤਾ ਹੈ। ਡੀ. ਜੀ. ਸੀ. ਏ. ਨੇ ਕਿਹਾ ਕਿ ਸਾਹ



ਵਿਸਲੇਸਣ ਟੈਸਟ ਨਾਲ ਸਬੰਧਤ ਸੋਧਿਤ ਨਾਗਰਿਕ ਹਵਾਬਾਜੀ ਪ੍ਰਬੰਧ (ਸੀ. ਏ. ਆਰ.) 3 ਮਹੀਨਿਆਂ ਬਾਅਦ ਲਾਗੂ ਹੋ ਜਾਣਗੇ। ਫਿਲਹਾਲ ਏਅਰਪੋਰਟ 'ਤੇ ਤਾਇਨਾਤ 10 ਫੀਸਦੀ ਕਰਮਚਾਰੀਆਂ ਦਾ ਹੀ ਸਾਹ ਟੈਸਟ ਕਰਵਾਉਣਾ ਲਾਜਮੀ ਹੈ ਪਰ ਸੋਧਿਤ ਮਾਪਦੰਡਾਂ 'ਚ ਇਸ ਨੂੰ ਵਧਾ ਕੇ 25 ਫੀਸਦੀ ਕਰ ਦਿੱਤਾ ਗਿਆ ਹੈ। ਇਹ ਨਿਯਮ ਏਅਰ ਟਰੈਫਿਕ ਕੰਟਰੋਲਰ, ਗਰਾਊਂਡ ਸਟਾਫ, ਏਅਰਕ੍ਰਾਫਟ ਮੇਨਟੀਨੈਂਸ ਇੰਜੀਨੀਅਰਾਂ ਅਤੇ ਗਰਾਊਂਡ ਹੈਂਡਲਿੰਗ ਸਰਵਿਸ ਕਰਮਚਾਰੀਆਂ 'ਤੇ ਲਾਗੂ ਹੋਵੇਗਾ। ਇਸ ਨਾਲ ਸਰਾਬ ਦੇ ਸੇਵਨ ਦਾ ਪਤਾ ਲਾਉਣ 'ਚ ਸਖਤੀ ਵਰਤੀ ਜਾਵੇਗੀ। ਡੀ. ਜੀ. ਸੀ. ਏ. ਨੇ ਕਿਹਾ ਕਿ ਇਸ ਸੋਧ ਨਾਲ ਸੁਰੱਖਿਆ ਦਾ ਪੱਧਰ ਵਧੇਗਾ।

## ਨਾਕਾਬੰਦੀ ਦੌਰਾਨ ਦੋ ਕਾਰਾਂ 'ਚੋਂ ਬਰਾਮਦ ਕੀਤੀਆਂ ਨਾਜਾਇਜ ਸ਼ਰਾਬ ਦੀਆਂ 62 ਪੇਟੀਆਂ, 4 ਗ੍ਰਿਫਤਾਰ

ਗੁਰਦਾਸਪੁਰ 5 ਮਾਰਚ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨਾਕਾਬੰਦੀ ਦੌਰਾਨ 2 ਕਾਰਾਂ ਦੀ ਤਲਾਸ਼ੀ ਦੌਰਾਨ ਨਾਜਾਇਜ ਸ਼ਰਾਬ ਦੀਆਂ 62 ਪੇਟੀਆਂ ਬਰਾਮਦ ਕਰਕੇ 4 ਕਾਰ ਸਵਾਰਾਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ ਨੇ ਦੱਸਿਆ ਕਿ ਏ. ਐੱਸ. ਆਈ ਸੋਹਨ ਲਾਲ ਸਮੇਤ ਪੁਲਸ ਪਾਰਟੀ ਨਾਕਾ ਬੱਬਰੀ ਬਾਈਪਾਸ ਵਿਖੇ ਨਾਕਾਬੰਦੀ ਕਰਕੇ ਵਹੀਕਲਾ ਦੀ ਚੈਕਿੰਗ ਕਰ ਰਹੇ ਸੀ । ਇਸੇ ਦੌਰਾਨ ਬਟਾਲਾ ਸਾਇਡ ਤੋਂ ਕਾਰ ਨੰਬਰ ਪੀਬੀ35-ਜੀ-5680 ਅਤੇ



ਉਸਦੇ ਪਿੱਛੇ ਕਾਰ ਨੰਬਰ ਪੀਬੀ06-ਵਾਈ-9589 ਆਈਆਂ ਜਿੰਨਾ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ। ਕਾਰ ਨੰਬਰ ਪੀਬੀ35-ਜੀ-5680 ਨੂੰ ਦੀਪਕ ਸਿੰਘ ਉਰਫ ਦੀਪੂ ਚਲਾ ਰਿਹਾ ਸੀ ਅਤੇ ਨਾਲ ਦੀ ਸੀਟ 'ਤੇ ਰੱਜਤ ਗੰਗੂ ਬੈਠਾ ਸੀ ਜਿਨਾਂ ਨੂੰ ਕਾਰ ਵਿਚੋਂ ਉਤਾਰ ਕੇ ਕਾਰ ਦੀ ਤਲਾਸ਼ੀ ਲਈ ਗਈ ਜਿਸ ਦੌਰਾਨ ਕਾਰ 'ਚੋਂ ਨਾਜਾਇਜ ਸ਼ਰਾਬ ਦੀਆਂ 54 ਪੇਟੀਆ ਬਰਾਮਦ ਹੋਈਆਂ। ਉਪਰੰਤ ਕਾਰ ਨੰਬਰ ਪੀਬੀ06-ਵਾਈ-9589 ਜਿਸ ਨੂੰ ਸਰਬਜੀਤ ਸਿੰਘ ਉਰਫ ਸਾਬਾ ਚਲਾ ਰਿਹਾ ਸੀ ਅਤੇ ਨਾਲ ਵਾਲੀ ਸੀਟ ਤੇ ਸੁਖਵਿੰਦਰ ਸਿੰਘ ਉਰਫ ਬਬਲੂ ਬੈਠਾ ਸੀ, ਇਸ ਕਾਰ ਦੀ ਤਲਾਸ਼ੀ ਕਰਨ 'ਤੇ ਕਾਰ ਵਿਚੋਂ ਨਾਜਾਇਜ ਸ਼ਰਾਬ ਦੀਆਂ 8 ਪੇਟੀਆਂ ਬਰਾਮਦ ਹੋਈਆਂ।

# ਬਾਰੀਸ਼ ਤੇ ਝੱਖੜ ਨੇ ਕਿਸਾਨਾਂ ਦੇ ਮੱਥੇ ਤੇ ਲਿਆਂਦੀਆਂ ਮੁੜ ਪ੍ਰੇਸਾਨੀ ਦੀਆਂ ਲਕੀਰਾਂ

ਦੀਨਾਨਗਰ 5 ਮਾਰਚ। ਜਿੱਥੇ ਇੱਕ ਪਾਸੇ ਪਹਿਲਾਂ ਹੀ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਖ?ਿਲਾਫ ਆਪਣਾ ਸੰਘਰਸ ਆਰੰਭਿਆ ਹੋਇਆ ਹੈ, ਉੱਥੇ ਅੱਜ ਬੇਮੌਸਮੀ ਬਾਰਿਸ ਕਾਰਨ ਅਤੇ ਹਨ੍ਹੇਰੀ ਕਾਰਨ ਕਿਸਾਨਾਂ ਦੇ ਮੱਥੇ 'ਤੇ ਮੁੜ ਪ੍ਰੇਸਾਨੀ ਦੀਆਂ ਲਕੀਰਾਂ ਆਉਣੀਆਂ ਸੁਰੂ ਹੋ ਗਈਆਂ ਹਨ। ਬਾਰੀਸ਼ ਕਾਰਨ ਕਿਸਾਨ ਨੂੰ ਫਿਰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਮੌਸਮ ਵਿਭਾਗ ਵੱਲੋਂ ਅਗਲੇ 1-2 ਦਿਨ ਬਾਰਿਸ ਅਤੇ ਲਗਾਤਾਰ ਤੇਜ ਹਵਾਵਾਂ ਚੱਲਣ ਦੀ ਭਵਿੱਖਬਾਣੀ ਕੀਤੀ ਹੋਈ ਹੈ ਪਰ ਜੇਕਰ ਬਾਰਿਸ ਤੇ ਤੇਜ ਹਵਾਵਾਂ ਲਗਾਤਾਰ ਜਾਰੀ ਰਹਿੰਦੀਆਂ ਹਨ ਤਾਂ ਕਿਸਾਨ ਦੀ ਕਣਕ ਦੀ ਫਸਲ ਦੇ ਝਾੜ 'ਤੇ ਬੜਾ ਭਾਰੀ ਅਸਰ ਵੇਖਣ ਨੂੰ ਮਿਲ ਸਕਦਾ ਹੈ। ਸਵੇਰੇ ਤੜਕਸਾਰ ਤੋਂ ਬੇਮੌਸਮੀ ਸੁਰੂ ਹੋਈ ਬਾਰਿਸ਼ ਅਤੇ ਤੇਜ ਹਵਾਵਾਂ ਕਾਰਨ ਲਗਭਗ ਕਣਕ ਦੀ ਫਸਲ ਕੁੱਝ ਖੇਤਾਂ ਵਿਚ ਜਮੀਨ 'ਤੇ ਵਿੱਛ ਗਈ ਹੈ ਜਿਸ ਦਾ ਸਿੱਧਾ ਅਸਰ ਕਣਕ ਦੇ ਝਾਅ 'ਤੇ ਪਵੇਗਾ। ਇਸ ਸੰਬੰਧੀ ਗੱਲਬਾਤ ਕਰਦੇ ਮੌਕੇ ਕਿਸਾਨ ਕੁਲਵਿੰਦਰ ਸਿੰਘ ਬਰਿਆਰ, ਬਖਸ਼ੀਸ ਸਿੰਘ ਕੌਹਲੀਆ, ਗੁਰਮੇਜ ਸਿੰਘ ਭਰਥ, ਹਰਦੇਵ ਸਿੰਘ, ਪਵਨ ਕੁਮਾਰ ਮਰਾੜਾ, ਹਰਦੇਵ ਸਿੰਘ ਮੁੰਨਣਾਵਾਲੀ, ਮੰਗਲ ਸਿੰਘ ਸ਼ੇਖਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਜੇਕਰ ਤਾਂ ਹਲਕੀ ਬਾਰਿਸ ਹੁੰਦੀ ਹੈ ਤਾਂ ਕਣਕ ਦੀ ਫਸਲ ਲਈ ਘਿਓ ਦੇ ਬਰਾਬਰ ਹੈ ਪਰ ਜੇਕਰ ਤੇਜ ਹਵਾਵਾਂ ਤੇ ਬਾਰਿਸ਼ ਲਗਾਤਾਰ ਜਾਰੀ ਰਹਿੰਦੀ ਹੈ ਤਾਂ ਇਸ ਨਾਲ ਕਿਸਾਨ ਵਰਗ ਨੂੰ ਵਧੇਰੇ ਨੁਕਸਾਨ ਝੱਲਣਾ ਪੈ ਸਕਦਾ ਹੈ



ਜਾਣਕਾਰੀ ਅਨੁਸਾਰ ਪਿਛਲੇ ਸਾਲ ਵੀ ਮਾਰਚ ਤੇ ਅਪ੍ਰੈਲ ਮਹੀਨ ਮੌਸਮ ਵਿਚ ਆਈ ਇਕਦਮ ਤਬਦੀਲੀ ਤੇ ਭਾਰੀ ਗਰਮੀ ਕਾਰਨ ਕਣਕ ਦਾ ਦਾਣਾ ਬਿਲਕੁਲ ਸੁੱਕ ਗਿਆ ਸੀ, ਜਿਸ ਕਾਰਨ ਝਾੜ ਬਹੁਤ ਜ?ਿਆਦਾ ਘੱਟ ਗਿਆ ਸੀ। ਪਿਛਲੇ ਸਾਲ ਕਣਕ ਦਾ ਝਾੜ ਅੱਧਾ ਰਹਿ ਗਿਆ ਸੀ, ਕਣਕ ਦਾ ਝਾੜ ਘੱਟ ਨਿਕਲਣ ਕਾਰਨ ਸੂਬੇ ਵਿਚ ਕਿਸਾਨਾਂ ਨੂੰ ਕਾਫੀ ਆਰਥਿਕ ਬੋਝ ਹੇਠਾਂ ਆਉਣ ਪਿਆ ਸੀ। ਜੇਕਰ ਇਸ ਸਾਲ ਵੀ ਕਣਕ ਦੇ ਝਾੜ ਵਿਚ ਫਰਕ ਪੈ ਜਾਂਦਾ ਹੈ ਤਾਂ ਕਿਸਾਨ ਹੋਰ ਕਰਜੇ ਦੇ ਹੇਠਾਂ ਆਉਣ ਲਈ ਮਜਬੂਰ ਹੋ ਜਾਵੇਗਾ ਆਉਣ ਵਾਲੇ ਦਿਨਾਂ ਵਿਚ ਵੇਖਣਾ ਹੋਵੇਗਾ ਕਿ ਮੌਸਮ ਦਾ ਪ੍ਰਭਾਵ ਕਿਵੇਂ ਦਾ ਵੇਖਣ ਨੂੰ ਮਿਲਦਾ ਹੈ।

## ਸੋਸ਼ਲ ਮੀਡੀਆ ਦੋਸਤ ਨੇ ਨਾਬਾਲਗ ਕੁੜੀ ਨਾਲ ਕੀਤਾ ਜਬਰ ਜਿਨਾਹ

ਨਵੀਂ ਦਿੱਲੀ 5 ਮਾਰਚ। ਦੱਖਣ-ਪੱਛਮੀ ਦਿੱਲੀ ਦੇ ਸਾਗਰਪੁਰ ਇਲਾਕੇ 'ਚ ਇਕ ਕੁੜੀ ਨਾਲ ਉਸ ਦੇ ਦੋਸਤ ਨੇ ਜਬਰ ਜ?ਿਨਾਹ ਕੀਤਾ, ਉਸ ਨਾਲ ਕੁੱਟਮਾਰ ਕੀਤੀ ਅਤੇ ਉਸ ਨੂੰ ਡਾਬਰੀ ਮੋੜ ਮੈਟਰੋ ਸਟੇਸ਼ਨ 'ਤੇ ਸੁੱਟ ਦਿੱਤਾ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਨਾਬਾਲਗ ਨਾਲ ਦੋਸਤੀ ਕਰਨ ਵਾਲੇ ਦੋਸ਼ੀ ਨੂੰ ਫੜ ਲਿਆ ਗਿਆ ਹੈ ਅਤੇ ਉਸ ਖ?ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਅਨੁਸਾਰ, ਪੀੜਤਾ ਕੋਚਿੰਗ ਕਲਾਸ ਲਈ ਗਈ ਸੀ, ਜਿਸ ਤੋਂ ਬਾਅਦ ਉਹ ਆਪਣੇ ਇਕ ਦੋਸਤ ਨੂੰ ਮਿਲਣ ਗਈ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ,"ਸਾਨੂੰ ਪਤਾ ਲੱਗਾ ਕਿ ਉਸ ਨੇ ਆਪਣੇ ਸੋਸ਼ਲ ਮੀਡੀਆ ਦੋਸਤ ਨੂੰ ਮਿਲਣ ਦੀ ਯੋਜਨਾ ਬਣਾਈ ਅਤੇ ਉੱਥੇ ਉਸ ਨਾਲ ਜਬਰ ਜ?ਿਨਾਹ ਕੀਤਾ ਗਿਆ।

## ਨਸ਼ੇ ਕਾਰਨ ਉਜੜਿਆ ਘਰ, ਟਾਂਡਾ 'ਚ ਓਵਰਡੋਜ ਕਾਰਨ ਨੌਜਵਾਨ ਦੀ ਮੌਤ

ਟਾਂਡਾ ਉੜਮੁੜ 5 ਮਾਰਚ। ਪੰਜਾਬ ਵਿੱਚ ਨਸੇ ਦੀ ਓਵਰਡੋਜ ਕਾਰਨ ਨੌਜਵਾਨਾਂ ਦੀ ਮੌਤ ਹੋਣ ਦਾ ਸਿਲਸਿਲਾ ਜਾਰੀ ਹੈ, ਜਿਸ ਦੌਰਾਨ ਅਹੀਆਪੁਰ ਟਾਂਡਾ ਵਿਖੇ ਅੱਜ ਟਾਂਡਾ ਪੁਲਸ ਨੇ ਨਸੇ ਦੀ ਓਵਰਡੋਜ ਕਾਰਨ ਮੌਤ ਦਾ ਸ?ਿਕਾਰ ਹੋਏ ਇਕ ਨੌਜਵਾਨ ਦੀ ਲਾਸ ਬਰਾਮਦ ਕੀਤੀ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਹਰਮੇਸ ਲਾਲ ਪੁੱਤਰ ਗੁਰਚਰਨ ਲਾਲ ਵਾਸੀ ਵਾਰਡ ਨੰਬਰ 15 ਅਹੀਆਪੁਰ ਟਾਂਡਾ ਵਜੋਂ ਹੋਈ ਹੈ। ਬਾਬਾ ਭਾਣੇ ਸਾਹ ਨਜਦੀਕ ਦੇਵਾ ਕਾਲੋਨੀ ਜਿੱਥੇ ਮ੍ਰਿਤਕ ਨੌਜਵਾਨ ਦੀ ਲਾਸ ਪਈ ਹੋਈ ਸੀ, ਨੇੜੇ ਹੀ ਸਰਿੰਜਾਂ ਵੀ ਪਈਆਂ ਹੋਈਆਂ ਸਨ। ਇਸ ਸਬੰਧੀ ਟਾਂਡਾ ਪੁਲਿਸ ਦੀ ਏ. ਐੱਸ. ਆਈ. ਮਨਿੰਦਰ ਕੌਰ ਦੀ ਪੁਲਸ ਟੀਮ ਨੇ ਮੌਕੇ ਤੇ ਪਹੁੰਚ ਕੇ ਲਾਸ ਨੂੰ ਕਬਜੇ ਵਿਚ ਲੈ ਕੇ ਮ੍ਰਿਤਕ ਦੇ ਪਿਤਾ ਗੁਰਚਰਨ ਲਾਲ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਟਾਂਡਾ ਹਰਜੀਤ ਸਿੰਘ ਰੰਧਾਵਾ ਨੇ ਦੱਸਿਆ

# ਦੀਨਾਨਗਰ ਹਲਕੇ ਦੇ ਪਿੰਡਾਂ 'ਚ ਖੁਲ੍ਹੇ ਦੋ ਆਮ ਆਦਮੀ ਕਲੀਨਿਕ, ਪ੍ਰਧਾਨ ਸ਼ਹਿਰੀ ਨੇ ਕੀਤਾ ਉਦਘਾਟਨ

ਦੀਨਾਨਗਰ 5 ਮਾਰਚ। ਆਮ ਆਦਮੀ ਪਾਰਟੀ ਦੇ ਜ?ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਲੋਕਾਂ ਨੂੰ ਘਰਾਂ ਦੇ ਨੇੜੇ ਬਿਹਤਰੀਨ ਸਿਹਤ ਸੁਵਿਧਾਵਾਂ ਮਿਲੀਆਂ ਹਨ ਅਤੇ ਇਹ ਆਮ ਆਦਮੀ ਕਲੀਨਿਕ ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਇਹ ਸਬਦਾਂ ਦਾ ਪ੍ਰਗਟਾਵਾ ਉਨ੍ਹਾਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਸਮੂਚੱਕ ਅਤੇ ਛੋਟਾ ਬਿਆਨਪੁਰ ਵਿਖੇ ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਦੌਰਾਨ ਕਹੀਆਂ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੀ ਅੱਜ ਦੁਨੀਆ ਭਰ ਵਿਚ ਚਰਚਾ ਹੋ ਰਹੀ ਹੈ ਅਤੇ ਪੂਰੀ ਦੁਨੀਆ ਇਸ ਮਾਡਲ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਵਿਚ 700 ਤੋਂ ਵੱਧ



ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਵਿਚ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਕਈ ਤਰ੍ਹਾਂ ਦੇ ਟੈਸਟ ਵੀ ਮੁਫ਼ਤ ਕੀਤਾ ਜਾ ਰਹੇ ਹਨ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਸੱਤ ਆਮ ਆਦਮੀ ਕਲੀਨਿਕ ਪੂਰੀ ਕਾਮਯਾਬੀ ਨਾਲ ਚੱਲ ਰਹੇ ਹਨ, ਜਦੋਂਕਿ ਅੱਜ ਦੋ ਹੋਰ ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਹੋਣ ਨਾਲ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵਧ ਕੇ 9 ਹੋ ਗਈ ਹੈ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਭਵਿੱਖ ਵਿੱਚ ਹੋਰ ਵੀ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਹਰ ਉਮੀਦ 'ਤੇ ਖਰ੍ਹਾ ਉਤਰਦੇ ਹੋਏ ਸੂਬੇ ਦੀ ਤਰੱਕੀ ਲਈ ਕੰਮ ਕਰ ਰਹੀ ਹੈ। ਦੋ ਸਾਲ ਤੋਂ ਵੀ ਘੱਟ ਸਮੇਂ ਵਿਚ ਪੰਜਾਬ ਸਰਕਾਰ ਨੇ ਲੋਕ ਹਿੱਤ ਵਿਚ ਇਸ ਤਰ੍ਹਾਂ ਦੇ ਸੈਂਕੜੇ ਫ਼ੈਸਲੇ ਕੀਤੇ ਹਨ, ਜਿਨ੍ਹਾਂ ਦਾ ਫਾਇਦਾ ਆਮ ਜਨਤਾ ਨੂੰ ਹੋਇਆ ਹੈ।

## ਘਰ 'ਚ ਦਾਖਲ ਹੋ ਕੇ ਬਜੁਰਗ ਦਾ ਬੇਰਹਿਮੀ ਨਾਲ ਕਤਲ

ਅੰਮ੍ਰਿਤਸਰ 5 ਮਾਰਚ। ਬੀਤੀਂ ਦੇਰ ਰਾਤ ਮਜੀਠਾ ਰੋਡ ਸਥਿਤ ਗੋਪਾਲ ਨਗਰ ਇਲਾਕੇ ਦੇ ਇਕ ਘਰ ਵਿਚ ਦਾਖਲ ਹੋਏ ਅਣਪਛਾਤੇ ਵਿਅਕਤੀਆਂ ਨੇ ਘਰ ਵਿਚ ਇਕੱਲੇ ਰਹਿ ਰਹੇ ਇਕ 78 ਸਾਲਾ ਬਜੁਰਗ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਵਿਜੇ ਖੰਨਾ ਵਜੋਂ ਹੋਈ ਹੈ, ਜਿਸ ਦੇ ਬੱਚੇ ਵਿਦੇਸ ਰਹਿੰਦੇ ਸਨ ਅਤੇ ਉਹ ਘਰ ਵਿਚ ਇਕੱਲਾ ਹੀ ਰਹਿ ਰਿਹਾ ਸੀ। ਘਟਨਾ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਇਲਾਕਾ ਵਾਸੀਆਂ ਨੇ ਆਰੀ ਨਾਲ ਕਿਸੇ ਚੀਜ ਨੂੰ ਕੱਟਣ ਦੀ ਆਵਾਜ ਸੁਣੀ। ਤੜਕਸਾਰ ਜਦੋਂ ਜਾਂਚ ਕਰਨ 'ਤੇ 2 ਨੌਜਵਾਨ, ਜਿਨ੍ਹਾਂ ਵਿਚੋਂ ਇਕ ਨੂੰ ਘਰ ਦਾ ਗੇਟ ਟੱਪ ਕੇ ਅੰਦਰ ਜਾਂਦੇ ਦਿਖਾਈ ਦਿੱਤਾ ਜੋ ਕੁਝ ਹੀ ਮਿੰਟਾਂ ਵਿਚ ਬਾਹਰ ਵਾਪਸ ਆ ਗਿਆ। ਇਲਾਕਾ ਵਾਸੀਆਂ ਵੱਲੋਂ ਬਜੁਰਗ ਖੰਨਾ ਦੇ ਘਰ ਦਾ ਗੇਟ ਖੜਕਾਉਣ 'ਤੇ ਕੋਈ ਹਲਚਲ ਨਜਰ ਨਹੀਂ ਆਈ, ਜਿਸ ਦੀ ਘਰ ਵਿਚ ਪਈ ਹੋਈ ਲਾਸ ਬਰਾਮਦ ਹੋਈ। ਕਾਤਲਾਂ ਵੱਲੋਂ ਮ੍ਰਿਤਕ ਵਿਜੇ ਖੰਨਾ ਨੂੰ ਬੰਨ੍ਹਿਆ ਹੋਇਆ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਮਜੀਠਾ ਰੋਡ ਦੀ ਪੁਲਸ ਸਮੇਤ ਹੋਰ ਉੱਚ ਅਧਿਕਾਰੀ ਮੌਕੇ 'ਤੇ ਪੁੱਜ ਗਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਇਸ ਅੰਨ੍ਹੇ ਕਤਲ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਭਾਈਵਾਲਾਂ 'ਚ ਵਿਵਾਦ ਕਾਰਨ ਬਾਹਰੀ ਲੋਕਾਂ ਨੇ ਸੰਭਾਲਿਆ ਮਕਸੂਦਾਂ ਸਬਜੀ ਮੰਡੀ ਦੀ ਪਾਰਕਿੰਗ ਦਾ ਠੇਕਾ

ਜਲੰਧਰ 5 ਮਾਰਚ। ਮਕਸੂਦਾਂ ਸਬਜੀ ਮੰਡੀ ਵਿਚ ਪਾਰਕਿੰਗ ਦਾ ਠੇਕਾ ਲੈਣ ਵਾਲੇ ਭਾਈਵਾਲਾਂ ਵਿਚਕਾਰ ਹੋਏ ਵਿਵਾਦ ਕਾਰਨ ਸ਼ਨੀਵਾਰ ਨੂੰ ਬਾਹਰੀ ਕੁਝ ਲੋਕ ਪਰਚੀਆਂ ਕੱਟਣ ਲੱਗ ਗਏ। ਭਾਈਵਾਲਾਂ ਵਿਚਕਾਰ ਚੱਲ ਰਹੇ ਵਿਵਾਦ ਕਾਰਨ ਉਨ੍ਹਾਂ ਮਾਰਕੀਟ ਕਮੇਟੀ ਦੀ ਕਿਸ਼ਤ ਵੀ ਜਮ੍ਹਾ ਨਹੀਂ ਕਰਵਾਈ ਸੀ, ਜਿਸ ਕਾਰਨ ਵਿਭਾਗ ਨੇ ਸਖਤੀ ਵਿਖਾਉਂਦੇ ਹੋਏ ਠੇਕਾ ਲੈਣ ਵਾਲੀ ਕੰਪਨੀ ਵੱਲੋਂ ਜਮ੍ਹਾ ਕਰਵਾਈ ਐੱਫ. ਡੀ. ਤੁੜਵਾ ਕੇ ਕਿਸ਼ਤ ਦੀ ਭਰਪਾਈ ਕੀਤੀ ਅਤੇ ਹੁਣ ਸੋਮਵਾਰ ਤੋਂ ਵਿਭਾਗ ਪਾਰਕਿੰਗ ਦਾ ਠੇਕਾ ਚਲਾਏਗਾ। ਦਰਅਸਲ ਪਾਰਕਿੰਗ ਦਾ ਠੇਕਾ ਲੈਣ ਵਾਲੀ ਅੰਮ੍ਰਿਤਸਰ ਦੀ ਕੰਪਨੀ ਸ਼ਹੀਦ ਬਾਬਾ ਦੀਪ ਸਿੰਘ ਐਂਟਰਪ੍ਰਾਈਜ?ਿਜ ਦੇ 8 ਤੋਂ 10 ਭਾਈਵਾਲ ਹਨ, ਜਿਨ੍ਹਾਂ ਵਿਚ ਪਹਿਲਾਂ ਵੀ ਖੂਨੀ ਟਕਰਾਅ ਹੋ ਚੁੱਕਾ ਹੈ। ਇਹੀ ਕੰਪਨੀ ਅੰਮ੍ਰਿਤਸਰ ਦੀ ਮੰਡੀ ਦਾ ਠੇਕਾ ਵੀ ਚਲਾਉਂਦੀ ਹੈ ਪਰ ਕੁਝ ਦਿਨਾਂ ਤੋਂ ਸਾਰੇ ਭਾਈਵਾਲ ' ਵਿਚਕਾਰ ਵਿਵਾਦ



ਵਧਦਾ ਹੀ ਚਲਿਆ ਆ ਰਿਹਾ ਸੀ। ਕੁਝ ਭਾਈਵਾਲਾਂ ਨੇ ਇਕਜੁੱਟ ਹੋ ਕੇ ਜਲੰਧਰ ਮਕਸੂਦਾਂ ਸਬਜੀ ਮੰਡੀ ਵਿਚ ਪਰਚੀ ਕੱਟਣ ਲਈ ਬਾਹਰੀ ਲੋਕਾਂ ਨੂੰ ਬਿਠਾ ਦਿੱਤਾ। ਇਹ ਗੱਲ ਅੱਗ ਦੀ ਤਰ੍ਹਾਂ ਮੰਡੀ ਵਿਚ ਫੈਲ ਗਈ। ਅੰਦਰ ਹੀ ਅੰਦਰ ਇਸਦਾ ਵਿਰੋਧ ਵੀ ਹੋਇਆ। ਇਸੇ ਦੌਰਾਨ ਪਤਾ ਲੱਗਾ ਕਿ ਕੰਪਨੀ ਨੇ ਮਾਰਕੀਟ ਕਮੇਟੀ ਕੋਲ ਆਖਰੀ ਕਿਸ਼ਤ ਵੀ ਜਮ੍ਹਾ ਕਰਵਾਈ ਸੀ। ਇਹ ਠੇਕਾ 31 ਮਾਰਚ ਤਕ ਚੱਲਣਾ ਸੀ ਪਰ ਕੰਪਨੀ ਦੇ ਭਾਈਵਾਲਾਂ ਵਿਚਕਾਰ ਚੱਲ ਰਹੀ ਆਪਸੀ ਲੜਾਈ ਵਿਚ ਸਰਕਾਰੀ ਫੀਸ ਨਾ ਚੁਕਾਉਣ 'ਤੇ ਕੋਈ ਵੀ ਅਧਿਕਾਰੀ ਸਰਕਾਰੀ ਖਜਾਨੇ ਨੂੰ ਨੁਕਸਾਨ ਪਹੁੰਚਾਉਣ ਦੇ ਹੱਕ ਵਿਚ ਨਹੀਂ ਸੀ

## ਕਾਠਗੜ੍ਹ 'ਚ ਪੁਲਸ ਨੇ ਹਾਈਟੈੱਕ ਨਾਕੇ 'ਤੇ ਕੀਤੀ ਵਾਹਨਾਂ ਦੀ ਚੈਕਿੰਗ

ਕਾਠਗੜ੍ਹ 5 ਮਾਰਚ। ਬਲਾਚੌਰ-ਰੂਪਨਗਰ ਰਾਸਟਰੀ ਮਾਰਗ 'ਤੇ ਲਾਏ ਗਏ ਪੱਕੇ ਹਾਈਟੈੱਕ ਨਾਕੇ 'ਤੇ ਪੁਲਸ ਵੱਲੋਂ ਨਸਾ ਸਮੱਗਲਰਾਂ ਨੂੰ ਲੈ ਕੇ ਵਾਹਨਾਂ ਦੀ ਸਖਤੀ ਨਾਲ ਚੈਕਿੰਗ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈਜ਼ ਰਾਕੇਸ ਪਾਲ, ਧਨਮਾਨਤ ਸਿੰਘ ਅਤੇ ਕੇਵਲ ਕੁਮਾਰ ਨੇ ਦੱਸਿਆ ਕਿ ਪੁਲਸ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਿਰਦੇਸਾਂ 'ਤੇ ਉਨ੍ਹਾਂ ਦੀ ਪੁਲਸ ਟੀਮ ਵੱਲੋਂ




ਵਾਹਨਾਂ ਦੀ ਡੂੰਘਾਈ ਨਾਲ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਵਾਹਨ ਨੂੰ ਚੈਕਿੰਗ ਤੋਂ ਬਿਨਾਂ ਨਹੀਂ ਜਾਣ ਦਿੱਤਾ ਜਾਂਦਾ। ਉਨ੍ਹਾਂ ਦੱਸਿਆ ਕਿ ਭਾਵੇਂ ਇਸ ਚੈਕਿੰਗ ਦੌਰਾਨ ਅਜੇ ਤੱਕ ਕੋਈ ਨਸਾ ਸਮੱਗਲਰ ਨਹੀਂ ਮਿਲਿਆ ਪਰ ਇਸ ਨਾਲ ਨਸਾ ਸਮੱਗਲਰਾਂ ਦੇ ਮਨਾਂ 'ਚ ਡਰ ਬਣਿਆ ਰਹੇਗਾ। ਉਨ੍ਹਾਂ ਦੱਸਿਆ ਕਿ ਵਾਹਨਾਂ ਦੀ ਚੈਕਿੰਗ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

# ਫਰਜੀ ਦਸਤਾਵੇਜ ਤਿਆਰ ਕਰ ਕੇ ਕੀਤੀ 166 ਕਰੋੜ ਦੀ ਬੋਗਸ ਬਿਲਿੰਗ, ਸਰਕਾਰ ਨੂੰ ਵੀ ਲਾ ਦਿੱਤਾ ਕਰੋੜਾਂ ਦਾ ਚੂਨਾ

ਲੁਧਿਆਣਾ 5 ਮਾਰਚ। ਆਧਾਰ ਕਾਰਡ ਸਮੇਤ ਹੋਰ ਦਸਤਾਵੇਜ਼ਾਂ ਦੀ ਟੈਂਪਰਿੰਗ ਕਰ ਕੇ ਇਕ ਸ਼ਾਤਰ ਨੇ ਜੀ.ਐੱਸ.ਟੀ. ਵਿਭਾਗ ਤੋਂ ਆਪਣੀ ਫਰਮ ਨੂੰ ਰਜਿਸਟਰਡ ਕਰਵਾ ਕੇ 166 ਕਰੋੜ ਦੀ ਬੋਗਸ ਬਿਲਿੰਗ ਕਰ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਗਾ ਦਿੱਤਾ। ਜਦੋਂ ਆਧਾਰ ਕਾਰਡਧਾਰੀ ਨੂੰ ਇਨਕਮ ਟੈਕਸ ਵਿਭਾਗ ਵੱਲੋਂ ਉਸ ਨੂੰ 24,19,42,700 ਰੁਪਏ ਦੀ ਇਨਕਮ ਦੇ ਸਬੰਧ 'ਚ ਟੈਕਸ ਜਮ੍ਹਾ ਕਰਵਾਉਣ ਦਾ ਨੋਟਿਸ ਮਿਲਿਆ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਵਿਭਾਗ ਨੇ ਦੱਸਿਆ ਕਿ ਉਸ ਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਨਵੀਂ ਦਿੱਲੀ 'ਚ ਨਾਨਕ ਐਂਟਰਪ੍ਰਾਈਜ਼ਿਜ਼ ਨਾਮੀ ਫਰਮ ਚੱਲ ਰਹੀ ਹੈ। ਸ਼ਿਕਾਇਤਕਰਤਾ ਨੇ ਧੋਖਾਦੇਹੀ ਦਾ ਪਤਾ ਲੱਗਣ 'ਤੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ, ਜਿਸ 'ਤੇ ਸਾਈਬਰ ਸੈੱਲ ਦੀ ਟੀਮ ਨੇ 6 ਮਹੀਨਿਆਂ ਦੀ ਜਾਂਚ ਤੋਂ ਬਾਅਦ ਫਰਜ਼ੀ ਦਸਤਾਵੇਜ਼ਾਂ ਜ਼ਰੀਏ ਫਰਮ ਬਣਾਉਣ ਵਾਲੇ ਲੋਕਾਂ ਦਾ ਪਤਾ ਲਾਇਆ। ਇਸ ਸਬੰਧੀ ਸ਼ਿਮਲਾ ਕਾਲੋਨੀ ਦੇ ਰਹਿਣ ਵਾਲੇ ਅਮਨਦੀਪ ਸਿੰਘ ਦੇ ਬਿਆਨ 'ਤੇ ਥਾਣਾ ਬਸਤੀ ਜੋਧੇਵਾਲ 'ਚ 6 ਮੁਲਜ਼ਮਾਂ ਖਿਲਾਫ ਆਈ.ਟੀ. ਐਕਟ, ਸਾਜ਼ਿਸ਼ ਤਹਿਤ ਫਰਜ਼ੀ ਦਸਤਾਵੇਜ਼ ਤਿਆਰ ਕਰ ਕੇ ਧੋਖਾਦੇਹੀ ਕਰਨ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਮੁੱਖ ਸਾਜ਼ਿਸ਼ਕਰਤਾ ਹਰਦੀਪ ਸਿੰਘ, ਸੁਖਦੇਵ ਸਿੰਘ, ਰਣਜੀਤ ਸਿੰਘ ਬੱਬਰ, ਸੁਮਿਤ ਕੁਮਾਰ, ਸੰਤੋਖ ਸਿੰਘ, ਹਰਪਾਲ ਸਿੰਘ ਅਤੇ ਹੋਰਨਾਂ ਖਿਲਾਫ ਕੇਸ ਦਰਜ ਕਰ ਕੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ। ਮੁੱਖ ਮੁਲਜ਼ਮ ਹਰਦੀਪ ਸਿੰਘ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੂੰ ਰਿਮਾਂਡ 'ਤੇ ਲਿਆ ਗਿਆ ਹੈ। ਟੀਮ ਨੇ ਜਾਂਚ ਦੌਰਾਨ ਪਾਇਆ ਕਿ ਜਿਨ੍ਹਾਂ ਨੰਬਰਾਂ ਤੋਂ ਫਰਮ ਰਜਿਸਟਰ ਕਰਵਾਈ ਗਈ ਸੀ, ਉਹ ਰੋਪੜ ਦੀ ਇਕ ਔਰਤ ਦੇ ਨਾਂ 'ਤੇ ਸੀ ਅਤੇ ਉਸ ਦਾ ਅਲਟਰਨੇਟ ਨੰਬਰ ਵੀ ਕਿਸੇ ਦੂਜੀ ਔਰਤ ਦੇ ਨਾਂ 'ਤੇ ਸੀ। ਅਗਲੀ ਜਾਂਚ ਤੋਂ ਬਾਅਦ ਫਰਮ ਰਜਿਸਟਰਡ ਕਰਵਾਉਂਦੇ ਸਮੇਂ ਜਿਸ ਨੰਬਰ ਦੀ ਵਰਤੋਂ ਕੀਤੀ ਗਈ, ਉਹ ਸਾਜ?ਿਸ਼ਕਰਤਾ ਹਰਦੀਪ ਸਿੰਘ ਦੇ ਨਾਂ 'ਤੇ ਸੀ। ਇਹ ਟਿਪ ਮਿਲਦੇ ਹੀ ਟੀਮ ਨੇ ਅਗਲੀ ਜਾਂਚ ਸ਼ੁਰੂ ਕੀਤੀ ਤਾਂ ਬਾਕੀ ਮੁਲਜ਼ਮਾਂ ਸਬੰਧੀ ਸੁਰਾਗ ਮਿਲਣੇ ਸ਼ੁਰੂ ਹੋਏ। ਜਦੋਂ ਟੀਮ ਨੇ ਉਕਤ ਨਿੱਜੀ ਬੈਂਕ 'ਚ ਖੁੱਲ੍ਹਵਾਏ ਖਾਤਿਆਂ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉੱਥੇ ਵੀ ਮੁਲਜ਼ਮਾਂ ਨੇ ਗਲਤ ਮੋਬਾਈਲ ਨੰਬਰ ਦਿੱਤੇ ਹੋਏ ਸਨ, ਜਦਕਿ ਮੁਲਜ਼ਮਾਂ ਦੇ ਦੂਜੇ ਮੋਬਾਈਲ ਨੰਬਰਾਂ 'ਤੇ ਜੀ.ਐੱਸ.ਟੀ. ਵਿਭਾਗ ਅਤੇ ਬੈਂਕ ਵੱਲੋਂ ਐੱਸ.ਐੱਮ.ਐੱਸ. ਭੇਜੇ ਜਾ ਰਹੇ ਸਨ। ਮੁਲਜ਼ਮ ਸੁਮਿਤ ਦੇ ਨਾਂ 'ਤੇ ਰਾਧੇ ਐਂਟਰਪ੍ਰਾਈਜ਼ਿਜ਼ ਅਤੇ ਇਕ ਔਰਤ ਦੇ ਨਾਂ 'ਤੇ ਐੱਮ.ਕੇ. ਟ੍ਰੇਡਰਜ਼ ਦੇ ਨਾਮ 'ਤੇ ਬੈਂਕ ਖਾਤਾ ਖੁੱਲਵਾ ਕੇ ਕਰੋੜਾਂ ਰੁਪਏ ਦੀ ਟ੍ਰਾਂਜੈਕਸ਼ਨ ਕੀਤੀ ਗਈ ਸੀ। ਟੀਮ ਵੱਲੋਂ ਜਾਂਚ ਕਰਨ 'ਤੇ ਉਸ ਤੋਂ ਰੋਜ਼ ਲੱਖਾਂ ਰੁਪਏ ਦੀ ਟ੍ਰਾਂਸਫਰ ਕਰਨ ਅਤੇ ਕਰੀਬ 18 ਈ-ਮੇਲ ਆਈ.ਡੀਜ਼ ਦਾ ਪਤਾ ਲੱਗਾ। ਵਿਭਾਗ ਦੀ ਜਾਂਚ ਤੋਂ ਬਾਅਦ ਖੁਲਾਸਾ ਹੋਇਆ ਕਿ ਮੁਲਜ਼ਮਾਂ ਨੇ ਇਨ੍ਹਾਂ ਫਰਮਾਂ ਨਾਲ 166 ਕਰੋੜ ਰੁਪਏ ਦੀ ਬੋਗਸ ਬਿਲਿੰਗ ਕੀਤੀ ਅਤੇ 24,19,42,700 ਰੁਪਏ ਦਾ ਚੂਨਾ ਲਗਾਇਆ ਹੈ। ਜਾਂਚ 'ਚ ਪਤਾ ਲੱਗਾ ਕਿ ਮੁਲਜ਼ਮਾਂ ਨੇ ਅਮਨਦੀਪ ਸਿੰਘ ਦੀ ਫੋਟੋ ਟੈਂਪਰਿੰਗ ਕਰ ਕੇ ਉਸ 'ਤੇ ਹੋਰਨਾਂ ਮੁਲਜ਼ਮਾਂ ਦੀ ਫੋਟੋ ਲਗਾ ਕੇ ਅਤੇ ਉਸ ਦਾ ਪੈਨ ਨੰਬਰ ਵਰਤ ਕੇ ਨਵੀਂ ਦਿੱਲੀ 'ਚ ਫਰਮ ਖੋਲ੍ਹ ਕੇ ਉਸ ਨੂੰ ਰਜਿਸਟਰਡ ਕਰਵਾਇਆ ਸੀ। ਮੁਲਜ਼ਮਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਪਤਾ ਲੱਗਾ ਕਿ ਮੁਲਜ਼ਮਾਂ ਨੇ ਮਿਲਰਗੰਜ 'ਚ ਵੀ ਵੱਖ-ਵੱਖ ਫਰਮਾਂ ਦੇ ਆਫਿਸ ਬਣਾਏ ਹੋਏ ਸਨ ਅਤੇ ਮੁਲਜ਼ਮ ਇਨ੍ਹਾਂ ਫਰਮਾਂ ਤੋਂ ਸਕ੍ਰੈਪ ਦੀ ਬਿਲਿੰਗ ਕਰ ਰਹੇ ਸਨ। ਗੌਰ ਹੋਵੇ ਕਿ ਸਕ੍ਰੈਪ 'ਤੇ 18 ਫੀਸਦੀ ਜੀ.ਐੱਸ.ਟੀ. ਲਗਦਾ ਹੈ, ਜੋ ਮੁਲਜ਼ਮ ਖੁਦ ਹੀ ਰੱਖ ਰਹੇ ਸਨ। ਉਕਤ ਮੁਲਜ਼ਮ ਸਿਰਫ ਕਾਗਜ਼ਾਂ 'ਚ ਹੀ ਖਰੀਦੋ-ਫਰੋਖ਼ਤ ਕਰ ਰਹੇ ਸਨ, ਜੋ ਉਨ੍ਹਾਂ ਨੇ ਖੁਦ ਹੀ ਬਣਾਈਆਂ ਹੋਈਆਂ ਸਨ। ਮਾਮਲੇ 'ਚ ਵਿਭਾਗ ਵੱਲੋਂ ਪ੍ਰਾਈਵੇਟ ਬੈਂਕ 'ਚ ਤਾਇਨਾਤ ਇਕ ਮੁਲਾਜ਼ਮ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਮਾਮਲੇ ਦੀ ਖੁਲਾਸਾ ਹੋਣ ਤੋਂ ਬਾਅਦ ਜ਼ਿਆਦਾਤਰ ਬੋਗਸ ਬਿਲਿੰਗ ਕਰਨ ਵਾਲੇ ਅੰਡਰ ਗਰਾਊਂਡ ਹੋ ਗਏ। ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਚੱਲ ਰਹੀ ਜਾਂਚ ਤੋਂ ਕਰੋੜਾਂ ਰੁਪਏ ਦੀ ਬੋਗਸ ਬਿਲਿੰਗ ਮਿਲਣ ਦੀ ਸੰਭਾਵਨਾ ਹੈ। ਇਸ ਨਾਲ ਜੁੜੀਆਂ ਹੋਰ ਕਈ ਫਰਮਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਜਿਨ੍ਹਾਂ ਔਰਤਾਂ ਦੇ ਨਾਂ ਨਾਲ ਬੈਂਕਾਂ 'ਚ ਖਾਤੇ ਖੋਲ੍ਹੇ ਗਏ ਸਨ। ਉਨ੍ਹਾਂ ਦੀ ਸ਼ਮੂਲੀਅਤ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਕਈ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ। ਮਾਮਲੇ 'ਚ ਵਾਂਟਿਡ ਹੋਰਨਾਂ ਮੁਲਜ਼ਮਾਂ ਦੀ ਭਾਲ 'ਚ ਪੁਲਸ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸੀਐਮ ਵਿੰਡੋਂ ਪ੍ਰੋਗ੍ਰਾਮ ਨੂੰ ਪ੍ਰਭਾਵੀ ਬਨਾਉਦ ਲਈ ਨਵੀਂ ਏਸਓਪੀ ਤਿਆਰ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸੀਐਮ ਵਿੰਡੋਂ ਪ੍ਰੋਗ੍ਰਾਮ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਨਵੀਂ ਮਾਨਕ ਸੰਚਾਲਨ ਪ੍ਰਕ੍ਰਿਆਵਾਂ (ਐਸਓਪੀ) ਤਿਆਰ ਕੀਤੀ ਹੈ, ਜਿਸ ਦਾ ਉਦੇਸ਼ ਸੀਐਮ ਵਿੰਡੋਂ ਪੋਰਟਲ 'ਤੇ ਦਰਜ ਸ਼ਿਕਾਇਤਾਂ ਅਤੇ ਸਮਸਿਆਵਾਂ ਦਾ ਹੱਲ ਯਕੀਨੀ ਕਰਨਾ ਹੈ।

ਮੁੱਖ ਮੰਤਰੀ ਦੇ ਸੀਐਮ ਵਿੰਡੋਂ, ਸਲਾਹਕਾਰ ਸ੍ਰੀ ਦੇਵੇਂਦਰ ਸਿੰਘ ਵੱਲੋਂ ਸਾਰੀ ਪ੍ਰਸ਼ਾਸਨਿਕ ਸਕੱਤਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਸੀਐਮ ਸ਼ਿਕਾਇਤ ਪੋਰਟਲ ਨੂੰ ਆਟੋ ਅਪੀਲ ਸਿਸਟਮ (ਏਏਐਸ) ਦੇ ਨਾਲ ਏਕੀਕ੍ਰਿਤ ਕੀਤਾ ਗਿਆ ਹੈ। ਹਰਿਆਣਾ ਸੇਵਾ ਦਾ ਅਧਿਕਾਰ ਐਕਟ, 2014 ਦੇ ਤਹਿਤ ਨੋਟੀਫਾਇਡ ਸੇਵਾ ਸਬੰਧੀ ਕਮੀਆਂ ਨਾਲ ਸਬੰਧਿਤ ਸਾਰੀ ਸ਼ਿਕਾਇਤਾਂ ਤੁਰੰਤ ਆਟੋ ਅਪੀਲ ਸਿਸਟਮ ਨੂੰ ਭੇਜ ਦਿੱਤੀਆਂ ਜਾਣਗੀਆਂ। ਇਸ ਦੇ ਬਾਅਦ ਸ਼ਿਕਾਇਤਾਂ ਵਿਭਾਗ ਦੇ ਵਰਤੋਂਕਰਤਾ ਨੋਡਲ ਅਧਿਕਾਰੀ ਦੇ ਖਾਤੇ ਵਿਚ ਦਿਖਾਈ ਦੇਣ ਲੱਗਗੀ, ਇਸ ਨੂੰ ਏਏਐਸ ਦੇ ਨਾਮਜਦ ਅਧਿਕਾਰੀ ਨੂੰ ਅੱਗੇ ਭੇਜ ਦੇਣਗੇ।

ਆਰਟੀਐਸ ਐਕਟ ਤਹਿਤ ਸੇਵਾ ਵਿਚ ਕਮੀ ਆਉਣੀ ਹੈ ਤਾਂ ਅਜਿਹਾ ਕਰਨ ਦੇ ਬਾਅਦ ਨਾਮਜਦ ਅਧਿਕਾਰੀ ਵੱਲੋਂ ਕੀਤੀ ਜਾਣ ਵਾਲੀ ਸਬੰਧਿਤ ਸ਼ਿਕਾਇਤਾਂ ਤੋਂ ਇਹ ਪਤਾ ਚੱਲੇਗਾ ਕਿ ਨਾਗਰਿਕ ਨੇ ਸਹੀ ਸਰੋਤ ਨਾਲ ਸੇਵਾ ਲਈ ਬਿਨੈ ਕੀਤਾ ਹੈ ਜਾਂ ਨਹੀਂ। ਉਸ ਸਮੇਂ ਨੋਡਲ ਅਧਿਕਾਰੀ ਨੂੰ ਇਹ ਯਕੀਨੀ ਕਰਲਾ ਹੋਵੇਗਾ ਕਿ ਨਾਮਜਦ ਅਧਿਕਾਰੀ ਸ਼ਿਕਾਇਤ ਪ੍ਰਾਪਤ ਹੋਣ ਦੇ 30 ਦਿਨ ਦੇ ਅੰਦਰ ਨਾਗਰਿਕ ਨੂੰ ਕਾਲ ਕਰੇਗਾ। ਅਤੇ ਉਸ ਨੂੰ ਸਹੀ ਸਰੋਤ ਨਾਲ ਸੇਵਾ ਲਈ ਬਿਨੈ ਕਰਨ ਦੀ ਸਹੂਲਤ ਦਵੇਗਾ। ਇਕ ਵਾਰ ਇਹ ਸੇਵਾ ਲਾਗੂ ਹੋ ਜਾਣ 'ਤੇ ਅਧਿਕਾਰੀ ਬਿਨੇ ਦੇ ਢੁਕਵੇਂ ਵੇਰਵੇ ਦੇ ਨਾਲ ਇਥ ਅੰਤਰਿਮ ਉੱਤਰ ਅਪਲੋਡ ਕਰੇਗਾ। ਇਸ ਦੇ ਬਾਅਦ ਕਿਸੇ ਵੀ ਅਧਿਕਾਰੀ ੧ਾਂ ਸੀਐਮ ਦਫਤਰ ਦੇ ਅਧਿਕਾਰੀ ਨੂੰ ਆਟੋ ਅਪੀਲ ਸਿਸਟਮ ਸ਼ਿਕਾਇਤ ਵਾਪਸ ਕਰਨ ਦੀ ਅਨੁਮਤੀ ਨਹੀਂ ਹੋਵੇਗੀ। ਅਪਡੇਟ ਐਸਓਪੀ ਅਨੁਸਾਰ ਹੁਣ ਕਾਲ ਸੈਂਟਰ ਤੋਂ ਫੀਡਬੈਕ, ਰਿਕਾਡਿੰਗ ਅਤੇ ਟਿਪਣੀਆਂ ਸੀਐਮ ਦਫਤਰ ਵੱਲੋਂ ਕੀਤੀਆਂ ਗਈਆਂ ਕਾਰਵਾਈ ਰਿਪੋਰਟ (ਏਟੀਆਰ) ਜਮ੍ਹਾ ਕਰਨ ਤੋਂ ਪਹਿਲਾਂ ਪ੍ਰਸ਼ਾਸਨਿਕ ਸਕੱਤਰ ਅਤੇ ਸਾਰੇ ਅਧਿਕਾਰੀਆਂ ਦੇ ਲਈ ਉਪਲਬਧ ਹੋਵੇਗੀ। ਕਿਉਂਕਿ ਸ਼ਿਕਾਇਤ ਕਰਨ ਵਾਲੇ ਅਧਿਕਾਰੀ ਵੱਲੋਂ ਅਪਲੋਡ ਕੀਤੀ ਗਈ ਏਟੀਆਰ ਤੁਰੰਤ ਸੀਨੀਅਰ ਅਧਿਕਾਰੀ ਤੋਂ ਇਲਾਵਾ ਕਾਲ ਸੈਂਟਰ ਨੂੰ ਭੇਜ ਦਿੱਤੀ ਜਾਵੇਗੀ। ਜੇਕਰ ਵਿਭਾਗ ਦੇ ਹੱਲ ਦੇ ਦਾਵੇ ਅਤੇ ਕਾਲ ਸੈਂਟਰ ਵੱਲੋਂ ਪ੍ਰਾਪਤ ਨਾਗਰਿਕ ਦੀ ਪ੍ਰਤੀਕ੍ਰਿਆ ਦੇ ਵਿਚ ਵਿਰੋਧਾ ਹੋਵੇਗਾ ਤਾਂ ਇਹ ਸਮਝਿਆ ਜਾਵੇਗਾ ਕਿ ਵਾਂਟੇਡ ਸ਼ਿਕਾਇਤ ਦਾ ਹੱਲ ਨਹੀਂ ਹੋਇਆ ਹੈ। ਅਜਿਹੇ ਮਾਮਲੇ ਨੂੰ ਪ੍ਰਸ਼ਾਸਨਿਕ ਸਕੱਤਰ ਵੱਲੋਂ ੧ਰੂਰੀ ਸਪਸ਼ਟੀਕਰਣ ਤਹਿਤ ਵਿਭਾਗ ਦੇ ਨਾਮਜਦ ਅਧਿਕਾਰੀ ਦੀ ਵਾਪਸ ਭੇਜਣ ਦੀ ਜਰੂਰਤ ਹੋਵੇਗੀ। ਇਸ ਬਦਲਾਅ ਨੂੰ ਪੋਰਟਲ ਵਿਚ ਵੀ ਸ਼ਾਮਿਲ ਕਰ ਲਿਆ ਗਿਆ ਹੈ। ਇਸ ਲਈ ਅਜਿਹੀ ਸਥਿਤੀ ਤੋਂ ਬਚਨ ਲਈ ਪਦਾਨੁਕ੍ਰਮ ਵਿਚ ਅਧਿਕਾਰੀ ਤੇ ਸੀਨੀਅਰ ਅਧਿਕਾਰੀਆਂ ਨੂੰ ਕੋਈ ਏਟੀਆਰ ਭੇਜਣ ਤੋਂ ਪਹਿਲਾਂ ਨਾਗਰਿਕ ਦੀ ਪ੍ਰਤੀਕ੍ਰਿਆ ਤੋਂ ਗੁਜਰਣਾ ਪਵੇਗਾ।

ਸੋਧ ਐਸਓਪੀ ਵਿਚ ਇਹ ਵੀ ਕਿਹਾ ਗਿਆ ਹੈ ਕਿ ਹੁਣ ਸੀਐਮ ਵਿੰਡੋਂ ਪੋਰਟਲ ਰਾਹੀਂ ਪ੍ਰਾਪਤ ਸਾਰੀ ਸ਼ਿਕਾਇਤਾਂ ਦਾ ਉਸ ਦੇ ਅਨੁਸਾਰ ਵਰਗੀਕਰਣ ਕਰਨਾ ਹੋਵੇਗਾ। ਇਹ ਵਰਗੀਕਰਣ ਸ਼ਿਕਾਇਤਾਂ ਵਿਚ ਪਹਿਚਾਣ ਕਰਨ, ਵਿਸ਼ੇਸ਼ ਬਿੰਦੂਆਂ ਨੂੰ ਸੰਬੋਧਿਤ ਕਰਨ ਅਤੇ ਹੱਲ ਕਰਲ ਲਈ ਇਕ ਵਿਵਸਥਿਤ ਦ੍ਰਿਸ਼ਟੀਕੋਣ ਵਿਚ ਸਮਰੱਥ ਹੋਵੇਗਾ। ਇਸ ਤੋਂ ਮੌਜੂਦਾ ਨੀਤੀ ਵਿਵਸਥਾ ਵਿਚ ਜਰੂਰੀ ਹੋਇਆ ਤਾਂ ਨੀਤੀਗਤ ਬਦਲਾਆਂ ਨੂੰ ਲਾਗੂ ਕਰਨ ਵਿਚ ਵੀ ਮਦਦ ਮਿਲੇਗੀ। ਉਦਾਹਰਣ ਲਈ, ੧ੇਕਰ ਕਿਸੇ ਵਿਸ਼ੇਸ਼ ਨੀਤੀ ਯੋਜਨਾ ਨਾਲ ਸਬੰਧਿਤ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਪ੍ਰਾਪਤ ਹੁੰਦੀ ਹਨ, ਤਾਂ ਵਿਭਾਗ ਨੂੰ ਉਸ ਵਿਸ਼ੇਸ਼ ਨੀਤੀ ਵਿਚ ਇਸ ਤਰ੍ਹਾ ਨਾਲ ਸੋਧ ਕਰਨਾ ਪੈ ਸਕਦਾ ਹੈ ਤਾਂ ਜੋ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਘੱਟ ਕੀਤਾ ਜਾ ਸਕੇ। ਹੋਰ ਖੇਤਰਾਂ ਦੇ ਤਹਿਤ ਸ਼ਿਕਾਇਛਾਂ ਨੂੰ ਆਦਰਸ਼ ਰੂਪ ਨਾਲ ਜੀਰੋ ਜਾਂ ਘੱਟੋ ਘੱਟ 'ਤੇ ਲਿਆਇਆ ੧ਾਣਾ ਚਾਹੀਦਾ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਪ੍ਰਸਾਸ਼ਨਿਕ ਸਕੱਤਰਾਂ ਨੂੰ ਹੁਣ ਆਪਣੇ ਸਬੰਧਿਤ ਖਾਤਿਆਂ ਵਿਚ ਆਪਣੀ ਸ਼੍ਰੇਣੀਆਂ ਬਨਾਉਣ ਦਾ ਅਧਿਕਾਰੀ ਦਿੱਤਾ ਗਿਆ ਹੈ।

# ਚੋਣ ਕਮਿਸ਼ਨ ਨੇ ਲੋਕਸਭਾ-2024 ਦੇ ਚੋਣ ਨੂੰ ਚੋਣ ਦਾ ਪਰਵ-ਦੇਸ਼ ਦਾ ਗਰਵ ਸਿਰਲੇਖ ਵਾਕ ਦਿੱਤਾ ਹੈ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ, ਜੋ ਚੋਣਾਂ ਦੌਰਾਨ ਕੇਂਦਰੀ ਆਰਮਡ ਪੁਲਿਸ ਫੋਰਸਾਂ ਦੀ ਤੈਨਾਤੀ 'ਤੇ ਗਨ ਰਾਜ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਾਉਣਾ ਹੀ ਚੋਣ ਕਮਿਸ਼ਨ ਦਾ ਮੋਟੋ ਹੈ। ਇਸ ਦੇ ਮੱਦੇਨਜਰ ਰਾਜ ਦੀ ਸੁਰੱਖਿਆ ਏਜੰਸੀਆਂ ਦੇ ਨਾਲ -ਨਾਲ ਕੇਂਦਰੀ ਆਰਮਡ ਪੁਲਿਸ ਫੋਰਸਾਂ ਤੇ ਆਈਟੀਬੀਪੀ ਦੀ ਕੰਪਨੀਆਂ ਨੂੰ ਵੀ ਮੁਸਤੇਦੀ ਨਾਲ ਤੈਨਾਤ ਕੀਤਾ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਲੋਕ ਬਿਨ੍ਹਾਂ ਡਰੇ , ਬਿਨ੍ਹਾਂ ਕਿਸੇ ਦਬਾਅ ਦੇ ਆਪਣੀ ਵੋਟ ਅਧਿਕਾਰ ਦੀ ਵਰਤੋ ਕਰ ਸਕਣ।

ਸ੍ਰੀ ਅਗਰਵਾਲ ਨੇ ਅੱਜ ਇੱਥੇ ਬੁਲਾਈ ਗਈ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਲੋਕਸਭਾ-2024 ਦੇ ਚੋਣ ਨੂੰ ਚੋਣ ਦਾ ਪਰਵ-ਦੇਸ਼ ਦਾ ਗਰਵ ਸਿਰਲੇਖ ਵਾਕ ਨਾਂਅ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਪਰਵ ਨੂੰ ਖੁਸ਼ੀ, ਸ਼ਾਂਤੀ, ਭਾਈਚਾਰੇ ਦੇ ਨਾਲ ਮਨਾਉਣਾ ਸੂਬਿਆਂ ਦੇ ਮੁੱਖ ਚੋਣ ਅਧਿਕਾਰੀ ਦਫਤਰਾਂ ਦੀ ਜਿਮੇਵਾਰੀ ਹੈ।

ਮੀਟਿੰਗ ਵਿਚ ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਗਈ ਕਿ ਸ਼ੁਰੂ ਵਿਚ ਕੇਂਦਰ ਸਰਕਾਰ ਤੋਂ ਭਵਿੱਖ ਵਿਚ ਹੋਣ ਵਾਲੇ ਹਰਿਆਣਾ ਚੋਣ ਦੌਰਾਨ ਸਾਰੀ 10 ਲੋਕਸਭਾ ਕੰਮਿਊਨਿਟੀ ਖੇਤਰਾਂ ਵਿਚ 10 ਕੇਂਦਰੀ ਰਿਜਵਰ ਪੁਲਿਸ ਫੋਰਸ ਅਤੇ 5 ਭਾਂਰਤ ਤਿਬੱਤ ਸੀਮਾ ਪੁਲਿਸ ਦੀ ਕੰਪਨੀਆਂ ਦਿੱਤੀਆਂ ਹਨ।

ਇਨ੍ਹਾਂ ਵਿਚ ਅੰਬਾਲਾ ਲੋਕ ਸਭਾ ਖੇਤਰ ਜਿਸ ਵਿਚ ਪੰਚਕੂਲਾ ਅਤੇ ਯਮੁਨਾਨਗਰ ਜਿਲ੍ਹੇ ਵੀ ਪੈਂਦੇ ਹਨ ਉੱਥੇ ਦੋ ਕੇਂਦਰੀ ਪੁਲਿਸ ਰਿਜਰਵ ਫੋਰਸ (ਸੀਆਰਪੀਐਫ) ਦੇ ਲਈ ਦੋ ਕੰਪਨੀਆਂ, ਕੁਰੂਕਸ਼ੇਤਰ ਲੋਕਸਭਾ ਖੇਤਰ ਲਈ ਸੀਆਰਪੀਐਫ ਦੀ ਇਕ, ਕਰਨਾਲ ਲੋਕਸਭਾ ਖੇਤਰ ਲਈ ਸੀਆਰਪੀਐਫ ਦੀ ਇਕ, ਸਿਰਸਾ ਲੋਕ ਸਭਾ ਖੇਤਰ ਜਿਸ ਵਿਚ ਸਿਰਸਾ, ਫਤਿਹਾਬਾਦ ਤੇ ਡਬਵਾਲੀ ਜਿਲ੍ਹੇ ਸ਼ਾਮਿਲ ਹਨ, ਦੇ ਲਈ ਸੀਆਰਪੀਐਫ ਦੀ ਦੋ, ਹਿਸਾਰ ਲੋਕ ਸਭਾ ਖੇਤਰ ਲਈ ਸੀਆਰਪੀਐਫ ਦੀ ਦੋ, ਰੋਹਤਕ ਲੋਕਸਭਾ ਖੇਤਰ ਲਈ ਸੀਆਰਪੀਐਫ ਦੀ ਦੋ ਕੰਪਨੀਆਂ, ਜਿਸ ਵਿਚ ਇਕ ਰੋਹਤਕ ਜਿਲ੍ਹੇ ਵਿਚ ਤੇ ਇਕ ਝੱਜਰ ਜਿਲ੍ਹੇ ਵਿਚ ਤੈਨਾਤ ਕੀਤੀਆਂ ਜਾਣਗੀਆਂ।

ਇਸੀ ਤਰ੍ਹਾ, ਸੋਨੀਪਤ, ਭਿਵਾਨੀ-ਮਹੇਂਦਰਗੜ੍ਹ, ਗੁੜਗਾਂਓ (ਗੁਰੂਗ੍ਰਾਮ) ਅਤੇ ਫਰੀਦਾਬਾਦ ਲੋਕ ਸਭਾ ਖੇਤਰ ਵਿਚ ਭਾਰਤੀ ਤਿਬੱਤ ਸੀਮਾ ਪੁਲਿਸ (ਆਈਟੀਬੀਪੀ) ਦੇ ਇਕ-ਇਕ ਕੰਪਨੀ ਨੂੰ ਤੈਨਾਤ ਕੀਤਾ ਜਾਵੇਗਾ।

ਮੀਟਿੰਗ ਵਿਚ ਭਾਰਤ ਤਿਬੱਤ ਸੀਮਾ ਪੁਲਿਸ ਸਿਖਲਾਈ ਕੇਂਦਰ ਭਾਂਨੂ , ਪੰਚਦੂਲਾ ਦੇ ਆਈਜੀ ਹਰਦੀਪ ਦੂਨ, ਹਰਿਆਣਾ ਪੁਲਿਸ ਦੇ ਵਧੀਕ ਪੁਲਿਸ ਡਾਇਰੈਕਟਰ ਜਨਰਲ, ਸੁਰੱਖਿਆ, ਸੀਆਈਡੀ ਸੌਰਭ ਸਿੰਘ, ਸੀਮਾ ਸੁਰੱਖਿਆ ਬਲ, ਪੰਜਾਬ ਦੇ ਡੀਆਈਜੀ ਡਾ ਅਤੁਲ ਫਲਜੇਲੇ ਤੋਂ ਇਲਾਵਾ ਵਧੀਕ ਮੁੱਖ ਚੋਣ ਅਧਿਕਾਰੀ ਸ੍ਰੀਮਤੀ ਹੇਮਾ ਸ਼ਰਮਾ ਤੇ ਰਾਜਕੁਮਾਰ ਤੇ ਹੋਰ ਅਧਿਕਾਰੀ ਮੌਜੂਦ ਸਨ।

# ਚਿਰਾਯੂ-ਆਯੂਸ਼ਮਾਨ ਭਾਰਤ ਯੋਜਨਾ ਦਾ ਲਾਭ ਲੈਣ ਦੇ ਲਈ ਵਧਾਇਆ ਗਿਆ ਦਾਇਰਾ - ਅਨਿਲ ਵਿਜ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਰਾਜ ਵਿਚ ਯੋਗਸ਼ਾਲਾਵਾਂ ਸਮੇਤ 500 ਹੈਲਥ ਐਂਡ ਵੈਲਨੈਸ ਸੈਂਟਰ ਸਥਾਪਿਤ ਕੀਤੇ ਜਾਣਗੇ। ਇਸ ਦੇ ਲਈ ਬਜਟ ਵਿਚ ਪ੍ਰਾਵਧਾਨ ਕੀਤਾ ਗਿਆ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਕਿਹਾ ਕਿ ਸਰਕਾਰ ਆਯੂਸ਼ ਮੈਡੀਕਲ ਪੱਦਤੀ ਰਾਹੀਂ ਸਿਹਤ ਦੇਖਭਾਲ ਦੇ ਮੱਦੇਨਜਰ ਇਲਾਜ ਦੀ ਉਮੀਦ ਲੋਕਾਂ ਦੀ ਰੋਕਥਾਮ ਦੇ ਵੱਲ ਕੇਂਦ੍ਰਿਤ ਕਰਨਾ ਚਾਹੁੰਦੇ ਹਨ।

ਉਨ੍ਹਾਂ ਨੇ ਦਸਿਆ ਕਿ ਸਾਰੇ ਨਿਯਮਤ ਸਰਕਾਰੀ ਕਰਮਚਾਰੀਆਂ ਲਈ ਕੈਸ਼ਲੈਸ ਸਿਹਤ ਸਹੂਲਤ 1 ਜਨਵਰੀ, 2024 ਤੋਂ ਲਾਗੂ ਕਰ ਦਿੱਤੀ ਗਈ ਹੈ। ਇਸ ਦਾ ਉਦੇਸ਼ ਕਰਮਚਾਰੀਆਂ ਦੀ ਜੇਬ 'ਤੇ ਸਿਹਤ -ਦੇਖਭਾਲ ਦੇ ਖਰਚ ਦਾ ਭਾਰ ਨੂੰ ਘੱਅ ਕਰਨਾ ਹੈ।

ਸ੍ਰੀ ਵਿਜ ਨੇ ਕਿਹਾ ਕਿ ਇਸ ਦੇ ਲਈ ਹੁਣ ਤਕ 556 ਯੁਚੀਬੱਧ ਹਸਪਤਾਲਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ 1340 ਉਪਚਾਰ ਪੈਕੇਜਾਂ ਨੂੰ ਇਸ ਯੋਜਨਾ ਦੇ ਪੋਰਟਲ 'ਤੇ ਏਕੀਕ੍ਰਿਤ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਇਹ ਸਰਕਾਰੀ ਕਰਮਚਾਰੀਆਂ ਦੀ ਲੰਬੇ ਸਮੇਂ ਤੋਂ ਪੈਂਡਿੰਗ ਮੰਗ ਨੂੰ ਪੂਰਾ ਕਰੇਗਾ। ਅਤੇ ਉਨ੍ਹਾਂ ਦੇ ਪਰਿਵਾਰ ਦੀ ਸਿਹਤ ਦੇਖਭਾਲ ਲਾਗਤ ਨੂੰ ਭੁਗਤਾਨ ਕਰਨ ਵਿਚ ਮਹਤੱਵਪੂਰਨ ਰਾਹਤ ਪ੍ਰਦਾਨ ਕਰੇਗਾ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਤੋਂ ਸੂਬੇ ਵਿਚ ਚਿਰਾਯੂ ਆਯੂਸ਼ਮਾਨ ਭਾਰਤ ਯੋਜਨਾ ਦਾ ਲਾਭ ਉਨ੍ਹਾਂ ਪਰਿਵਾਰਾਂ ਨੂੰ ਵੀ ਦੇਣਾ ਸ਼ੁਰੂ ਕੀਤਾ ਸੀ, ਜਿਨ੍ਹਾਂ ਦੀ ਪਰਿਵਾਰ ਪਹਿਚਾਣ ਪੱਤਰ ਵਿਚ ਸਾਲਾਨਾ ਆਮਦਨ 1.80 ਲੱਖ ਰੁਪਏ ਤੋਂ 3 ਲੱਖ ਰੁਪਏ ਤਕ ਸੀ। ਇਸ ਦੇ ਲਈ ਉਨ੍ਹਾਂ ਨੇ 1500 ਰੁਪਏ ਦਾ ਸਾਲਾਨਾ ਭੁਗਤਾਨ ਕਰਨਾ ਹੁੰਦਾ ਹੈ। ਪਰ ਸੂਬੇ ਦੇ ਵਿੱਤ ਸਾਲ 2024-25 ਵਿਚ ਇਸ ਦਾ ਵਿਸਤਾਰ ਕੀਤਾ ਗਿਆ ਹੈ ਹੁਣ ਚਿਰਾਯੂ-ਆਯੂਸ਼ਮਾਨ ਭਾਰਤ ਯੋਜਨਾ ਦਾ ਲਾਭ ਉਨ੍ਹਾਂ ਪਰਿਵਾਰਾਂ ਤਕ ਵਧਾਇਆ ਗਿਆ ਹੈ ਜਿਨ੍ਹਾਂ ਦੀ ਸਾਲਾਨਾ ਆਮਦਨ 3 ਲੱਖ ਤੋਂ 6 ਲੱਖ ਰੁਪਏ ਹੈ। ਉਹ ਲੋਕ 4000 ਰੁਪਏ ਦੇ ਸਾਲਾਨਾ ਯੋਗਦਾਨ ਦਾ ਭੁਗਤਾਨ ਕਰ ਕੇ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ। ਇਸ ਤੋਂ ਇਲਾਵਾ, 6 ਲੱਖ ਰੁਪਏ ਤੋਂ ਵੱਧ ਦੀ ਸਾਲਾਨਾ ਆਮਦਨ ਵਰਗ ਵਾਲੇ ਲੋਕ ਵੀ 5000 ਰੁਪਏ ਦੇ ਸਾਲਾਨਾ ਯੋਗਦਾਨ ਦਾ ਭੁਗਤਾਨ ਕਰ ਕੇ ਇਸ ਦ; ਲਾਭ ਪ੍ਰਾਪਤ ਕਰ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਾਲ 2023 ਵਿਚ ਪੰਡਿਤ ਭਗਵਤ ਦਿਆਲ ਸ਼ਰਮਾ ਪੋਸਟ ਗਰੈਜੂਏਟ ਇੰਸਟੀਟਿਯੂ ਆਫ ਮੈਡੀਕਲ ਸਾਇੰਸ ਰੋਹਤਕ ਵੱਲੋਂ ਕਿਡਨੀ ਟ੍ਰਾਂਸਪਲਾਂਟ ਸ਼ੁਰੂ ਕੀਤਾ ਗਿਆ ਹੈ ਅਤੇ ਹੁਣ ਜਲਦੀ ਹੀ ਲੀਵਰ ਟ੍ਰਾਂਸਪਲਾਂਟ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ, ਜਿਸ ਦੇ ਲਈ ਮੰਜੂਰੀ ਪ੍ਰਦਾਨ ਕਰ ਦਿੱਤੀ ਗਈ ਹੈ।

# ਮੱਛੀ ਪਾਲਣ ਅਧਿਕਾਰੀ ਵੇਦਪਾਲ ਨੂੰ 40 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥਾਂ ਗਿਰਫਤਾਰ ਕੀਤਾ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਏਂਟੀ ਕਰਪਸ਼ਨ ਬਿਊਰੋ ਦੀ ਗੁਰੂਗ੍ਰਾਮ ਟੀਮ ਅੱਜ ਜਿਲ੍ਹਾ ਰਿਵਾੜੀ ਵਿਚ ਤੈਨਾਤ ਜਿਲ੍ਹਾ ਮੱਛੀ ਪਾਲਣ ਅਧਿਕਾਰੀ ਵੇਦਪਾਲ ਨੂੰ 40 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥਾਂ ਗਿਰਫਤਾਰ ਕੀਤਾ।

ਬਿਊਰੋ ਦੇ ਬੁਲਾਰੇ ਨੇ ਇਸ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਬਿਊਰੋ ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਸ਼ਿਕਾਇਤਕਰਤਾ ਦੀ ਧਰਮਪਤਨੀ ਵੱਲੋਂ ਮੱਛੀ ਪਾਲਣ ਵਿਭਾਗ ਵਿਚ ਸੰਚਾਲਿਤ ਯੋਜਨਾ ਦੇ ਤਹਿਤ 25 ਮੱਛੀ ਪਾਲਣ ਬਾਇਓ ਫਲੋ ਟੈਂਕ ਲਗਾਏ ਗਏ ਸਨ। ਇਸ ਦੇ ਲਈ ਸ਼ਿਕਾਇਤਕਰਤਾ ਦੀ ਧਰਮਪਤਨੀ ਵੱਲੋਂ 60 ਫੀਸਦੀ ਤਕ ਦੀ ਰਕਮ ਮਤਲਬ 17 ਲੱਖ 75 ਹਜਾਰ ਰੁਪਏ ਦਾ ਬੈਂਕ ਤੋਂ ਲੋਨ ਵੀ ਕੀਤਾ ਗਿਆ। ਇਸ ਯੋਜਨਾ ਤਹਿਤ ਮਹਿਲਾ ਨੂੰ ਮੱਛੀ ਪਾਲਣ ਵਿਭਾਗ ਦੇ ਵੱਲੋਂ ਸਬਸਿਡੀ ਦੀ ਰਕਮ ਉਪਲਬਧ ਕਰਵਾਈ ਜਾਣੀ ਸੀ। ਇਸ ਸਬਸਿਡੀ ਦੀ ਰਕਮ ਨੂੰ ਮੰਜੂਰ ਕਰਨ ਦੇ ਬਦਲੇ ਵਿਚ ਜਿਲ੍ਹਾ ਮੱਛੀ ਪਾਲਣ ਅਧਿਕਾਰੀ ਵੇਦਪਾਲ ਵੱਲੋਂ ਮਹਿਲਾ ਤੋਂ 1 ਲੱਖ 45 ਹਜਾਰ ਰੁਪਏ ਦੀ ਰਕਮ ਦੀ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਵਿੱਚੋਂ ਦੋਸ਼ੀ ਵੱਲੋਂ 10000 ਰੁਪਏ ਦੀ ਰਿਸ਼ਵਤ ਪਹਿਲਾਂ ਹੀ ਲਈ ਜਾ ਚੁੱਕੀ ਸੀ ਅਤੇ 40 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਦੋਸ਼ੀ ਨੂੰ ਰੰਗੇ ਹੱਥਾਂ ਫੜਿਆ ਗਿਆ। ਦੋਸ਼ੀ ਦੇ ਖਿਲਾਫ ਹਰਿਆਣਾ ਏਂਟੀ ਕਰਪਸ਼ਨ ਬਿਊਰੋ ਗੁਰੂਗ੍ਰਾਮ ਵਿਚ ਮਾਮਲਾ ਦਰਜ ਕਰਦੇ ਹੋਏ ਉਸ ਦੀ ਗਿਰਫਤਾਰੀ ਕੀਤੀ ਗਈ ਹੈ।

ਬੁਲਾਰੇ ਨੇ ਆਮਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਅਧਿਕਾਰੀ ਅਤੇ ਕਰਮਚਾਰੀ ਸਰਕਾਰੀ ਕੰਮ ਕਰਨ ਦੀ ਏਵਜ ਵਿਚ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਤੁਰੰਤ ਇਸ ਦੀ ਜਾਣਕਾਰੀ ਤੁਰੰਤ ਹਰਿਆਣਾ ਏਂਟੀ ਕਰਪਸ਼ਨ ਬਿਊਰੋ ਦੇ ਟੋਲ ਫਰੀ ਨੰਬਰ-1800-180-2022 ਅਤੇ 1064 'ਤੇ ਦੇਣਾ ਯਕੀਨੀ ਕਰਨ।

# ਹਰਿਆਣਾ ਸਰਕਾਰ ਨੇ ਸੰਪਤੀ ਟੈਕਸਪੇਅਰਾਂ ਨੂੰ ਪ੍ਰੋਪਰਟੀ ਟੈਕਸ ਵਿਚ ਵਿਆਜ ਤੇ ਹੋਰ ਛੋਟ ਦੀ ਆਖੀਰੀ ਮਿੱਤੀ ਨੂੰ ਵਧਾ ਕੇ ਕੀਤਾ 31 ਮਾਰਚ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਮ ਜਨਤਾ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਸੰਪਤੀ ਟੈਕਸ ਪੇਅਰਾਂ ਦੀ ਸਹੂਲਤ ਲਈ ਪ੍ਰੋਪਰਟੀ ਟੈਕਸ ਦੇ ਵਿਆਜ ਤੇ ਹੋਰ ਛੋਟ ਦੀ ਆਖੀਰੀ ਮਿੱਤੀ ਨੂੰ ਵਧਾ ਕੇ 31 ਮਾਰਚ ਕਰ ਦਿੱਤਾ ਹੈ।

ਉਨ੍ਹਾਂ ਨੇ ਕਿਹਾ ਕਿ ਹੁਣ 31 ਮਾਰਚ, 2024 ਤਕ ਮਾਰਚ, 2023 ਤਕ ਦੇ ਪ੍ਰੋਪਰਟੀ ਟੈਕਸ ਦੇ ਵਿਆਜ 'ਤੇ ਸੌ-ਫੀਸਦੀ ਛੋਟ ਤੇ ਬਕਾਇਆ ਮੂਲ ਰਕਮ 'ਤੇ 15 ਫੀਸਦੀ ਦੀ ਛੋਟ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 2023 -24 ਦੇ ਪ੍ਰੋਪਰਟੀ ਟੈਕਸ 'ਤੇ 15 ਫੀਸਦੀ ਦੀ ਛੋਟ ਦਿੱਤੀ ਜਾ ਰਹੀ ਹੈ।

ਡਾ. ਗੁਪਤਾ ਨੇ ਨਗਰ ਨਿਗਮ ਖੇਤਰ ਵਿਚ ਆਉਣ ਵਾਲੀ ਸਾਰੇ ਸੰਪਤੀ ਟੈਕਸਪੇਅਰਸ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਤੁਰੰਤ ਆਪਣੀ ਪ੍ਰੋਪਰਟੀ ਨੂੰ ਸਵੈ-ਪ੍ਰਥਾਨਿਤ ਕਰ ਕੇ ਇਸ ਛੋਟ ਦਾ ਲਾਭ ਚੁੱਕਣ। ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮ ਖੇਤਰ ਵਿਚ ਆਉਣ ਵਾਲੇ ਉਨ੍ਹਾਂ ਸੰਪਤੀ ਟੈਕਸਪੇਅਰਸ ਨੂੰ ਨੋਟਿਸ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨੇ ਕਾਫੀ ਸਮੇਂ ਤੋਂ ਆਪਣਾ ਸੰਪਤੀ ਟੈਕਸ ਨਗਰਾਂ ਨਗਮ ਕੋਸ਼ ਵਿਚ ਜਮ੍ਹਾ ਨਹੀਂ ਕਰਵਾਇਆ ਹੈ। ਨੋਟਿਸ ਦੇ ਬਾਅਦ ਵੀ ਜੇਕਰ ਜੋ ਸੰਪਤੀ ਟੈਕਸਪੇਅਰ ਆਪਣਾ ਸੰਪਤੀ ਟੈਕਸ ਜਮ੍ਹਾ ਨਹੀਂ ਕਰਵਾਉਂਦਾ ਤਾਂ ਉਸ ਦੀ ਸੰਪਤੀ ਨੂੰ ਨਗਰ ਨਿਗਮ ਐਕਟ 1994 ਧਾਰਾ ਦੇ ਤਹਿਤ ਸੀਲਿੰਗ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਦਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਸੰਪਤੀ ਟੈਕਸ ਨਾਲ ਸਬੰਧਿਤ ਵੇਰਵਾ ਜਿਵੇਂ ਨਾਂਅ, ਏਰਿਆ, ਵਰਗ ਆਦਿ ਵਿਚ ਕੋਈ ਗਲਤੀ ਹੈ ਤਾਂ ਉਹ ਆਨਲਾਇਨ ਪੋਰਟਲ ਵਿਚ ਇਤਰਾਜ ਦਰਜ ਕਰਵਾ ਸਕਦੇ ਹਨ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਸਰਕਾਰ ਵੱਲੋਂ ਸੰਪਤੀ ਟੈਕਸਪੇਅ ਨਗਰ ਨਿਗਮ ਏਰਿਆ ਵਿਚ ਆਪਣੀ ਪ੍ਰੋਪਰਟੀ ਡਾਟਾ ਦੀ ਸੰਤੁਸ਼ਟੀ ਕਰ ਕੇ ਸਵੈ-ਪ੍ਰਮਾਣਤ ਕਰਨ 'ਤੇ ਪ੍ਰੋਪਰਟੀ ਟੈਕਸ ਵਿਚ ਛੋਟ ਪ੍ਰਦਾਨ ਕੀਤੀ ਗਈ ਹੈ।

# ਦੇਸ਼ ਵਿਚ ਡੇਅਰੀ ਉਤਪਾਦਨ ਵਿਚ ਹੈ ਹਰਿਆਣਾ ਦਾ ਅਹਿਮ ਯੋਗਦਾਨ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਵਿੱਤ ਸਾਲ 2024-25 ਵਿਚ 8 ਨਵੇਂ ਸਰਕਾਰੀ ਪਸ਼ੂ ਹਸਪਤਾਲ ਅਤੇ 18 ਸਰਕਾਰੀ ਪਸ਼ੂ ਡਿਸਪੈਂਸਰੀਆਂ ਖੋਲਣ ਦਾ ਫੈਸਲਾ ਕੀਤਾ ਹੈ। ਇਹ ਸਹੂਲਤਾਂ ਉਨ੍ਹਾਂ ਜਿਲ੍ਹਿਆਂ ਵਿਚ ਦਿੱਤੀਆਂ ਜਾਣਗੀਆਂ, ਜਿੱਥੇ ਪਸ਼ੂ ਮੈਡੀਕਲ ਸੇਵਾਵਾਂ ਪਸ਼ੂਧਨ ਆਬਾਦੀ ਦੇ ਅਨੁਪਾਤ ਵਿਚ ਘੱਟ ਹੈ।

ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਪਸ਼ੂਪਾਲਣ ਅਤੇ ਡੇਅਰੀ ਮੰਤਰੀ ਸ੍ਰੀ ਜੇ ਪੀ ਦਲਾਲ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਪਸ਼ੂਪਾਲਕਾਂ ਦੀ ਭਲਾਈ ਲਈ ਪ੍ਰਤੀਬੱਧ ਹੈ। ਇਸ ਪ੍ਰਤੀਬੱਧਤਾ ਵਿਚ ਪਸ਼ੂਪਾਲਨ ਅਤੇ ਪਾਲਣ-ਪੋਸ਼ਨ ਵਿਚ ਸ਼ਾਮਿਲ ਲੋਕਾਂ ਦੀ ਆਜੀਵਿਕਾ, ਉਤਪਾਦਕਤਾ ਅਤੇ ਸਮੂਚੇ ਭਲਾਈ ਲਈ ਨੀਤੀਆਂ ਅਤੇ ਪ੍ਰੋਗ੍ਰਾਮਾਂ ਨੂੰ ਲਾਗੂ ਕਰਨਾ ਸ਼ਾਮਿਲ ਹੈ। ਉਨ੍ਹਾਂ ਨੇ ਦਸਿਆ ਕਿ ਹਾਲ ਹੀ ਵਿਚ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਵੱਖ-ਵੱਖ ਜਿਲ੍ਹਿਆਂ ਵਿਚ ਇਸ ਸੇਵਾ ਨੂੰ ਮਜਬੂਤ ਕਰਨ ਲਈ 11.20 ਕਰੋੜ ਰੁਪਏ ਦੀ ਲਾਗਤ ਨਾਲ 70 ਮੋਬਾਇਲ ਪਸ਼ੂਧਨ ਏਬੂਲੈਂਸ ਲਾਂਚ ਕੀਤੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਰਾਜ ਦੇ ਪਸ਼ੂ ਮੈਡੀਕਲ ਹਸਪਤਾਲ ਕਾਲ ਸੈਂਟਰ ਟੋਲ ਫਰੀ ਨੰਬਰ 1962 ਦਾ ਵੀ ਉਦਘਾਟਨ ਕੀਤਾ ਹੈ ਜੋ ਕਿ 24×7 ਚਾਲੂ ਰਹੇਗਾ। ਉਨ੍ਹਾਂ ਨੇ ਦਸਿਆ ਕਿ ਪਹਿਲਾਂ ਸੂਬੇ ਵਿਚ 21 ਮੋਬਾਇਲ ਏਂਬੂਲੈਂਸ ਕੰਮ ਕਰਦੀਆਂ ਸਨ। 70 ਮੋਬਾਇਲ ਏਂਬੂਲੈਂਸ ਬੇੜੇ ਵਿਚ ਸ਼ਾਮਿਲ ਕੀਤਾ ਹੈ। ਹੁਣ ਬੇੜੇ ਵਿਚ 91 ਮੋਬਾਇਲ ਏਂਬੂਲੈਂਸ ਹੋ ਗਈਆਂ ਹਨ, ਜਿਸ ਨਾਲ ਪਸ਼ੂਮਾਲਿਕਾਂ ਨੂੰ ਫਾਇਦਾ ਮਿਲੇਗਾ।

ਮੰਤਰੀ ਨੇ ਕਿਹਾ ਕਿ ਮੱਛੀ ਪਾਲਣ ਖੇਤਰ ਨੂੰ ਪ੍ਰੋਤਸਾਹਨ ਦੇਣ ਲਈ ਸਰਕਾਰ ਤਿੰਨ ਮੋਬਾਇਲ ਜਲ ਜਾਂਚ ਲੈਂਵੈਨ ਰਾਹੀਂ ਮਿੱਟੀ ਅਤੇ ਜਲ ਜਾਂਚ ਸਹੂਲਤਾਂ ਸ਼ੁਰੂ ਕਰੇਗੀ, ਜੋ ਸਿੱਧੇ ਕਿਸਾਨਾਂ ਨੂੰ ਸੇਵਾਵਾ ਪ੍ਰਦਾਨ ਕਰਗੀ। ਇਸ ਤੋਂ ਇਲਾਵਾ, 4000 ਏਕੜ ਭੂਮੀ ਨੂੰ ਮੱਛੀ ਅਤੇ ਝੀਂਗਾ ਪਾਲਣ ਦੇ ਤਹਿਤ ਲਿਆਇਆ ਜਾਵੇਗਾ।

ਮੰਤਰੀ ਨੇ ਦਸਿਆ ਕਿ ਦੇਸ਼ ਦੇ ਦੁੱਧ ਉਤਪਾਦਨ ਵਿਚ ਹਰਿਆਣਾ ਦਾ ਮਹਤੱਵਪੂਰਨ ਯੋਗਦਾਨ ਹੈ। ਦੇਸ਼ ਵਿਚ ਕੁੱਲ ਪਸ਼ੂਧਨ ਆਬਾਦੀ ਵਿਚ ਰਾਜ ਦੀ ਹਿੱਸੇਦਾਰੀ ਸਿਰਫ 2.1 ਫੀਸਦੀ ਹੈ, ਪਰ ਕੌਮੀ ਦੁੱਧ ਉਤਪਾਦਨ ਵਿਚ ਇਸ ਦੀ ਹਿੱਸੇਦਾਰੀ 5.1 ਫੀਸਦੀ ਤੋਂ ਵੱਧ ਹੈ। ਰਾਜ ਦੀ ਰੋਜਾਨਾ ਪ੍ਰਤੀ ਵਿਅਕਤੀ ਧ੍ਹਿ ਉਪਲਬਧਤਾ 1098 ਗ੍ਰਾਮ ਹੈ, ਜੋ ਕਿ ਕੌਮੀ ਪੱਧਰ 'ਤੇ ਇਹ 459 ਗ੍ਰਾਮ ਪ੍ਰਤੀ ਵਿਅਕਤੀ ਰੋਜਾਨਾ ਤੋਂ ਲਗਭਗ ਜੋ 2.4 ਗੁਣਾ ਵੱਧ ਹੈ। ਇਸ ਲਈ ਹਰਿਆਣਾ ਡੇਅਰੀ ਉਤਪਾਦਨ ਵਿਚ ਐਕਸੀਲੈਂਸ ਬਣਾਏ ਗਏ ਹਨ।

# ਕਿਸਾਨਾਂ ਨੂੰ ਹਰਿਆਣਾ ਵਾਂਗ ਰਿਆਇਤਾਂ ਦੇਵੇ ਪੰਜਾਬ ਸਰਕਾਰ: ਦੁਸ਼ਿਅੰਤ



**ਸ਼ਾਹਬਾਦ ਮਾਰਕੰਡਾ,5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉੱਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਅੱਜ ਇੱਥੇ ਕਿਹਾ ਕਿ ਹਰਿਆਣਾ ਵਾਂਗ ਪੰਜਾਬ ਨੂੰ ਵੀ 14 ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਦੇਣਾ ਚਾਹੀਦਾ ਹੈ। 3 ਮਾਰਚ ਨੂੰ ਕਰਨਾਲ ਵਿਚ ਜਨ ਨਾਇਕ ਜਨਤਾ ਪਾਰਟੀ ਦੀ ਰਾਸ਼ਟਰੀ ਤੇ ਸੂਬਾ ਕਾਰਜਕਾਰਨੀ ਦੀ ਅਹਿਮ ਬੈਠਕ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਬੈਠਕ ਵਿਚ ਜੇਜੇਪੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਆਗਾਮੀ ਰਣਨੀਤੀ ਤਿਆਰ ਕੀਤੀ ਜਾਏਗੀ ਤੇ ਸੰਗਠਨ ਗਤੀਵਿਧੀਆਂ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਪਾਰਟੀ ਆਹੁਦੇਦਾਰਾਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ ਜਾਣਗੇ। ਚੌਟਾਲਾ ਅੱਜ ਕੁਰੂਕਸ਼ੇਤਰ ਵਿਚ ਆਪਣੇ ਦੌਰੇ ਦੌਰਾਨ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਭਾਜਪਾ-ਜਜਪਾ ਗੱਠਜੋੜ ਦੇ ਸੁਆਲ 'ਤੇ ਉਨ੍ਹਾਂ ਕਿਹਾ ਕਿ ਇਸ ਵਿਸ਼ੇ 'ਤੇ ਐਨਡੀਏ ਦੀ ਬੈਠਕ ਵਿਚ ਫੈਸਲਾ ਲਿਆ ਜਾਏਗਾ। ਕਿਸਾਨ ਅੰਦੋਲਨ ਦੇ ਸੁਆਲ 'ਤੇ ਚੌਟਾਲਾ ਨੇ ਕਿਹਾ ਕਿ ਨਫੇ ਸਿੰਘ ਕਤਲ ਮਾਮਲੇ ਵਿਚ ਵਿਚ ਦੁਸ਼ਿਅੰਤ ਚੌਟਾਲਾ ਨੇ ਕਿਹਾ ਕਿ ਪਰਿਵਾਰ ਦੀ ਮੰਗ 'ਤੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਹੈ ਤੇ ਝੱਜਰ ਦੇ ਐੱਸਪੀ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਇਸ ਦੌਰਾਨ ਚੌਟਾਲਾ ਨੇ ਹਰਿਆਣਾ ਦੇ ਇਕਲੌਤੇ 'ਪ੍ਰਧਾਨ ਮੰਤਰੀ ਯੁਵਾ ਲੇਖਕ ਸਨਮਾਨ' ਨਾਲ ਸਨਮਾਨਿਤ ਸਰਤਾਜ ਸਿੰਘ ਨਾਲ ਵੀ ਮੁਲਾਕਾਤ ਕੀਤੀ। ਦੁਸ਼ਿਅੰਤ ਚੌਟਾਲਾ ਨੇ ਸਿੱਖਿਆ ਦੇ ਖੇਤਰ ਵਿਚ ਮੱਲਾਂ ਮਾਰਨ ਲਈ ਸਰਤਾਜ ਸਿੰਘ ਦੀ ਸ਼ਲਾਘਾ ਕੀਤੀ ਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਦੌਰਾਨ ਉਨ੍ਹਾਂ ਬਾਕੀਆਂ ਨੂੰ ਵਧ ਤੋਂ ਵਧ ਪੜ੍ਹਾਈ ਕਰ ਕੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਆ।

ਸਰਤਾਜ ਨੇ ਚੌਟਾਲਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਪੁਸਤਕ ਭੇਟ ਕੀਤੀ। ਅੰਤ ਵਿੱਚ ਚੌਟਾਲਾ ਨੇ ਕਿਹਾ ਕਿ ਗੱਠਜੋੜ ਦੀ ਅਗਵਾਈ ਹੇਠ ਸੂਬੇ ਦਾ ਸਰਬਪੱਖੀ ਵਿਕਾਸ ਹੋਇਆ ?ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਈ ਲੋਕ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਜਿਨ੍ਹਾਂ ਦਾ ਵੱਡੀ ਗਿਣਤੀ ਲਾਭਪਾਤਰੀਆਂ ਨੇ ਲਾਭ ਲਿਆ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਲੋਕਾਂ ?ਲਈ ਕਾਰਜ ਕਰਦੇ ਰਹਿਣਗੇ। ਇਸ ਮੌਕੇ ਜੇਜੇਪੀ ਵਿਧਾਇਕ ਰਾਮ ਕਰਣ ਕਾਲਾ, ਜ਼ਿਲ੍ਹਾ ਪ੍ਰਧਾਨ ਕੁਲਦੀਪ ਜਖਵਾਲਾ, ਯੁਵਾ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਖਹਿਰਾ, ਜਗਬੀਰ ਮੋਹੜੀ, ਜੋਗ ਧਿਆਨ ਲਾਡਵਾ, ਸੁਨੀਲ ਰਾਣਾ ਤੇ ਹੋਰ ਹਾਜ਼ਰ ਸਨ।

# ਖੱਟਰ ਸਰਕਾਰ ਪੁਲੀਸ ਦੀ ਵਰਤੋਂ ਅਪਰਾਧੀਆਂ ਦੀ ਥਾਂ ਕਿਸਾਨਾਂ ਮਜ਼ਦੂਰਾਂ 'ਤੇ ਕਰ ਰਹੀ ਹੈ: ਦੀਪੇਂਦਰ ਹੁੱਡਾ

**ਸਿਰਸਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਕਿਹਾ ਹੈ ਕਿ ਖੱਟਰ ਸਰਕਾਰ ਪੁਲੀਸ ਨੂੰ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਨਹੀਂ ਸਗੋਂ ਆਪਣੀਆਂ ਹੱਕੀ ਮੰਗਾਂ ਲਈ ਅੰਦੋਲਨ ਕਰ ਰਹੇ ਕਿਸਾਨਾਂ ਮਜ਼ਦੂਰਾਂ 'ਤੇ ਵਰਤ ਰਹੀ ਹੈ। ਉਹ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਕਿਹਾ ਕਿ ਰੋਹਤਕ ਦੇ ਲਖਨਮਾਜਰਾ ਨੇੜੇ ਅਣਪਛਾਤੇ ਸ਼ੂਟਰਾਂ ਨੇ ਗੁੜਗਾਓਂ ਦੇ ਇਕ ਵਪਾਰੀ ਦੀ ਕਾਰ 'ਤੇ ਬੇਰਹਿਮੀ ਨਾਲ ਗੋਲੀਆਂ ਚਲਾ ਕੇ ਕਤਲ ਕਰ ਦਿੱਤਾ। ਹਰਿਆਣਾ, ਜਿਸ ਨੂੰ 2014 ਤੋਂ ਪਹਿਲਾਂ ਵਿਕਾਸ ਵਜੋਂ ਜਾਣਿਆ ਜਾਂਦਾ ਸੀ, ਅੱਜ ਖੱਟਰ ਸਰਕਾਰ ਦੇ 10 ਸਾਲਾਂ ਦੌਰਾਨ ਅਪਰਾਧ ਰਾਜ ਵਜੋਂ ਜਾਣਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਹਰਿਆਣਾ ਦੇਸ਼ ਭਰ ਵਿੱਚ ਬੇਰੁਜ਼ਗਾਰੀ, ਨਸ਼ਿਆਂ ਅਤੇ ਅਪਰਾਧ ਵਿੱਚ ਨੰਬਰ ਇੱਕ ਉੱਤੇ ਪਹੁੰਚ ਗਿਆ ਹੈ।

ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ ਅਤੇ ਸੂਬੇ ਵਿੱਚ ਜੰਗਲ ਰਾਜ ਕਾਇਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਾਨੂੰਨ ਵਿਵਸਥਾ ਕਾਇਮ ਰੱਖਣ 'ਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਸਰਕਾਰ ਅਪਰਾਧੀਆਂ ਅੱਗੇ ਬੇਵੱਸ ਨਜ਼ਰ ਆ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ 'ਚ ਅਗਲੀ ਸਰਕਾਰ ਕਾਂਗਰਸ ਦੀ ਬਣੇਗੀ ਅਤੇ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਸਰਕਾਰ ਪੂਰਾ ਕਰੇਗੀ। ਇਸ ਮੌਕੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ, ਰਾਜ ਕੁਮਾਰ ਸ਼ਰਮਾ ਆਦਿ ਮੌਜੂਦ ਸਨ।

# ਦਫ਼ਤਰ ਵਿੱਚ ਅਧਿਕਾਰੀ ਨਾ ਮਿਲਣ ਕਾਰਨ ਲੋਕ ਹੋ ਰਹੇ ਨੇ ਖੁਆਰ

**ਡੱਬਵਾਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਸਥਾਨਕ ਤਹਿਸੀਲ ਦਫ਼ਤਰ ਵਿਖੇ ਸਮੇਂ ਸਿਰ ਅਧਿਕਾਰੀ ਨਾਲ ਮਿਲਣ ਕਾਰਨ ਲੋਕ ਪ੍ਰੇਸ਼ਾਨ ਹਨ। ਇਸ ਕਾਰਨ ਲੋਕਾਂ ਨੂੰ ਰਜਿਸਟਰੀਆਂ, ਵਿਆਹ ਸਰਟੀਫਿਕੇਟ ਅਤੇ ਕੇਸੀਸੀ ਲੋਨ, ਹੋਰਨਾਂ ਦਸਤਾਵੇਜ਼ਾਂ ਸਬੰਧੀ ਕਈ-ਕਈ ਦਿਨਾਂ ਤੱਕ ਤਹਿਸੀਲ ਦੇ ਗੇੜੇ ਕੱਟਣ ਪੈ ਰਹੇ ਹਨ। ਅੱਜ ਤਹਿਸੀਲ ਵਿੱਚ ਅਧਿਕਾਰੀ ਨਾ ਮੌਜੂਦ ਹੋਣ ਕਾਰਨ ਰਜਿਸਟਰੀਆਂ ਲਈ ਕਈ-ਕਈ ਦਿਨਾਂ ਤੋਂ ਭਟਕ ਰਹੇ ਦਰਜਨਾਂ ਲੋਕ ਜਦੋਂ ਦੁਪਹਿਰੇ ਐੱਸਡੀਐੱਮ ਦਫ਼ਤਰ ਪੁੱਜੇ, ਤਾਂ ਉੱਥੇ ਐੱਸਡੀਐੱਮ ਵੀ ਮੌਜੂਦ ਨਾ ਮਿਲੇ। ਜ਼ਿਕਰਯੋਗ ਹੈ ਕਿ ਇੱਕ ਵਾਰ ਵਿੱਚ ਰਜਿਸਟਰੀ ਕਾਰਜ ਨਾ ਨਿੱਬੜਨ 'ਤੇ ਉਨ੍ਹਾਂ ਨੂੰ ਹਰ ਵਾਰ ਤਹਿਸੀਲ ਵਿੱਚ ਸਥਿਤ ਨਿੱਜੀ ਦੁਕਾਨਾਂ ਤੋਂ ਕਰੀਬ 100- 150 ਅਦਾ ਕਰਕੇ ਆਨਲਾਈਨ ਟੋਕਨ ਬਣਵਾਉਣ ਪੈਂਦੇ ਹਨ। ਅੱਜ ਤਹਿਸੀਲ ਵਿੱਚ ਆਨਲਾਈਨ 121 ਟੋਕਨ ਦਰਜ ਹੋਏ। ਬਾਅਦ ਦੁਪਹਿਰ ਤੱਕ 11 ਟੋਕਨ ਦੀ ਰਜਿਸਟਰੀ ਆਦਿ ਹੀ ਨਿਪਟਾਈ ਗਈ। ਜਾਣਕਾਰੀ ਮੁਤਾਬਕ ਅਧਿਕਾਰੀ ਦੋ ਦਿਨਾਂ ਛੁੱਟੀ 'ਤੇ ਸੀ।ਐਸਡੀਐਮ ਦਫ਼ਤਰ ਦੇ ਮੂਹਰੇ ਪੁੱਜੇ ਪਿੰਡ ਫੂੱਲੋ ਦੇ ਜਸਪ੍ਰੀਤ ਸਿੰਘ ਨੇ ਦੱਸਿਅਕਿ ਉਹ ਪਿਛਲੇ ਅੱਠ ਦਿਨਾਂ ਤੋਂ ਰਜਿਸਟਰੀ ਲਈ ਤਹਿਸੀਲ ਦੇ ਗੇੜੇ ਕੱਢ ਰਿਹਾ ਹੈ। ਉਹ ਹੁਣ ਤੱਕ ਕਰੀਬ ਸੱਤ ਵਾਰ ਟੋਕਨ ਬਣਵਾ ਚੁੱਕਿਆ ਹੈ। ਸਾਰਾ ਬੈਠਨ ਮਗਰੋਂ ਅੱਜ ਵੀ ਰਜਿਸਟਰੀ ਨਹੀਂ ਹੋਈ। ਵਾਰਡ 20 ਦੀ ਔਰਤ ਸੰਤੋਸ਼ ਰਾਣੀ ਨੇ ਦੱਸਿਆ ਕਿ ਉਹ ਪਲਾਟ ਦੀ ਰਜਿਸਟਰੀ ਲਈ ਮਹੀਨੇ ਤੋਂ ਭਟਕ ਰਹੀ ਹੈ। ਮਨਿੰਦਰ ਸਿੰਘ ਸਕਤਾਖੇੜਾ ਨੇ ਦੱਸਿਆ ਕਿ ਨਾਮ ਦਰੁੱਸਤੀ ਦਾ ਇਤਰਾਜ਼ ਠੀਕ ਕਰਵਾਉਣ ਦੇ ਬਾਵਜੂਦ ਚਾਰ ਦਿਨ ਬਾਅਦ ਵੀ ਉਨ੍ਹਾਂ ਦੀ ਰਜਿਸਟਰੀ ਨਹੀਂ ਹੋਈ। ਦੂਜੇ ਪਾਸੇ ਨਾਇਬ ਤਹਿਸੀਲਦਾਰ ਓਮਬੀਰ ਸਿੰਘ ਦਾ ਕਹਿਣਾ ਸੀ ਕਿ ਉਹ ਕੁੱਝ ਕਾਰਜ ਨਿਬੇੜ ਕੇ ਹਾਈ ਕੋਰਟ ਨਾਲ ਜੁੜੇ ਸਰਪਲੱਸ ਦੇ ਮਾਮਲੇ ਦੀ ਤਿਆਰੀ ਵਿੱਚ ਜੁਟੇ ਹੋਏ ਸਨ। ਇਸੇ ਕਰਕੇ ਉਨ੍ਹਾਂ ਨੂੰ ਦਫ਼ਤਰ ਤੋਂ ਜਾਣਾ ਪਿਆ। ਇਸ ਦੌਰਾਨ ਐੱਸਡੀਐੱਮ ਦਾ ਫੋਨ ਨੋ ਰਿਪਲਾਈ ਆ ਰਿਹਾ ਸੀ। ਐੱਸਡੀਐੱਮ ਅਭੈ ਸਿੰਘ ਜਾਂਗੜਾ ਦਾ ਕਹਿਣਾ ਸੀ ਕਿ ਉਹ ਹੁਣੇ ਇਸ ਬਾਰੇ ਚੈੱਕ ਕਰਵਾਉਂਦੇ ਹਨ।

# ਸਰਕਾਰ ਨੇ ਓਬੀਸੀ ਭਾਈਚਾਰੇ ਨੂੰ ਹੱਕ ਦਿੱਤੇ: ਸੰਦੀਪ ਸਿੰਘ

**ਪਿਹੋਵਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਜਪਾ ਓਬੀਸੀ ਮੋਰਚੇ ਵੱਲੋਂ ਅੱਜ ਪਿੰਡ ਰੂੰਆਂ ਵਿੱਚ ਸਮਾਜਿਕ ਸਦਭਾਵਨਾ ਸੰਮੇਲਨ ਕਰਵਾਇਆ ਗਿਆ। ਇਸ ਵਿੱਚ ਰਾਜ ਮੰਤਰੀ ਸੰਦੀਪ ਸਿੰਘ ਅਤੇ ਓਬੀਸੀ ਮੋਰਚਾ ਦੇ ਸੂਬਾ ਪ੍ਰਧਾਨ ਸਾਬਕਾ ਮੰਤਰੀ ਕਰਨ ਦੇਵ ਕੰਬੋਜ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਰਾਜ ਮੰਤਰੀ ਸੰਦੀਪ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਓਬੀਸੀ ਵਰਗ ਨੂੰ ਉਨ੍ਹਾਂ ਦੇ ਹੱਕ ਦਿੱਤੇ ਹਨ। ਓਬੀਸੀ ਮੋਰਚਾ ਦੇ ਸੂਬਾ ਪ੍ਰਧਾਨ ਕਰਨ ਦੇਵ ਕੰਬੋਜ ਨੇ ਕਿਹਾ ਕਿ ਕਾਂਗਰਸ ਹਮੇਸ਼ਾ ਪੱਛੜੇ ਵਰਗ ਨੂੰ ਭੀੜ ਇਕੱਠੀ ਕਰਨ ਦਾ ਜ਼ਰੀਆ ਸਮਝਦੀ ਹੈ। ਕਾਨਫਰੰਸ ਨੂੰ ਜ਼ਿਲ੍ਹਾ ਪ੍ਰਧਾਨ ਰਵੀ ਬਤਨ, ਪ੍ਰਧਾਨ ਫੂਲ ਸਿੰਘ ਪਾਲ ਆਦਿ ਨੇ ਵੀ ਸੰਬੋਧਨ ਕੀਤਾ।

# ਟੈਕਨੀਕਲ ਵਿੰਗ ਦੇ ਅਧਿਕਾਰੀ ਨਾ ਪੁੱਜਣ ਕਾਰਨ ਕੌਂਸਲਰਾਂ ਦੀ ਮੀਟਿੰਗ ਮੁਲਤਵੀ

**ਰਤੀਆ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰਪਾਲਿਕਾ ਦੇ ਕੌਂਸਲਰਾਂ ਦੀ ਟੈਂਡਰਾਂ ਨਾਲ ਸਬੰਧਤ ਬੁਲਾਈ ਗਈ ਬਜਟ ਮੀਟਿੰਗ ਵਿਚ ਟੈਕਨੀਕਲ ਵਿੰਗ ਦੇ ਅਧਿਕਾਰੀਆਂ ਦੇ ਨਾ ਪਹੁੰਚਣ ਕਾਰਨ ਮੀਟਿੰਗ ਨੂੰ ਇਕ ਦਿਨ ਲਈ ਮੁਲਤਵੀ ਕਰਨਾ ਪਿਆ। ਪਿਛਲੇ ਦਿਨੀਂ ਸ਼ਹਿਰ ਦੇ ਵਿਕਾਸ ਕੰਮਾਂ ਨੂੰ ਲੈ ਕੇ ਕਰੀਬ 4.50 ਕਰੋੜ ਰੁਪਏ ਦੇ ਟੈਂਡਰ ਖੋਲ੍ਹੇ ਗਏ ਸਨ ਅਤੇ ਇਸ ਨਾਲ ਸਬੰਧਤ ਬਜਟ ਦੀ ਮੀਟਿੰਗ ਅੱਜ ਬੁਲਾਈ ਗਈ ਸੀ। ਨਗਰਪਾਲਿਕਾ ਦੀ ਚੇਅਰਪਰਸਨ ਪ੍ਰੀਤੀ ਖੰਨਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਨਗਰਪਾਲਿਕਾ ਸਕੱਤਰ ਪੰਕਜ ਜੂਨ ਨੇ ਕਾਰਵਾਈ ਸ਼ੁਰੂ ਕੀਤੀ ਤਾਂ ਮੀਟਿੰਗ ਵਿਚ ਮੌਜੂਦ ਕੌਂਸਲਰਾਂ ਨੇ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਕਿ ਪਿਛਲੇ ਟੈਂਡਰ ਦੀ ਕੁੱਝ ਰਾਸ਼ੀ ਗਲੀਆਂ ਵਿਚ ਨਹੀਂ ਲਗਾਈ ਗਈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪਿਛਲੇ ਟੈਂਡਰਾਂ ਨੂੰ ਨਾ ਲਗਾਉਣ ਬਾਰੇ ਟੈਕਨੀਕਲ ਅਧਿਕਾਰੀ ਸਹੀ ਸਥਿਤੀ ਸਪੱਸ਼ਟ ਨਹੀਂ ਕਰਦੇ ਉਦੋਂ ਤੱਕ ਮੀਟਿੰਗ ਦਾ ਕੋਈ ਫਾਇਦਾ ਨਹੀਂ ਹੈ।

# ਵਿਦਿਆਰਥਣਾਂ ਵੱਲੋਂ ਵੀਸੀ ਦਫ਼ਤਰ ਅੱਗੇ ਮੁਜ਼ਾਹਰਾ



**ਸਿਰਸਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੌਧਰੀ ਦੇਵੀ ਲਾਲ ਯੂਨੀਵਰਸਿਟੀ 'ਚ ਸਥਿਤ ਹਰਕੀ ਦੇਵੀ ਹੋਸਟਲ ਦੀਆਂ ਵਿਦਿਆਰਥਣਾਂ ਨੇ ਵਾਈਸ ਚਾਂਸਲਰ ਦੇ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਹੋਸਟਲ ਦੀ ਵਾਰਡਨ ਨੂੰ ਹਟਾਉਣ ਦੀ ਮੰਗ ਕੀਤੀ। ਵਿਦਿਆਰਥਣਾਂ ਨੇ ਮਿਆਰੀ ਖਾਣਾ ਨਾ ਮਿਲਣ ਦੇ ਗੰਭੀਰ ਦੋਸ਼ ਲਾਏ। ਸੀਡੀਐੱਲਯੂ ਦੇ ਹਰਕੀ ਦੇਵੀ ਹੋਸਟਲ ਦੀਆਂ ਵਿਦਿਆਰਥਣਾਂ ਅੱਜ ਵਾਈਸ ਚਾਂਸਲਰ ਦੇ ਦਫ਼ਤਰ ਅੱਗੇ ਇਕੱਠੀਆਂ ਹੋਈਆਂ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਹੋਸਟਲ ਦੀ ਵਾਰਡਨ ਨੂੰ ਹਟਾਏ ਜਾਣ ਦੀ ਮੰਗ ਕੀਤੀ।

ਇਸ ਦੌਰਾਨ ਵਿਦਿਆਰਥਣਾਂ ਨਾਲ ਗੱਲਬਾਤ ਕਰਨ ਆਏ ਯੂਨੀਵਰਸਿਟੀ ਦੇ ਰਜਿਸਟਾਰ ਰਾਜੇਸ਼ ਬਾਂਸਲ ਨੂੰ ਵਿਦਿਆਰਥਣਾਂ ਨੇ ਦੱਸਿਆ ਕਿ ਮੈਸ ਵਿੱਚੋਂ ਮਿਲਣ ਵਾਲਾ ਖਾਣਾ ਬਹੁਤ ਹੀ ਹੇਠਲੇ ਪੱਧਰ ਦਾ ਹੁੰਦਾ ਹੈ। ਇਸ ਸਬੰਧੀ ਕਈ ਵਾਰ ਵਾਰਡਨ ਨੂੰ ਜਾਣੂ ਕਰਵਾਇਆ ਗਿਆ ਹੈ ਪਰ ਪਰਨਾਲਾ ਉਥੇ ਦਾ ਉਥੇ ਹੈ। ਰਜਿਸਟਾਰ ਨੇ ਵਿਦਿਆਰਥਣਾਂ ਦੀ ਗੱਲ ਸੁਣਨ ਮਗਰੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਨਗੇ ਅਤੇ ਉਨ੍ਹਾਂ ਵੱਲੋਂ ਦਿੱਤੀ ਗਈ ਲਿਖਤੀ ਸ਼ਿਕਾਇਤ 'ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮਗਰੋਂ ਵਿਦਿਆਰਥਣਾਂ ਸ਼ਾਂਤ ਹੋਈਆਂ। ਇਸ ਮੌਕੇ ਵਿਦਿਆਰਥਣ ਪਿੰਕੀ, ਸਰੋਜ, ਮੀਨਾਕਸ਼ੀ, ਰੁਪਿੰਦਰਾ, ਪ੍ਰਵੀਨ ਨੇ ਦੱਸਿਆ ਕਿ ਹੋਸਟਲ ਵਿੱਚ 250 ਦੇ ਕਰੀਬ ਵਿਦਿਆਰਥਣਾਂ ਰਹਿੰਦੀਆਂ ਹਨ।

# ਅਨੁਸੂਚਿਤ ਜਾਤੀ ਅਧਿਆਪਕ ਐਸੋਸੀਏਸ਼ਨ ਵੱਲੋਂ ਸਰਕਾਰ ਖ਼ਿਲਾਫ਼ ਮੁਜ਼ਾਹਰਾ

**ਜੀਂਦ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਅਨੁਸੂਚਿਤ ਜਾਤੀ ਅਧਿਆਪਕ ਸੰਘ ਨੇ ਅੱਜ ਜ਼ਿਲ੍ਹਾ ਪ੍ਰਧਾਨ ਸੁਭਾਸ਼ ਹਾਲੂ ਦੀ ਪ੍ਰਧਾਨਗੀ ਹੇਠ ਪਹਿਲੀ ਤੇ ਦੂਜੀ ਸ਼੍ਰੇਣੀ ਦੇ ਪਦਾਂ ਵਿੱਚ ਕੋਟਾ ਦੇਣ ਸਬੰਧੀ ਸਰਕਾਰ ਵੱਲੋਂ ਜਾਰੀ ਪੱਤਰ ਲਾਗੂ ਨਾ ਕਰਨ ਦੇ ਰੋਸ ਵਜੋਂ ਸ਼ਹਿਰ ਵਿੱਚ ਪ੍ਰਦਰਸ਼ਨ ਕੀਤਾ ਅਤੇ ਮਗਰੋਂ ਮੁੱਖ ਮੰਤਰੀ ਦੇ ਨਾਮ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ। ਜ਼ਿਲ੍ਹਾ ਪ੍ਰਧਾਨ ਸੁਭਾਸ਼ ਹਾਲੂ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਪ੍ਰਤੀ ਸਰਕਾਰ ਦਾ ਰਵੱਈਆ ਠੀਕ ਨਹੀਂ ਹੈ। ਮੁੱਖ ਮੰਤਰੀ ਨੇ ਰੋਹਤਕ ਵਿੱਚ ਕਬੀਰ ਜੈਅੰਤੀ ਮੌਕੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੂੰ ਪਹਿਲੀ ਅਤੇ ਦੂਸਰੀ ਸ਼੍ਰੇਣੀ ਦੇ ਅਹੁਦਿਆਂ 'ਤੇ ਪਦਉਨਤ ਕਰਨ ਦਾ ਐਲਾਨ ਕੀਤਾ ਸੀ। ਸਰਕਾਰ ਨੇ ਇਸ ਸਬੰਧੀ 7 ਅਕਤੂਬਰ 2023 ਨੂੰ ਇੱਕ ਪੱਤਰ ਜਾਰੀ ਕੀਤਾ ਸੀ। ਇਸ ਪੱਤਰ ਦੇ ਜਾਰੀ ਹੋਣ ਸਦਕਾ ਉਤਸ਼ਾਹਿਤ ਐੱਸਸੀ ਵਰਗ ਦੇ ਕਰਮਚਾਰੀਆਂ ਅਤੇ ਸਮਾਜ ਦੇ ਸੰਗਠਨਾਂ ਨੇ 28 ਅਕਤੂਬਰ 2023 ਨੂੰ ਪੰਚਕੂਲਾ ਵਿੱਚ ਇੱਕ ਪ੍ਰੋਗਰਾਮ ਕਰ ਕੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਸੀ। ਇਸ ਪ੍ਰੋਗਰਾਮ ਵਿੱਚ ਪੱਤਰ ਲਾਗੂ ਕਰਦੇ ਹੋਏ ਮੁੱਖ ਮੰਤਰੀ ਨੇ ਸਿੱਖਿਆ ਵਿਭਾਗ ਦੇ 3 ਕਰਮਚਾਰੀਆਂ ਨੂੰ ਪਦਉੱਨਤ ਕਰਨ ਦੀ ਲਿਸਟ ਜਾਰੀ ਕੀਤੀ ਸੀ ਪਰ ਉਸ ਤੋਂ ਬਾਅਦ ਸਰਕਾਰ ਨੇ ਇਸ 'ਤੇ ਬਰੇਕ ਲਗਾ ਦਿੱਤੀ ਅਤੇ ਪਿਛਲੇ ਚਾਰ ਮਹੀਨਿਆਂ ਤੋਂ ਕੋਈ ਵੀ ਪਦਉੱਨਤੀ ਦੀ ਸੂਚੀ ਜਾਰੀ ਨਹੀਂ ਕੀਤੀ ਗਈ। ਸੰਘ ਇਸ ਕੰਮ ਲਈ ਵਾਰ-ਵਾਰ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਮੰਤਰੀਆਂ ਨਾਲ ਮੁਲਾਕਾਤ ਕਰਦਾ ਰਿਹਾ ਹੈ ਪਰ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਪੱਤਰ ਲਾਗੂ ਨਹੀਂ ਕੀਤਾ ਗਿਆ। ਇਸ ਮੌਕੇ ਦਲਬੀਰ ਆਹਲਿਆਨ, ਰਮੇਸ਼ ਮਹੇਸ਼ਵਾਲ, ਮਨੋਜ ਜੈਸਟ, ਰੌਸ਼ਨ ਲਾਲ, ਰਾਜ ਕੁਮਾਰ, ਸੰਤੋਸ਼ ਚੌਹਾਨ ਤੇ ਸੁਸ਼ੀਲਾ ਰੰਗਾ ਵੀ ਹਾਜ਼ਰ ਸਨ।

# ਕਾਲਜ ਵਿਦਿਆਰਥਣਾਂ ਨੇ ਵਿੱਦਿਅਕ ਟੂਰ ਲਾਇਆ

**ਸ਼ਾਹਬਾਦ ਮਾਰਕੰਡਾ,5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੰਡਾ ਨੈਸ਼ਨਲ ਕਾਲਜ ਦੇ ਕਾਮਰਸ ਵਿਭਾਗ ਦੇ 30 ਵਿਦਿਆਰਥੀਆਂ ਦੀ ਟੀਮ ਨੇ 28 ਫਰਵਰੀ ਨੂੰ ਹਰਿਆਣਾ ਵਿਧਾਨ ਸਭਾ ਦੇ ਮੌਜੂਦਾ ਬਜਟ ਸੈਸ਼ਨ ਦੀ ਕਾਰਵਾਈ ਦੇਖੀ। ਕਾਲਜ ਦੇ ਪ੍ਰਿੰਸੀਪਲ ਡਾਕਟਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਰ ਸਾਲ ਵਿਦਿਅਕ ਟੂਰ ਕਰਵਾਏ ਜਾਂਦੇ ਹਨ। ਇਸ ਸਾਲ ਕਾਮਰਸ ਵਿਭਾਗ ਦੇ 30 ਵਿਦਿਆਰਥੀਆਂ ਨੇ ਪ੍ਰੋਫੈਸਰ ਸੁਰਿੰਦਰ ਸਿੰਘ ਕਾਜਲ ਤੇ ਪ੍ਰੋਫੈਸਰ ਨੇਹਾ ਕੁਸ਼ ਦੀ ਅਗਵਾਈ ਹੇਠ ਹਰਿਆਣਾ ਵਿਧਾਨ ਸਭਾ ਦੀ ਕਾਰਵਾਈ ਦੇਖੀ।

# ਸਰਕਾਰ ਦੀ ਵਾਅਦਾਖ਼ਿਲਾਫ਼ੀ ਵਿਰੁੱਧ ਮੁੜ ਸੜਕਾਂ 'ਤੇ ਉਤਰੀਆਂ ਆਸ਼ਾ ਵਰਕਰਾਂ

**ਯਮੁਨਾਨਗਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸ਼ਾ ਵਰਕਰਾਂ 73 ਦਿਨਾਂ ਦੀ ਹੜਤਾਲ ਤੋਂ ਬਾਅਦ ਹੋਏ ਆਪਸੀ ਸਮਝੌਤੇ 'ਤੇ ਸਰਕਾਰ ਦੀ ਵਾਅਦਾਖ਼ਿਲਾਫ਼ੀ ਦੇ ਵਿਰੋਧ 'ਚ ਅੱਜ ਮੁੜ ਸੜਕਾਂ 'ਤੇ ਉਤਰ ਆਈਆਂ ਅਤੇ ਜਗਾਧਰੀ ਦੇ ਗੁਪਤਾ ਪੈਲੇਸ ਨੇੜੇ ਵੱਡੀ ਗਿਣਤੀ 'ਚ ਇਕੱਠੀਆਂ ਹੋ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਸਿੱਖਿਆ ਮੰਤਰੀ ਕੰਵਰਪਾਲ ਦੀ ਰਿਹਾਇਸ਼ ਦਾ ਘਿਰਾਓ ਕਰ ਕੇ ਮੰਗ ਪੱਤਰ ਦੇਣ ਦਾ ਐਲਾਨ ਕੀਤਾ। ਜ਼ਿਲ੍ਹਾ ਪ੍ਰਧਾਨ ਨੀਰੂ ਬਾਲਾ ਨੇ ਕਿਹਾ ਕਿ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮੰਗਾਂ ਸਬੰਧੀ ਸਾਰੀਆਂ ਆਸ਼ਾ ਵਰਕਰਾਂ ਵੀਰਵਾਰ ਨੂੰ ਪੰਚਕੂਲਾ ਵਿੱਚ ਡਾਇਰੈਕਟਰ ਜਨਰਲ ਨੂੰ ਮਿਲਣ ਜਾ ਰਹੀਆਂ ਸਨ ਪਰ ਆਸ਼ਾ ਵਰਕਰਾਂ ਦੀਆਂ ਗੱਡੀਆਂ ਨੂੰ ਰਸਤੇ ਵਿੱਚ ਹੀ ਰੋਕ ਲਿਆ ਗਿਆ ਅਤੇ ਉਨ੍ਹਾਂ ਦੇ ਵਾਹਨਾਂ ਦੇ ਕਾਗਜ਼ ਵੀ ਰੱਖ ਲਏ। ਪੁਲੀਸ ਨੇ ਉਨ੍ਹਾਂ ਨੂੰ ਆਪਣੀਆਂ ਗੱਡੀਆਂ ਵਿੱਚ ਬਿਠਾ ਕੇ ਕਈ ਘੰਟੇ ਇਧਰ-ਉਧਰ ਭਜਾਇਆ ਅਤੇ ਫਿਰ ਛੱਡ ਦਿੱਤਾ।

# ਕਿਉਂ ਮਹਿਸੂਸ ਹੁੰਦੀ ਹੈ ਕਮਜ਼ੋਰੀ



ਡਾ. ਹਰਸ਼ਿੰਦਰ ਕੌਰ, ਐੱਮ. ਡੀ.
0175-2216783



ਕਿਸੇ ਵੀ ਉਮਰ ਵਿਚ ਬੰਦਾ ਜਲਦੀ ਥੱਕ ਸਕਦਾ ਹੈ। ਜ਼ਿਆਦਾ ਕੰਮ ਕਰ ਕੇ, ਜ਼ਿਆਦਾ ਕਸਰਤ ਕਰਨ ਤੋਂ ਬਾਅਦ, ਹੱਦੋਂ ਵੱਧ ਲਗਾਤਾਰ ਜਾਗਣ ਨਾਲ, ਬਹੁਤਾ ਚਿਰ ਵਿਹਲੇ ਬੈਠਣ ਨਾਲ, ਜ਼ਿਆਦਾ ਦੇਰ ਸੁੱਤੇ ਰਹਿਣ ਆਦਿ ਅਨੇਕ ਕਾਰਨਾਂ ਨਾਲ ਥਕਾਨ ਮਹਿਸੂਸ ਹੋ ਸਕਦੀ ਹੈ ਤੇ ਕਮਜ਼ੋਰੀ ਵੀ। ਇਸ ਤੋਂ ਇਲਾਵਾ ਵੱਖੋ-ਵੱਖ ਉਮਰ ਵਿਚ ਥਕਾਵਟ ਦੇ ਕਾਰਨ ਅੱਡ ਹੋ ਸਕਦੇ ਹਨ।

**ਇਕ ਸਾਲ ਤੋਂ ਛੋਟੀ ਉਮਰ ਵਿਚ**
ਜਮਾਂਦਰੂ ਦਿਲ ਦੇ ਰੋਗ, ਦਿਲ ਫੇਲ੍ਹ ਹੋਣਾ, ਲਹੂ ਹੀ ਕਮੀ, ਥਾਇਰਾਇਡ ਹਾਰਮੋਨਾਂ ਦੀ ਕਮੀ ਆਦਿ ਕਾਰਨ। ਸਾਈਨਸ ਵਿਚ ਕੀਟਾਣੂਆਂ ਦਾ ਹਮਲਾ, ਕੰਨਾਂ ਦੇ ਰਾਹ ਵਿਚ ਕੀਟਾਣੂ ਹੋਣੇ, ਗਲਾ ਖ਼ਰਾਬ ਹੁੰਦਾ ਰਹਿਣਾ, ਦਮਾ, ਐਲਰਜੀ, ਜਿਗਰ ਦੇ ਰੋਗ, ਰਿਊਮੈਟਿਕ ਬੁਖ਼ਾਰ, ਕੈਂਸਰ, ਏਡਜ਼, ਇਮਿਊਨ ਸਿਸਟਮ ਵਿਚਲੀ ਖ਼ਰਾਬੀ, ਗੁਰਦਾ ਫੇਲ੍ਹ ਹੋਣਾ, ਸੌਣ ਲੱਗਿਆਂ ਸਾਹ ਦਾ ਰੁਕਣਾ।

**ਤੇਰ੍ਹਾਂ ਤੋਂ 18 ਵਰ੍ਹੇ ਤਕ**
ਨਿਮੂਨੀਆ, ਵਾਇਰਲ ਬੁਖ਼ਾਰ, ਹੈਪਾਟਾਈਟਿਸ, ਜੋੜਾਂ ਦੀ ਬੀਮਾਰੀ, ਐੱਸ. ਐੱਲ. ਈ ਬੀਮਾਰੀ, ਸ਼ੱਕਰ ਰੋਗ, ਕੈਂਸਰ, ਅੰਤੜੀਆਂ ਦਾ ਰੋਗ, ਐਡੀਸਨ ਰੋਗ, ਸ਼ਰਾਬ ਪੀਣੀ, ਨਸ਼ਾ ਕਰਨਾ, ਫੇਫੜਿਆਂ ਦੇ ਨੁਕਸ, ਫਾਈਬਰੋਮਾਇਐਲਜੀਆ, ਸੁੱਤੇ ਹੋਏ ਦਾ ਸਾਹ ਵਕਤੀ ਤੌਰ ਉੱਤੇ ਰੁਕਣਾ, ਸੁੱਤੇ ਹੋਏ ਦਾ ਦੌਰਾ, ਢਹਿੰਦੀ ਕਲਾ, ਬਹੁਤ ਜ਼ਿਆਦਾ ਮੋਟਾਪਾ ਆਦਿ ਕਾਰਨਾਂ ਕਰਕੇ ਜ਼ਿਆਦਾਤਰ ਵੱਡਿਆਂ ਵਿਚ ਕਮਜ਼ੋਰੀ ਮਹਿਸੂਸ ਹੁੰਦੀ ਰਹਿੰਦੀ ਹੈ। ਭਾਵੇਂ ਕੋਈ ਬੀਮਾਰੀ ਨਾ ਵੀ ਹੋਵੇ, ਫਿਰ ਵੀ ਕੰਮ ਕੰਮ ਕਰਨ ਤੋਂ ਗੁਰੇਜ਼ ਕਰਨਾ ਜਾਂ ਵਿਹਲੇ ਬੈਠਣ ਨਾਲ ਹੀ ਸੁਸਤੀ ਆਉਣ ਕਰਦੇ ਬੰਦਾ ਆਲਸ ਨੂੰ ਕਮਜ਼ੋਰੀ ਦਾ ਨਾਂ ਦੇ ਦਿੰਦਾ ਹੈ। ਬੱਚਿਆਂ ਵਿਚ ਇਹ ਲੱਛਣ ਆਮ ਨਹੀਂ ਹੈ। ਇਸ ਲਈ ਜੇ ਬੱਚਾ ਕਮਜ਼ੋਰੀ ਮਹਿਸੂਸ ਕਰੇ ਤਾਂ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇ ਬੱਚਾ ਚੁੰਘਦਾ ਹੋਇਆ ਵੀ ਦੁੱਧ ਛੱਡ ਕੇ ਢਿੱਲਾ ਪੈ ਜਾਵੇ ਜਾਂ ਖੇਡਦਾ ਹੋਇਆ ਥੱਕ ਕੇ ਬਹਿ ਜਾਂਦਾ ਹੋਵੇ ਤਾਂ ਜ਼ਰੂਰ ਡਾਕਟਰੀ ਸਲਾਹ ਲੈਣ ਦੀ ਲੋੜ ਹੈ।

ਲੱਤਾਂ ਘੜੀਸ ਕੇ ਚੱਲਣਾ, ਸਾਹ ਤੇਜ਼ ਹੋਣਾ, ਨੀਲਾ ਹੋ ਜਾਣਾ, ਚਿਹਰਾ ਪੀਲਾ ਪੈ ਜਾਣਾ, ਧੜਕਨ ਵਧਣੀ, ਪੈਰਾਂ ਉੱਤੇ ਸੋਜਾ ਆਉਣਾ, ਅੱਖਾਂ ਭਾਰੀਆਂ ਹੋਣੀਆਂ, ਲਗਾਤਾਰ ਖੰਘ ਰਹਿਣੀ, ਭਾਰ ਘਟਣਾ, ਚਮੜੀ ਉੱਤੇ ਧੱਫੜ ਪੈਣੇ, ਪਿਸ਼ਾਬ ਦਾ ਰੁਕਣਾ, ਅੱਖਾਂ ਪੀਲੀਆਂ ਹੋਣੀਆਂ, ਪਿਸ਼ਾਬ ਦਾ ਰੰਗ ਗਾੜ੍ਹਾ ਪੀਲਾ ਹੋ ਜਾਣਾ, ਜੋੜ ਸੁੱਜਣੇ ਤੇ ਪੀੜ ਕਰਨੇ, ਬੁਖ਼ਾਰ ਰਹਿਣਾ ਆਦਿ ਲੱਛਣ ਜੇ ਬੱਚੇ ਵਿਚ ਦਿਸਣ ਤਾਂ ਸਿਆਣੇ ਡਾਕਟਰ ਕੋਲ ਵੇਲੇ ਸਿਰ ਚੈਕਅੱਪ ਕਰਵਾ ਲੈਣਾ ਚਾਹੀਦਾ ਹੈ।

ਵਾਇਰਲ ਬੁਖ਼ਾਰ ਵਿਚ ਆਮ ਤੌਰ ਉੱਤੇ ਬੁਖ਼ਾਰ ਤੇਜ਼ ਨਹੀਂ ਹੁੰਦਾ ਪਰ ਸਰੀਰ ਏਨਾ ਜ਼ਿਆਦਾ ਟੁੱਟਦਾ ਹੈ ਕਿ ਬੰਦੇ ਕੋਲ ਤੁਰਨ ਫਿਰਨ ਦੀ ਹਿੰਮਤ ਹੀ ਨਹੀਂ ਰਹਿੰਦੀ। ਲਹੂ ਦੀ ਕਮੀ ਵੀ ਸਾਹ ਸੱਤ ਖਿੱਚ ਲੈਂਦੀ ਹੈ ਤੇ ਕੰਮ ਕਰਨ ਦੀ ਸਮਰੱਥਾ ਘਟਾ ਦਿੰਦੀ ਹੈ।

ਕਈ ਵਾਰ ਜਵਾਨ ਹੋ ਰਹੇ ਬੱਚੇ ਵਿਚ ਢਹਿੰਦੀ ਕਲਾ ਆਉਣ ਸਦਕਾ ਉਹ ਮੰਜੇ ਉੱਤੇ ਲੇਟੇ ਰਹਿਣ ਜਾਂ ਇਕੱਲਾ ਕਮਰੇ ਵਿਚ ਬੰਦ ਰਹਿਣ ਨੂੰ ਤਰਜੀਹ ਦੇਣ ਲੱਗ ਪੈਂਦਾ ਹੈ। ਅਜਿਹੇ ਮੌਕੇ ਘਰ ਵਿਚ ਵੱਡਿਆਂ ਵੱਲੋਂ ਜਾਂ ਮਾਪਿਆਂ ਵੱਲੋਂ ਝਾੜ-ਝੰਬ ਕੀਤੇ ਜਾਣ ਨਾਲ ਕਈ ਬੱਚੇ ਖ਼ੁਦਕੁਸ਼ੀ ਤਕ ਕਰ ਜਾਂਦੇ ਹਨ ਜਾਂ ਕੁਝ ਬੱਚੇ ਬਗ਼ਾਵਤ ਉੱਤੇ ਉਤਰ ਆਉਂਦੇ ਹਨ ਤੇ ਖਾਣ-ਪੀਣਾ ਵੀ ਛੱਡ ਦਿੰਦੇ ਹਨ। ਮਾਪਿਆਂ ਵੱਲੋਂ ਪੜ੍ਹਾਈ ਦਾ ਲੋੜੋਂ ਵੱਧ ਬੋਝ ਪਾਉਣ ਨਾਲ ਆਮ ਤੌਰ ਉੱਤੇ ਅਜਿਹਾ ਲੱਛਣ ਦਿਸਦਾ ਹੈ। ਇਨ੍ਹਾਂ ਵਿਚੋਂ ਕੁਝ ਬੱਚੇ ਬਾਅਦ ਵਿਚ ਪੜ੍ਹਾਈ ਵਿਚ ਪੂਰਾ ਧਿਆਨ ਨਹੀਂ ਲਾ ਸਕਦੇ ਤੇ ਕੁਝ ਟਿਕ ਕੇ ਨਾ ਬਹਿ ਸਕਣ ਦੀ ਬੀਮਾਰੀ ਸਹੇੜ ਲੈਂਦੇ ਹਨ। ਅਜਿਹੇ ਮੌਕੇ ਸਿਆਣਪ ਨਾਲ, ਕਿਸੇ ਬਾਲ ਮਨੋਵਿਗਿਆਨੀ ਦੀ ਦੇਖ-ਰੇਖ ਹੇਠ ਬੱਚੇ ਨੂੰ ਨਾਰਮਲ ਕੀਤਾ ਜਾ ਸਕਦਾ ਹੈ।

ਕਮਜ਼ੋਰੀ ਮਹਿਸੂਸ ਹੁੰਦੇ ਸਾਰ ਭੁੱਖ ਮਰ ਜਾਣੀ, ਉਲਟੀਆਂ, ਦਿਲ ਕੱਚਾ ਹੋਣਾ ਆਦਿ ਸਮੱਸਿਆਵਾਂ ਵੀ ਕਦੇ ਕਦਾਈਂ ਬੱਚੇ ਨੂੰ ਆ ਸਕਦੀਆਂ ਹਨ।

ਸ਼ਰਾਬ ਜਾਂ ਨਸ਼ੇ ਦੀ ਲਤ ਬਾਰੇ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਨਸ਼ੇ ਦੀ ਲੋਰ ਹੇਠ ਬੱਚਾ ਕਮਜ਼ੋਰੀ ਹੀ ਮਹਿਸੂਸ ਕਰਦਾ ਹੈ।

ਕੁਝ ਬੱਚੇ ਤਣਾਓ ਸਦਕਾ ਪੂਰੀ ਨੀਂਦਰ ਨਹੀਂ ਲੈ ਸਕਦੇ ਤੇ ਉਨੀਂਦਰੇ ਕਾਰਣ ਸਿਰ ਪੀੜ, ਸਿਰ ਭਾਰਾ ਹੋਣਾ, ਸੁਸਤੀ ਤੇ ਕਮਜ਼ੋਰੀ ਮਹਿਸੂਸ ਕਰਨ ਲੱਗ ਪੈਂਦੇ ਹਨ। ਅਧਿਆਪਕਾਂ ਵੱਲੋਂ ਪੜ੍ਹਾਈ ਦਾ ਲੋੜੋਂ ਵੱਧ ਜ਼ੋਰ ਪਾਉਣ ਨਾਲ ਵੀ ਬੱਚੇ ਦਾ ਦਿਮਾਗ਼ ਉੱਕਾ ਹੀ ਚੱਲਣੋਂ ਬੰਦ ਹੋ ਜਾਂਦਾ ਹੈ ਤੇ ਉਹ ਬੀਮਾਰੀ ਦਾ ਬਹਾਨਾ ਲਾ ਕੇ ਸਕੂਲ ਜਾਣ ਤੋਂ ਕਤਰਾਉਣ ਲੱਗ ਪੈਂਦਾ ਹੈ।

**ਕਰੌਨਿਕ ਫਟੀਗ ਸਿੰਡਰੋਮ**
ਸੰਨ 1985 ਵਿਚ ਪਹਿਲੀ ਵਾਰ ਬੱਚਿਆਂ ਵਿਚ ਇਸ ਸਿੰਡਰੋਮ ਵਿਚਲੀ ਕਮਜ਼ੋਰੀ ਬਾਰੇ ਜ਼ਿਕਰ ਕੀਤਾ ਗਿਆ ਜੋ ਲੰਮੇ ਸਮੇਂ ਤਕ ਮਹਿਸੂਸ ਹੁੰਦੀ ਰਹਿੰਦੀ ਹੈ। ਠੀਕ ਹੋਣ ਤੋਂ ਬਾਅਦ ਦੁਬਾਰਾ ਕਮਜ਼ੋਰੀ ਮਹਿਸੂਸ ਹੁੰਦੀ ਰਹਿਣ ਕਾਰਣ ਹੀ ਇਸ ਨੂੰ ਕਰੌਨਿਕ ਬੀਮਾਰੀ ਵਜੋਂ ਮੰਨ ਲਿਆ ਗਿਆ ਹੈ।

ਕਮਜ਼ੋਰੀ ਦੇ ਨਾਲ ਇਸ ਵਿਚ ਹਲਕਾ ਬੁਖ਼ਾਰ, ਸਿਰ ਪੀੜ, ਗਲੇ 'ਚ ਪੀੜ, ਗਲੇ ਵਿਚ ਗੰਢਾਂ (ਜੋ ਹਲਕਾ ਦਰਦ ਕਰਨ), ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ, ਜੋੜ ਦੁਖਣੇ, ਪੱਠੇ ਦੁਖਣੇ, ਢਿੱਡ ਪੀੜ ਹੋਣੀ, ਧਿਆਨ ਨਾ ਲਾ ਸਕਣਾ, ਨੀਂਦਰ ਨਾ ਪੂਰੀ ਹੋਣਾ, ਗੱਲ ਪੂਰੀ ਨਾ ਸਮਝ ਸਕਣਾ, ਗੱਲ ਯਾਦ ਨਾ ਰੱਖ ਸਕਣੀ, ਢਹਿੰਦੀ ਕਲਾ ਮਹਿਸੂਸ ਹੋਣੀ, ਘਬਰਾਹਟ, ਚਿੜਚਿੜਾਪਨ ਆਦਿ ਹੁੰਦੇ ਰਹਿੰਦੇ ਹਨ।

ਇਹ ਸਾਰੇ ਲੱਛਣ ਹਰ ਮਰੀਜ਼ ਵਿਚ ਨਹੀਂ ਹੁੰਦੇ। ਕਿਸੇ ਵਿਚ ਘੱਟ ਤੇ ਕਿਸੇ ਵਿਚ ਵੱਧ ਹੋ ਸਕਦੇ ਹਨ। ਟੈਸਟ ਕਰਵਾਉਣ ਉੱਤੇ ਸਾਰੇ ਹੀ ਟੈਸਟ ਨਾਰਮਲ ਆਉਂਦੇ ਹਨ। ਸੰਨ 1994 ਵਿਚ ਵੱਡਿਆਂ ਵਿਚ ਇਸ ਬੀਮਾਰੀ ਦੇ ਲੱਛਣ ਬੱਚਿਆਂ ਨਾਲੋਂ ਕੁੱਝ ਵੱਖ ਕਰ ਦਿੱਤੇ ਗਏ।

ਪਰ ਇਕ ਗੱਲ ਪੱਕੀ ਮੰਨ ਲਈ ਗਈ ਕਿ ਇਸ ਬੀਮਾਰੀ ਨੂੰ ਲੱਭਣ ਲਈ ਕੁਝ ਲੱਛਣ ਜ਼ਰੂਰ ਹੋਣੇ ਚਾਹੀਦੇ ਹਨ :-

- ਕਮਜ਼ੋਰੀ ਘੱਟੋ-ਘੱਟ 6 ਮਹੀਨੇ ਮਹਿਸੂਸ ਹੁੰਦੀ ਰਹੇ।
- ਪੱਠਿਆਂ ਵਿਚ ਪੀੜ।
- ਦਰਦ ਕਰਦੀਆਂ ਗੰਢਾਂ ਦਾ ਹੋਣਾ।
- ਸਿਰ ਪੀੜ।
- ਜੋੜਾਂ ਵਿਚ ਪੀੜ।
- ਗਲਾ ਖ਼ਰਾਬ।
- ਯਾਦਾਸ਼ਤ ਦਾ ਘਟਣਾ।
- ਇਕਾਗਰਤਾ 'ਚ ਕਮੀ।
- ਹਲਕਾ ਬੁਖ਼ਾਰ ਰਹਿਣਾ।
- ਨੀਂਦਰ ਪੂਰੀ ਨਾ ਹੋਣਾ।
- ਰਤਾ ਕੁ ਹੀ ਤੁਰ ਫਿਰ ਕੇ ਸਾਹ ਸੱਤ ਖ਼ਤਮ ਹੋਇਆ ਮਹਿਸੂਸ ਹੋਣਾ।

ਅਜਿਹੇ ਲੱਛਣਾਂ ਵਾਲੇ ਕਾਫ਼ੀ ਮਰੀਜ਼ਾਂ ਵਿਚ 'ਇਨਫੈਕਸ਼ੀਅਸ ਮੋਨੋਨਿਊਕਲਿਓਸਿਸ' ਵਾਇਰਲ ਬੀਮਾਰੀ ਵੀ ਹੋਈ ਲੱਭੀ।

ਸੰਨ 2006 ਵਿਚ ਅੰਤਰਰਾਸ਼ਟਰੀ ਪੱਧਰ ਉੱਤੇ ਬੱਚਿਆਂ ਵਿਚ ਇਸ ਬੀਮਾਰੀ ਨੂੰ ਵੱਡਿਆਂ ਤੋਂ ਕੁਝ ਵੱਖ ਮੰਨ ਕੇ ਇਸ ਦੇ ਸਾਰੇ ਲੱਛਣ ਤਾਂ ਲਗਭਗ ਉਹੀ ਰੱਖੇ ਗਏ ਪਰ ਸਮਾਂ 6 ਮਹੀਨੇ ਤੋਂ ਘਟਾ ਕੇ ਤਿੰਨ ਮਹੀਨੇ ਤਕ ਮਹਿਸੂਸ ਹੋ ਰਹੀ ਸਮੱਸਿਆ ਨੂੰ ਕਮਜ਼ੋਰੀ ਮੰਨ ਲਿਆ ਗਿਆ। ਅਜਿਹੇ ਲੱਛਣ ਬੱਚਿਆਂ ਵਿਚ ਕਈ ਵਾਰ ਸਾਲਾਂ ਤਕ ਵੀ ਦਿਸਦੇ ਰਹਿ ਸਕਦੇ ਹਨ। ਬੱਚਿਆਂ ਵਿਚ ਇਸ ਤਰ੍ਹਾਂ ਦੀ ਕਮਜ਼ੋਰੀ ਦੇ ਠੀਕ ਹੋਣ ਦੇ ਆਸਾਰ ਵੱਡਿਆਂ ਨਾਲੋਂ ਵੱਧ ਹੁੰਦੇ ਹਨ ਤੇ ਵਾਰ-ਵਾਰ ਹੋਣ ਦੇ ਆਸਾਰ ਘੱਟ ਹੁੰਦੇ ਹਨ। ਲਗਭਗ ਅੱਧੇ ਮਰੀਜ਼ ਤਾਂ ਇਕ ਵਾਰ ਦੀ ਅਜਿਹੀ ਕਮਜ਼ੋਰੀ ਤੋਂ ਬਾਅਦ ਦੁਬਾਰਾ ਇਹ ਬੀਮਾਰੀ ਸਹੇੜਦੇ ਵੀ ਨਹੀਂ।

**ਪੱਠੇ ਢਿੱਲੇ ਪੈਣ**
ਇਹ ਇੱਕ ਵੱਖ ਬੀਮਾਰੀ ਹੈ ਜਿਸ ਵਿਚ ਜੰਮਦੇ ਸਾਰ ਬੱਚਾ ਡੱਡੂ ਵਾਂਗ ਲੱਤਾਂ ਰੱਖਣ ਲੱਗ ਪੈਂਦਾ ਹੈ। ਡਾਊਨ ਸਿੰਡਰੋਮ (ਜੀਨ ਆਧਾਰਿਤ ਰੋਗ), ਜਮਾਂਦਰੂ ਥਾਇਰਾਇਡ ਹਾਰਮੋਨਾਂ ਦੀ ਕਮੀ, ਵਰਡਨਿਗ ਹੌਫਮੈਨ ਬੀਮਾਰੀ, ਬੌਟੂਲਿਜ਼ਮ ਜ਼ਹਿਰ ਦਾ ਅਸਰ, ਮਾਇਸਥੀਨੀਆ ਗਰੇਵਿਸ, ਗੁਲਿਨ ਬਾਰੇ ਸਿੰਡਰੋਮ (ਕੀਟਾਣੂਆਂ ਦੇ ਹਮਲੇ ਬਾਅਦ ਹੋਈ ਨਸਾਂ ਦੀ ਕਮਜ਼ੋਰੀ), ਪੌਲੀਮਾਇਓਸਾਈਟਿਸ, ਡਰਮੈਟੋਮਾਇਓ-ਸਾਈਟਿਸ ਆਦਿ ਵਿਚ ਪੱਠੇ ਢਿੱਲੇ ਪਏ ਵੇਖੇ ਜਾ ਸਕਦੇ ਹਨ।

**ਕਮਜ਼ੋਰੀ ਦਾ ਇਲਾਜ**
ਟੈਸਟ ਕਰਨ ਤੋਂ ਬਾਅਦ ਜੇ ਕੋਈ ਗੰਭੀਰ ਬੀਮਾਰੀ ਨਾ ਲੱਭੇ ਤਾਂ ਮਾਪਿਆਂ ਨੂੰ ਬੱਚੇ ਉੱਤੇ ਬੇ-ਲੋੜਾ ਦਬਾਓ ਪਾਉਣ ਤੋਂ ਰੋਕਣਾ ਪੈਂਦਾ ਹੈ। ਬੱਚੇ ਦੇ ਖੇਡਣ ਤੇ ਸੌਣ ਦਾ ਸਮਾਂ ਨਿਸ਼ਚਿਤ ਕਰਨ ਦੀ ਲੋੜ ਹੁੰਦੀ ਹੈ। ਮਨੋਵਿਗਿਆਨੀ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

**ਕਦੋਂ ਜ਼ਰੂਰੀ ਹੈ ਬੱਚੇ ਲਈ ਡਾਕਟਰੀ ਸਹਾਇਤਾ**
- ਬਹੁਤ ਜ਼ਿਆਦਾ ਭਾਰ ਦਾ ਘਟਣਾ।
- ਪੱਠੇ ਢਿੱਲੇ ਪੈ ਕੇ ਲਟਕ ਜਾਣੇ।
- ਖ਼ੁਦਕੁਸ਼ੀ ਕਰਨ ਬਾਰੇ ਸੋਚਣਾ।
- ਬਹੁਤ ਜ਼ਿਆਦਾ ਲਹੂ ਦੀ ਕਮੀ ਹੋਣੀ।
- ਕੈਂਸਰ ਦਾ ਸ਼ੱਕ ਹੋਵੇ।

**ਦਾਖ਼ਲ ਕਰਨ ਦੀ ਲੋੜ**
- ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇ।
- ਢਹਿੰਦੀ ਕਲਾ ਠੀਕ ਨਾ ਹੋ ਰਹੀ ਹੋਵੇ।
- ਮਾਇਸਥੀਨੀਆ ਗਰੇਵਿਸ ਬੀਮਾਰੀ ਹੋਵੇ।
- ਗੁਲਿਨ ਬਾਰੇ ਸਿੰਡਰੋਮ ਬੀਮਾਰੀ ਹੋਵੇ। •



# ਇਨ੍ਹਾਂ ਆਦਤਾਂ ਨਾਲ ਰੱਖੋ ਹਾਜ਼ਮਾ ਦਰੁਸਤ



**ਫਲ ਤੇ ਸਬਜ਼ੀਆਂ ਖਾਓ ਧੋ ਕੇ**

ਤੁਹਾਡੀ ਆਦਤ ਵੀ ਜੇਕਰ ਸੇਬ ਨੂੰ ਬਿਨਾ ਧੋਤੇ ਖਾਣ ਦੀ ਹੈ ਤਾਂ ਇਸ ਨੂੰ ਤੁਰੰਤ ਬਦਲ ਦਿਓ। ਸਾਲ 2012 ਵਿਚ ਹੋਈ ਐਨਵਾਇਰਮੈਂਟਲ ਹੈਲਥ ਪਰਸਪੈਕਟਿਵ ਸਟੱਡੀ ਮੁਤਾਬਕ ਫ਼ਲਾਂ ਅਤੇ ਸਬਜ਼ੀਆਂ ਵਿਚ ਮੌਜੂਦ ਕੀਟਨਾਸ਼ਕ ਸਿਹਤ 'ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ। ਇਸ ਕਾਰਨ ਮੋਟਾਪਾ ਵਧਣ ਅਤੇ ਮੇਟਾਬਾਲਿਕ ਸਿੰਡਰੋਮ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਫਲ ਅਤੇ ਸਬਜ਼ੀਆਂ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲਓ। ਇਕ ਸਥਾਪਿਤ ਖੋਜ ਕੇਂਦਰ ਵੱਲੋਂ ਕੀਤੀ ਗਈ ਖੋਜ ਵਿਚ ਏਡੀਨੋਵਾਇਰਸ 36 ਅਤੇ ਓਬੇਸਿਟੀ ਵਿਚਾਲੇ ਦੀ ਇਕ ਕੜੀ ਦੀ ਖੋਜ ਕੀਤੀ ਗਈ ਹੈ। ਇਸ ਮੁਤਾਬਕ ਵਾਇਰਲ ਇਨਫੈਕਸ਼ਨ ਨੂੰ ਘੱਟ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਹੀ ਹੈ ਕਿ ਫਲ ਤੇ ਸਬਜ਼ੀਆਂ ਨੂੰ ਧੋ ਕੇ ਵਰਤਣ ਨੂੰ ਪੱਕੀ ਆਦਤ ਬਣਾ ਲਿਆ ਜਾਵੇ।

ਹਾਲ ਹੀ ਵਿਚ ਏਪੇਟਾਈਡ ਫੂਡ ਜਰਨਲ ਵੱਲੋਂ ਦਿੱਤੀ ਗਈ ਇਕ ਸਟੱਡੀ ਵਿਚ ਸਾਹਮਣੇ ਆਇਆ ਹੈ ਕਿ ਜੋ ਲੋਕ ਡਿਨਰ ਵਿਚ ਲਾਲ ਮਿਰਚ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਢਿੱਡ ਜ਼ਿਆਦਾ ਭਰੇ ਹੋਣ ਦਾ ਅਹਿਸਾਸ ਰਹਿੰਦਾ ਹੈ। ਇਹੀ ਨਹੀਂ, ਉਹ ਸਾਧਾਰਨ ਦੀ ਤੁਲਨਾ ਵਿਚ 30 ਫ਼ੀਸਦੀ ਘੱਟ ਭੋਜਨ ਕਰਦੇ ਹਨ। ਮਿਰਚ ਵਿਚ ਮੌਜੂਦ ਤੱਤ ਖਾਣ ਦੀ ਇੱਛਾ ਘਟਾਉਣ ਦੇ ਨਾਲ-ਨਾਲ ਭੁੱਖ ਨੂੰ ਕੰਟਰੋਲ ਕਰਦੇ ਹਨ।

### ਟੀਵੀ ਸਾਹਮਣੇ ਨਾ ਬੈਠੋ ਦੇਰ ਤਕ

ਪੇਟ ਭਰ ਕੇ ਖਾਣ ਤੋਂ ਬਾਅਦ ਰਿਲੈਕਸ ਮੂਡ ਵਿਚ ਜਾਂ ਕੰਮ ਕਰਨ ਲਈ ਤੁਸੀਂ ਕੰਪਿਊਟਰ ਜਾਂ ਟੀਵੀ ਸਾਹਮਣੇ ਦੇਰ ਤਕ ਘੰਟਿਆਂ ਬੱਧੀ ਬੈਠੇ ਰਹਿੰਦੇ ਹੋ ਤਾਂ ਸੁਚੇਤ ਹੋ ਜਾਓ। ਢੇਰ ਸਾਰਾ ਆਟਾ ਪੇਟ ਵਿਚ ਭਰਨ ਤੋਂ ਬਾਅਦ ਤਿੰਨ ਘੰਟੇ ਜਾਂ ਉਸ ਤੋਂ ਵੱਧ ਸਮਾਂ ਇਕ ਥਾਂ 'ਤੇ ਬੈਠਣ ਨਾਲ ਮੇਟਾਬੌਲਿਕ ਸਿੰਡਰੋਮ ਨਾਲ ਗ੍ਰਸਤ ਹੋਣ ਦੀ ਸੰਭਾਵਨਾ 74 ਫ਼ੀਸਦੀ ਤਕ ਵੱਧ ਜਾਂਦੀ ਹੈ। ਤੁਸੀਂ ਡਾਇਬਟੀਜ਼, ਦਿਲ ਸਬੰਧੀ ਬਿਮਾਰੀਆਂ, ਮੋਟਾਪਾ, ਹਾਈ ਬਲੱਡ ਪ੍ਰੈਸ਼ਰ ਅਤੇ ਹਾਈ ਕੋਲੈਸਟਰੋਲ ਦੇ ਸ਼ਿਕਾਰ ਹੋ ਸਕਦੇ ਹੋ। ਦੋ ਘੰਟਿਆਂ ਤੋਂ ਜ਼ਿਆਦਾ ਇਕ ਥਾਂ 'ਤੇ ਬੈਠਣ ਨਾਲ ਇਸੁਲਿਨ ਸੈਂਸਟੀਵਿਟੀ ਵਧਦੀ ਹੈ, ਫੈਟ ਘੱਟ ਬਰਨ ਹੁੰਦਾ ਹੈ।

### ਰੇਸ਼ੇਦਾਰ ਭੋਜਨ

ਕਬਜ਼ ਹੋ ਜਾਣ 'ਤੇ ਅੰਤੜੀਆਂ ਦੀ ਅੰਦਰੂਨੀ ਸਤ੍ਹਾ ਨੁਕਸਾਨੀ ਜਾਂਦੀ ਹੈ ਅਤੇ ਛੋਟੀਆਂ-ਛੋਟੀਆਂ ਥੈਲੀਆਂ ਬਣ ਜਾਂਦੀਆਂ ਹਨ। ਰੇਸ਼ੇਯੁਕਤ ਭੋਜਨ ਨਾਲ ਪਾਖ਼ਾਨਾ ਆਸਾਨੀ ਨਾਲ ਬਾਹਰ ਨਿਕਲ ਜਾਂਦਾ ਹੈ। ਇਸ ਤਰ੍ਹਾਂ ਫਾਈਬਰ ਦੀ ਜ਼ਿਆਦਾ ਮਾਤਰਾ ਅੰਤੜੀਆਂ ਦੇ ਆਲੇ-ਦੁਆਲੇ ਪੈਣ ਵਾਲੇ ਦਬਾਅ ਨੂੰ ਰੋਕਣ 'ਚ ਮਦਦਗਾਰ ਬਣਦਾ ਹੈ। ਰੇਸ਼ੇਦਾਰ ਭੋਜਨ ਖਾਣਾ ਬਵਾਸੀਰ ਰੋਗ ਤੋਂ ਬਚਾਉਂਦਾ ਹੈ। ਇਸ ਨਾਲ ਪੇਟ ਵਿਚ ਗੈਸ ਨਹੀਂ ਬਣਦੀ ਅਤੇ ਹਾਜ਼ਮਾ ਦਰੁਸਤ ਰਹਿੰਦਾ ਹੈ। ਨਾਲ ਹੀ ਸਰੀਰ ਨੂੰ ਲੋੜੀਂਦੀ ਊਰਜਾ ਵੀ ਮਿਲਦੀ ਹੈ। ਫਾਈਬਰ ਸਰੀਰ ਵਿਚ ਬੁਰੇ ਕੋਲੈਸਟਰੋਲ ਨੂੰ ਵਧਣ ਤੋਂ ਵੀ ਰੋਕਦਾ ਹੈ। ਭੋਜਨ ਵਿਚ ਫਾਈਬਰ ਦਾ ਹੋਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਪ੍ਰੋਟੀਨ, ਵਿਟਾਮਿਨ ਅਤੇ ਮਿਨਰਲਜ਼। ਫਾਈਬਰ ਇਕ ਮਹੱਤਵਪੂਰਨ ਐਂਟੀ ਆਕਸੀਡੈਂਟ ਵੀ ਹੈ। ਖੀਰਾ, ਗਾਜਰ ਤੇ ਕਣਕ ਵਿਚ ਵੀ ਫਾਈਬਰ ਕਾਫੀ ਮਾਤਰਾ ਵਿਚ ਹੁੰਦਾ ਹੈ। •



# ਗੁਣਾਂ ਦਾ ਖ਼ਜ਼ਾਨਾ ਗਾਜਰ



ਗਾਜਰ ਦਾ ਰਸ ਦੁੱਧ ਦੇ ਘੜੇ ਜਿੰਨੀ ਤਾਕਤ ਦਿੰਦਾ ਹੈ। ਗਾਜਰ ਵਿਚ ਕੈਰੋਟਿਨ ਨਾਂ ਦਾ ਤੱਤ ਅੱਖਾਂ, ਦਿਮਾਗ, ਖ਼ੂਨ ਨੂੰ ਸ਼ੁੱਧ ਕਰਨ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ 'ਚ ਅਹਿਮ ਭੂਮਿਕਾ ਅਦਾ ਕਰਦਾ ਹੈ...



ਧਰਤੀ 'ਚ ਜੜ੍ਹਾਂ ਰੂਪੀ ਸਬਜ਼ੀਆਂ ਵਿਚ ਗਾਜਰ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਗੁਣਾਂ ਅਤੇ ਸੁਆਦ ਦੇ ਨਜ਼ਰੀਏ ਤੋਂ ਗਾਜਰ ਨੂੰ ਸਬਜ਼ੀਆਂ ਦੀ ਰਾਣੀ ਕਿਹਾ ਗਿਆ ਹੈ। ਗੁਣਾਂ ਪੱਖੋਂ ਗਾਜਰ ਦੀ ਵਿਆਖਿਆ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਗਾਜਰ ਦਾ ਰਸ ਦੁੱਧ ਦੇ ਘੜੇ ਬਰਾਬਰ ਤਾਕਤ ਦਿੰਦਾ ਹੈ। ਗਾਜਰ ਵਿਚ ਕੈਰੋਟਿਨ ਨਾਂ ਦਾ ਇਕ ਵੱਖਰਾ ਹੀ ਤੱਤ ਵੱਖਰੇ ਰਸਾਇਣ ਦੇ ਰੂਪ ਵਿਚ ਮੌਜੂਦ ਹੁੰਦਾ ਹੈ। ਗਾਜਰ ਵਿਚ ਇਹੀ ਤੱਤ ਸਭ ਤੋਂ ਵੱਧ ਮਾਤਰਾ ਵਿਚ ਪਾਇਆ ਜਾਂਦਾ ਹੈ। ਇਸ ਵਿਚ ਆਇਰਨ ਦੇ ਨਾਲ-ਨਾਲ ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ, ਆਇਓਡੀਨ, ਸੋਡੀਅਮ, ਕੈਰੋਟਿਨ ਆਦਿ ਤੱਤ ਮੌਜੂਦ ਹੁੰਦੇ ਹਨ। ਗਾਜਰ ਕੱਚੀ ਵੀ ਖਾਧੀ ਜਾਂਦੀ ਅਤੇ ਇਸ ਦਾ ਰਸ ਤਰਲ ਦੇ ਰੂਪ ਵਿਚ ਵੀ ਲਿਆ ਜਾ ਸਕਦਾ ਹੈ। ਸਬਜ਼ੀ ਦੇ ਨਾਲ-ਨਾਲ ਇਸ ਦੀ ਵਰਤੋਂ ਗਜਰੇਲਾ ਜਾਂ ਹਲਵੇ ਦੇ ਰੂਪ ਵਿਚ ਵੀ ਕੀਤੀ ਜਾਂਦੀ ਹੈ। ਇਹ ਅਨੇਕਾਂ ਰੋਗਾਂ ਵਿਚ ਰਾਮਬਾਣ ਦਵਾਈ ਦਾ ਕੰਮ ਕਰਦੀ ਹੈ।

ਗਾਜਰ ਦਿਲ, ਦਿਮਾਗ਼ ਅਤੇ ਸਰੀਰਕ ਸ਼ਕਤੀ ਵਿਚ ਵਾਧਾ ਕਰਦੀ ਹੈ। ਇਹ ਅੱਖਾਂ, ਦਿਮਾਗ਼ ਅਤੇ ਮਾਂਸਪੇਸ਼ੀਆਂ ਨੂੰ ਤਾਕਤ ਦਿੰਦੀ ਹੈ ਅਤੇ ਹੱਡੀਆਂ ਮਜ਼ਬੂਤ ਬਣਾਉਂਦੀ ਹੈ। ਦਿਲ ਦੀ ਕਮਜ਼ੋਰੀ ਅਤੇ ਦਿਲ ਦੀ ਧੜਕਨ ਲਈ ਵੀ ਗਾਜਰ ਦਾ ਸੇਵਨ ਕਰਨਾ ਲਾਭਦਾਇਕ ਰਹਿੰਦਾ ਹੈ। ਗਾਜਰ ਵਿਚ ਸੰਤੁਲਿਤ ਭੋਜਨ ਦੇ ਤੱਤ ਮੌਜੂਦ ਹੁੰਦੇ ਹਨ। ਇਸ ਨੂੰ ਖਾਣ ਨਾਲ ਥਕਾਵਟ ਦੂਰ ਹੁੰਦੀ ਹੈ। ਮਾਨਸਿਕ ਤੇ ਸਰੀਰਕ ਸ਼ਕਤੀ ਵੱਧਦੀ ਹੈ। ਜ਼ਿੰਦਗੀ ਵਿਚ ਉਤਸ਼ਾਹ, ਹਿੰਮਤ ਅਤੇ ਊਰਜਾ ਦਾ ਪਸਾਰ ਹੁੰਦਾ ਹੈ, ਖ਼ੂਨ ਦੀ ਕਮੀ ਦੂਰ ਹੋ ਜਾਂਦੀ ਹੈ ਤੇ ਵਜ਼ਨ ਵਧਦਾ ਹੈ। ਗਾਜਰ ਅੱਖਾਂ, ਗਲਾ, ਸਾਹ ਦੀ ਨਲੀ ਦੇ ਰੋਗਾਂ ਤੋਂ ਵੀ ਗਾਜਰ ਦਾ ਸੇਵਨ ਬਚਾਅ ਕਰਦੀ ਹੈ। ਇਸ ਦਾ ਰਸ ਪੀਣ ਨਾਲ ਯੂਰਿਕ ਐਸਿਡ ਘੱਟ ਹੁੰਦਾ ਹੈ ਅਤੇ ਜੋੜਾਂ ਦੀ ਸੋਜਿਸ਼ ਘੱਟਦੀ ਹੈ। ਗਾਜਰ ਵਿਚ ਵਿਟਾਮਿਨ ਏ ਪਾਇਆ ਜਾਂਦਾ ਹੈ ਜੋ ਅੱਖਾਂ ਲਈ ਬਹੁਤ ਜ਼ਰੂਰੀ ਹੁੰਦਾ ਹੈ। ਇਹ ਲੋਹ-ਤੱਤ ਸਰੀਰ ਵਿਚ ਖ਼ੂਨ ਬਣਾਉਂਦਾ ਹੈ। ਲੋਹ ਤੱਤ ਦੀ ਕਮੀ ਨਾਲ ਖ਼ੂਨ ਅਤੇ ਹਾਜ਼ਮਾ ਪ੍ਰਣਾਲੀ ਵਿਗੜ ਜਾਂਦੀ ਹੈ ਇਸ ਲਈ ਰੋਜ਼ਾਨਾ ਲੋੜੀਂਦੀ ਮਾਤਰਾ ਵਿਚ ਗਾਜਰ ਦਾ ਸੇਵਨ ਕਰਨ ਨਾਲ ਤਕਰੀਬਨ ਹਰ ਸਰੀਰਕ ਸਮੱਸਿਆ ਤੋਂ ਬਚਾਅ ਕੀਤਾ ਜਾ ਸਕਦਾ ਹੈ। ਦੁੱਧ ਪਿਲਾਉਣ ਵਾਲੀਆਂ ਮਾਤਾਵਾਂ ਲਈ ਗਾਜਰ ਜਾਂ ਗਾਜਰ ਦੇ ਰਸ ਦਾ ਸੇਵਨ ਬਹੁਤ ਲਾਭਦਾਇਕ ਰਹਿੰਦਾ ਹੈ।

**ਮੂਤਰ ਰੋਗ** : ਪੇਸ਼ਾਬ ਸਬੰਧੀ ਸਮੱਸਿਆਵਾਂ ਵਿਚ ਕੁਝ ਦਿਨ ਗਾਜਰ ਦਾ ਰਸ ਪੀਣ ਨਾਲ ਲਾਭ ਹੁੰਦਾ ਹੈ।

**ਖ਼ੂਨ 'ਚ ਵਾਧਾ** : ਅੱਧਾ ਗਿਲਾਸ ਗਾਜਰ ਦਾ ਰਸ ਅਤੇ ਅੱਧਾ ਗਿਲਾਸ ਦੁੱਧ ਅਤੇ ਸਵਾਦ ਮੁਤਾਬਕ ਸ਼ਹਿਦ ਮਿਲਾ ਕੇ ਰੋਜ਼ਾਨਾ ਪੀਣ ਨਾਲ ਕਮਜ਼ੋਰੀ ਦੂਰੀ ਹੁੰਦੀ ਹੈ ਖ਼ੂਨ ਵੱਧਦਾ ਹੈ।

**ਭੁੱਖ ਲੱਗਣਾ** : ਗਾਜਰ, ਟਮਾਟਰ, ਅਦਰਕ ਤਿੰਨ੍ਹਾਂ ਦਾ ਰਸ ਅੱਧਾ ਗਿਲਾਸ ਦੁੱਧ ਅਤੇ ਸਵਾਦ ਮੁਤਾਬਕ ਸ਼ਹਿਦ ਮਿਲਾ ਕੇ ਦਿਨ ਵਿਚ ਦੋ ਵਾਰ ਪੀਣ ਨਾਲ ਭੁੱਖ ਲਗਦੀ ਹੈ ਅਤੇ ਹਾਜ਼ਮਾ ਠੀਕ ਹੁੰਦਾ ਹੈ।

**ਯਾਦ-ਸ਼ਕਤੀ** : ਲਗਾਤਾਰ ਦੋ ਮਹੀਨਿਆਂ ਤਕ ਗਾਜਰ ਦਾ ਹਲਵਾ ਖਾਣ ਨਾਲ ਯਾਦ ਸ਼ਕਤੀ ਵੱਧਦੀ ਹੈ।

**ਪੇਟ ਦੇ ਕੀੜੇ** : ਇਕ ਗਿਲਾਸ ਗਾਜਰ ਦਾ ਰਸ ਰੋਜ਼ਾਨਾ ਪੀਣ ਨਾਲ ਪੇਟ ਦੇ ਕੀੜੇ ਬਾਹਰ ਨਿਕਲ ਜਾਂਦੇ ਹਨ।

**ਦੰਦਾਂ ਦੇ ਰੋਗ** : ਰੋਜ਼ਾਨਾ 50 ਗ੍ਰਾਮ ਗਾਜਰ ਦਾ ਰਸ ਪੀਣ ਨਾਲ ਦੰਦ ਅਤੇ ਮਸੂੜਿਆਂ ਦੇ ਰੋਗ ਦੂਰ ਹੁੰਦੇ ਹਨ ਅਤੇ ਖ਼ੂਨ ਸਾਫ਼ ਹੁੰਦਾ ਹੈ। ਮਸੂੜਿਆਂ ਤੇ ਦੰਦ ਸਬੰਧੀ ਰੋਗ ਦੂਰ ਹੁੰਦੇ ਹਨ।

**ਖ਼ੂਬਸੂਰਤੀ** : ਗਾਜਰ, ਟਮਾਟਰ, ਸੰਤਰਾ ਅਤੇ ਚੁਕੰਦਰ ਦਾ ਰਸ ਮਿਲਾ ਕੇ ਦੋ ਮਹੀਨੇ ਤਕ ਰੋਜ਼ਾਨਾ ਪੀਣ ਨਾਲ ਚਿਹਰੇ ਦੀਆਂ ਛਾਈਆਂ ਅਤੇ ਦਾਗ਼-ਧੱਬੇ ਦੂਰ ਹੋ ਕੇ ਚਿਹਰੇ ਖ਼ੂਬਸੂਰਤ ਅਤੇ ਰੰਗ ਸਾਫ਼ ਹੋ ਜਾਂਦਾ ਹੈ।

**ਬਲੱਡ ਪ੍ਰੈਸ਼ਰ** : ਇਕ ਗਿਲਾਸ ਗਾਜਰ ਦੇ ਰਸ ਵਿਚ ਅੱਠ ਬੂੰਦਾਂ ਲਸਣ ਦਾ ਰਸ ਮਿਲਾ ਕੇ ਦਿਨ ਵਿਚ ਤਿੰਨ ਵਾਰ ਪੀਣ ਨਾਲ ਬਲੱਡਪ੍ਰੈਸ਼ਰ ਠੀਕ ਹੋਣ ਲਗਦਾ ਹੈ।

**ਬਵਾਸੀਰ** : ਕੱਚੀ ਗਾਜਰ ਚਬਾਉਣ ਜਾਂ ਗਾਜਰ ਦਾ ਰਸ ਨਿਯਮਿਤ ਰੂਪ ਵਿਚ ਪੀਣ ਨਾਲ ਬਵਾਸੀਰ ਦੇ ਰੋਗੀਆਂ ਨੂੰ ਰਾਹਤ ਮਿਲਦੀ ਹੈ।

**ਸ਼ੂਗਰ** : ਗਾਜਰ ਦੇ ਰਸ ਵਿਚ ਬਰਾਬਰ ਭਾਗ ਪਾਲਕ ਦਾ ਰਸ ਮਿਲਾ ਕੇ, ਲੂਣ, ਜ਼ੀਰਾ ਪਾ ਕੇ ਪੀਣ ਨਾਲ ਸ਼ੂਗਰ ਰੋਗ ਵਿਚ ਲਾਭ ਹੁੰਦਾ ਹੈ।

**ਬੱਚਿਆਂ ਦੀ ਕਮਜ਼ੋਰੀ** : ਬੱਚਿਆਂ ਨੂੰ ਰੋਜ਼ਾਨਾ ਗਾਜਰ ਦਾ ਰਸ ਪਿਲਾਉਣ ਨਾਲ ਬੱਚੇ ਸਿਹਤਮੰਦ ਬਣਦੇ ਹਨ। •

# ਐਕਸ-ਰੇਅ ਲਈ ਜਾ ਰਹੇ ਹੋ ਤਾਂ ਸਾਵਧਾਨ

ਡਾ: ਰਿਪੁਦਮਨ ਸਿੰਘ
9815200134



ਐਕਸ-ਰੇਅ ਇਕ ਮਹੱਤਵਪੂਰਨ ਟੈਸਟ ਹੈ। ਸਾਵਧਾਨੀ ਤੋਂ ਬਿਨਾ ਕਰਾਇਆ ਗਿਆ ਐਕਸ-ਰੇਅ ਬਹੁਤ ਘਾਤਕ ਹੋ ਸਕਦਾ ਹੈ। ਇਸ ਲਈ ਤਕਨੀਸ਼ੀਅਨਾਂ ਦੇ ਨਿਰਦੇਸ਼ਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ...

ਅੱਜ ਦੇ ਸਮੇਂ ਵਿਚ ਸਰੀਰ ਦੀ ਅੰਦਰੂਨੀ ਜਾਂਚ ਲਈ ਡਾਕਟਰ ਲੋਕ ਕਈ ਕਿਸਮ ਦੇ ਟੈਸਟ ਕਰਵਾਉਂਦੇ ਹਨ ਪਰ ਐਕਸ-ਰੇ, ਐੱਮ. ਆਰ. ਆਈ., ਸੀ.ਟੀ. ਸਕੈਨ ਦਾ ਰਿਵਾਜ਼ ਬਹੁਤ ਵੱਧ ਗਿਆ ਹੈ। ਥਾਂ-ਥਾਂ 'ਤੇ ਇਨ੍ਹਾਂ ਟੈਸਟਾਂ ਲਈ ਬੇਅੰਤ ਸੈਂਟਰ ਖੁੱਲ੍ਹੇ ਹੋਏ ਹਨ, ਵਾਰੀ ਨਹੀਂ ਆਉਂਦੀ। ਮੈਂ ਮੰਨਦਾ ਹਾਂ ਕਿ ਇਹਨਾਂ ਟੈਸਟਾਂ ਬਿਨਾ ਬਹੁਤੀਆਂ ਬੀਮਾਰੀ ਦਾ ਪਤਾ ਲਗਾਉਣਾ ਸੰਭਵ ਨਹੀਂ, ਇਹ ਵੀ ਹੈ ਕਿ ਅੱਜ ਦਾ ਡਾਕਟਰ ਆਪਣੀ ਲਿਆਕਤ 'ਤੇ ਘੱਟ ਵਿਸਵਾਸ਼ ਕਰਦਾ ਹੈ ਟੈਸਟਾਂ 'ਤੇ ਵੱਧ। ਜਾਣਦੇ ਸਾਰੇ ਹੀ ਹਾਂ ਕਿ ਚੰਗੀ ਤੋਂ ਚੰਗੀ ਲੈਬੋਰਟਰੀ ਵਿਚ ਕਿਵੇਂ ਤੇ ਕਿਹੋ ਜਿਹੇ ਟੈਸਟ ਹੁੰਦੇ ਹਨ? ਖ਼ੈਰ! ਸਾਡਾ ਮਕਸਦ ਇਸ ਸਮੇਂ ਐਕਸ-ਰੇਅ ਦੇ ਨਾਲ ਹੈ।

ਐਕਸ-ਰੇਅ ਵਰਤਮਾਨ ਸਮੇਂ ਦਾ ਮਹਤਵਪੂਰਨ ਟੈਸਟ ਹੈ। ਸਰੀਰ ਦੇ ਅੰਦਰਲੇ ਅੰਗਾਂ ਤੀ ਹਾਲਤ ਜਿਵੇਂ ਟੁੱਟੀ ਹੱਡੀ, ਦਿਲ ਦਾ ਸਾਈਜ਼, ਫੇਫੜਿਆਂ ਦੀ ਸਥਿਤੀ ਆਦਿ ਦੀ ਜਾਂਚ ਲਈ ਇਹ ਟੈਸਟ ਜ਼ਰੂਰੀ ਹੁੰਦਾ ਹੈ। ਅੱਜ ਅਸੀਂ ਐਕਸ-ਰੇਅ ਨਾਲ ਜੁੜੀਆਂ ਕੁਝ ਸਾਵਧਾਨੀਆਂ ਬਾਰੇ ਕੁਝ ਜ਼ਰੂਰੀ ਜਾਣਕਾਰੀ ਦੇਣ ਜਾ ਰਹੇ ਹਾਂ।

ਇਕ ਗੱਲ ਬਹੁਤ ਸਪਸ਼ਟ ਤੌਰ 'ਤੇ ਕਹਿ ਰਿਹਾ ਹਾਂ ਕਿ ਬਿਨਾ ਲੋੜ ਤੇ ਬਿਨਾ ਠੋਸ ਵਜ੍ਹਾ ਤੋਂ ਐਕਸ-ਰੇਅ ਕਦੇ ਨਹੀਂ ਕਰਵਾਉਣਾ ਚਾਹੀਦਾ। ਕਿਉਂਕਿ ਇਸ ਦੀਆਂ ਕਿਰਨਾਂ ਆਮ ਹਾਲਤਾਂ ਵਿਚ ਅਤਿਅੰਤ ਘਾਤਕ ਹੁੰਦੀਆਂ ਹਨ ਅਤੇ ਜੇ ਸਾਵਧਾਨੀ ਵਿਚ ਕੁਤਾਹੀ ਹੋ ਜਾਵੇ ਤਾਂ ਬਹੁਤ ਨੁਕਸਾਨ ਕਰਦੀਆਂ ਹਨ। ਐਕਸ-ਰੇਅ ਕਿਰਨਾਂ ਇੱਥੋਂ ਤਕ ਘਾਤਕ ਹੋ ਸਕਦੀਆਂ ਹਨ ਕਿ ਜੀਵ ਦੇ ਡੀ. ਐੱਨ. ਏ. ਦੀ ਪ੍ਰਵਿਰਤੀ ਵੀ ਤਬਦੀਲ ਹੋ ਸਕਦੀ ਹੈ। ਹੋਰ ਵੀ ਕਈ ਨੁਕਸਾਨ ਹੋ ਸਕਦੇ ਹਨ।

**ਸਮੇਂ ਦਾ ਰੱਖੋ ਧਿਆਨ** : ਐਕਸ-ਰੇਅ ਕਮਰੇ ਵਿਚ ਘੱਟ ਤੋਂ ਘੱਟ ਸਮਾ ਠਹਿਰਨਾ ਚਾਹੀਦਾ ਹੈ। ਇਹੀ ਨਹੀਂ, ਮਰੀਜ਼ ਦੇ ਰਿਸ਼ਤੇਦਾਰਾਂ ਦਾ ਵੀ ਬਿਨਾ ਵਜ੍ਹਾ ਮਰੀਜ਼ ਨਾਲ ਐਕਸ-ਰੇਅ ਕਮਰੇ ਵਿਚ ਜਾਣਾ ਉਚਿਤ ਨਹੀਂ ਹੁੰਦਾ। ਛੋਟੇ ਬੱਚਿਆਂ ਨੂੰ ਤਾਂ ਐਕਸ-ਰੇਅ ਕਮਰੇ ਦੇ ਨੇੜੇ-ਤੇੜੇ ਵੀ ਨਹੀ ਜਾਣ ਦੇਣਾ ਚਾਹੀਦਾ। ਜਿੱਥੋਂ ਤਕ ਹੋ ਸਕੇ ਡਾਕਟਰ ਤੇ ਤਕਨੀਸ਼ੀਅਨਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਹੋ ਸਕੇ ਤਾਂ ਪੰਜ ਮਿੰਟ ਤੋਂ ਵੱਧ ਐਕਸ-ਰੇਅ ਕਮਰੇ ਵਿਚ ਨਹੀਂ ਰਹਿਣਾ ਚਾਹੀਦਾ।



**ਐਕਸ-ਰੇਅ ਸੰਬਧੀ ਲਾਈਸੈਂਸ ਜ਼ਰੂਰ ਵੇਖੋ** : ਬਹੁਤ ਜ਼ਰੂਰੀ ਹੈ ਕਿ ਐਕਸ-ਰੇਅ ਲੈਬਾਰਟਰੀ ਦਾ ਲਾਈਸੈਂਸ ਜ਼ਰੂਰ ਚੈੱਕ ਕਰੋ। ਇਸ ਲਾਈਸੈਂਸ ਏ.ਈ.ਆਰ.ਬੀ. (ਪਰਮਾਣੂ ਊਰਜਾ ਨਿਯਾਮਕ ਪ੍ਰੀਸ਼ਦ) ਜਾਂ ਇਸ ਵੱਲੋਂ ਨਿਸ਼ਚਿਤ ਐਕਸ-ਰੇਅ ਸੈਂਟਰ ਦੀ ਜਾਂਚ ਕਰਦੀ ਹੈ। ਇਸ ਤੋਂ ਬਾਅਦ ਏ.ਈ.ਆਰ.ਬੀ. ਸੈਂਟਰ ਲਈ ਲਾਈਸੈਂਸ ਜਾਰੀ ਕਰਦੀ ਹੈ ਜਿਸ ਨੂੰ ਸਮੇਂ-ਸਮੇਂ ਸਿਰ ਨਵੀਕਰਨ ਵੀ ਕਰਾਉਣਾ ਜ਼ਰੂਰੀ ਹੁੰਦਾ ਹੈ ਅਤੇ ਇਸ ਲਈਸੈਂਸ ਨੂੰ ਸੈਂਟਰ ਦੀ ਮੁੱਖ ਕੰਧ 'ਤੇ ਲਟਕਾਉਣਾ ਜ਼ਰੂਰੀ ਹੁੰਦਾ ਹੈ। ਇਹ ਲਾਈਸੈਂਸ ਗਵਾਹੀ ਭਰਦਾ ਹੈ ਕਿ ਮਸ਼ੀਨਾਂ ਦੀ ਕਵਾਲਿਟੀ, ਸੈਂਟਰ ਦੀ ਗੁਣਵੱਤਾ, ਵਿਕਰਣ ਦੀ ਸੁਰੱਖਿਆ ਲਈ ਵਿਕਰਣ ਸਰਵੇ ਵੀ ਕੀਤਾ ਜਾਂਦਾ ਹੈ ਜੋ ਮਰੀਜ਼ ਅਤੇ ਵਾਤਾਵਰਨ ਦੀ ਸੁਰੱਖਿਆ ਯਕੀਨੀ ਬਣਾਉਂਦਾ ਹੈ। ਜੇ ਤੁਹਾਨੂੰ ਇਹ ਸੈਂਟਰ ਵਿਚ ਨਹੀਂ ਮਿਲਦਾ ਤਾਂ ਪੁੱਛਣਾ ਚਾਹੀਦਾ ਹੈ। 'ਸਖੀ ਨਾਲੋਂ ਸੂਮ ਭਲਾ ਜਿਹੜਾ ਦੇਵੇ ਤੁਰੰਤ ਜਵਾਬ'। ਆਖ਼ਿਰ ਸਰੀਰ ਤੁਹਾਡਾ ਹੈ, ਜੀਵਨ ਤੁਹਾਡਾ ਹੈ, ਫਿਰ ਸੰਕੋਚ ਕਾਹਦਾ ?

**ਸੁਰੱਖਿਆ ਉਪਕਰਣ** : ਧਿਆਨ ਰੱਖੋ ਕਿ ਸਰੀਰ ਦੇ ਜਿਸ ਹਿੱਸੇ ਦਾ ਐਕਸ-ਰੇਅ ਹੋਣਾ ਹੈ, ਉਹੋ ਹੀ ਐਕਸ-ਰੇਅ ਲਈ ਰੱਖਿਆ ਜਾਵੇ। ਭਾਵ ਜੇ ਅੰਗੂਠੇ ਦਾ ਐਕਸ-ਰੇਅ ਹੋਣਾ ਹੈ ਤਾਂ ਅੰਗੂਠਾ ਹੀ ਐਕਸਪੋਜ਼ ਕੀਤਾ ਜਾਵੇ ਨਾ ਕਿ ਸਾਰਾ ਹੱਥ। ਬਾਕੀ ਹੱਥ ਨੂੰ ਸਿੱਕੇ (ਲੈੱਡ) ਦੇ ਬਣੇ ਕਵਚ ਨਾਲ ਢਕਣਾ ਜ਼ਰੂਰੀ ਹੁੰਦਾ ਹੈ। ਇਸ ਤੋਂ ਬਿਨਾ ਐਕਸ-ਰੇਅ ਨਾ ਕਰਾਓ। ਇਹ ਵੀ ਨਿਸ਼ਚਿਤ ਕਰਨਾ ਚਾਹੀਦਾ ਕਿ ਐਕਸ-ਰੇਅ ਮਸ਼ੀਨ ਵਾਲੇ ਕਮਰੇ ਦੀਆਂ ਕੰਧਾਂ ਲੈੱਡ ਨਾਲ ਕਵਰ ਕੀਤੀਆਂ ਗਈਆਂ ਹੋਣ।

ਐਕਸ-ਰੇਅ ਕਰਨ ਸਮੇਂ ਮਰੀਜ਼ ਦੇ ਸਰੀਰ 'ਤੇ ਸੋਨਾ-ਚਾਂਦੀ ਜਾਂ ਹੋਰ ਕੋਈ ਧਾਤੂ ਨਹੀਂ ਹੋਣੇ ਚਾਹੀਦੇ। ਰੇਸ਼ਮੀ ਕੱਪੜੇ ਵੀ ਨਹੀਂ ਪਹਿਨੇ ਹੋਣੇ ਚਾਹੀਦੇ। ਇਲੈਕਟ੍ਰੌਨਿਕ ਦਾ ਸਾਮਾਨ ਜਿਵੇਂ ਮੋਬਾਈਲ ਫੋਨ ਜਾਂ ਹੋਰ ਕੋਈ ਡਿਵਾਈਸ ਨਾ ਲੈ ਕੇ ਜਾਓ।

ਜਿਹੜੀਆਂ ਔਰਤਾਂ ਗਰਭ ਧਾਰਨ ਦੀ ਇੱਛਾ ਰੱਖਦੀਆਂ ਹੋਣ, ਉਨ੍ਹਾਂ ਨੂੰ ਮਾਸਿਕ ਧਰਮ ਤੋਂ ਪਹਿਲੇ ਦਸ ਦਿਨਾਂ ਵਿਚ ਹੀ ਐਕਸ-ਰੇਅ ਕਰਾਉਣਾ ਚਾਹੀਦਾ ਹੈ। ਗਰਭਵਤੀ ਔਰਤਾਂ ਨੂੰ ਐਕਸ-ਰੇਅ ਤੋਂ ਜਿੱਥੋ ਤਕ ਹੋ ਸਕੇ ਪਰਹੇਜ਼ ਕਰਨਾ ਚਾਹੀਦਾ ਹੈ। ਆਮ ਤੌਰ 'ਤੇ ਵੇਖਣ ਵਿਚ ਆਉਂਦਾ ਹੈ ਕਿ ਬਹੁਤੇ ਐਕਸ-ਰੇਅ ਸੈਂਟਰਾਂ ਅਤੇ ਹਸਪਤਾਲਾਂ ਵਿਚ ਲੋੜੀਂਦੇ ਮਾਪਦੰਡਾਂ ਦਾ ਸਨਮਾਨ ਨਹੀਂ ਕੀਤਾ ਜਾਂਦਾ। ਮੈਡੀਕਲ ਅਧਿਕਾਰੀਆਂ ਦਾ ਇਸ ਬਾਰੇ ਪੜਤਾਲ ਕਰਨਾ ਫਰਜ਼ ਹੈ ਪਰ ਉਹ ਨਹੀਂ ਕਰਦੇ। ਮਰੀਜ਼ ਦੇ ਰਿਸ਼ਤੇਦਾਰ ਸੋਚਦੇ ਹਨ ਕਿ ਆਪਾਂ ਕਿਹੜਾ ਰੋਜ਼-ਰੋਜ਼ ਐਕਸ-ਰੇਅ ਕਰਾਉਣਾ ਹੈ? ਜਿਵੇਂ ਚੱਲ ਰਿਹਾ ਹੈ, ਚੱਲੀ ਜਾਣ ਦਿਓ। ਪਰ ਲੋੜ ਹੈ ਅਸੀਂ ਸਿੱਖਿਆ ਨੂੰ ਅਮਲੀ ਜ਼ਿੰਦਗੀ ਵਿਚ ਵਰਤ ਕੇ ਜ਼ਿੰਦਗੀ ਨੂੰ ਹੋਰ ਖ਼ੂਬਸੂਰਤ ਬਣਾਈਏ। •



## ਸੰਪਾਦਕੀ

# ਅਰਥਚਾਰੇ ਵਿਚ ਵਾਧਾ

ਭਾਰਤੀ ਅਰਥਚਾਰੇ ਵਿਚ ਸਾਲ 2023 ਦੀ ਅਕਤੂਬਰ-ਦਸੰਬਰ ਤਿਮਾਹੀ ਵਿਚ 8.4 ਫ਼ੀਸਦੀ ਦਰ ਨਾਲ ਵਾਧਾ ਦਰਜ ਹੋਇਆ ਹੈ ਜੋ ਆਸਾਂ ਤੋਂ ਵੀ ਵੱਧ ਹੈ। ਪਿਛਲੇ ਡੇਢ ਸਾਲ ਦੌਰਾਨ ਇਹ ਸਭ ਤੋਂ ਤੇਜ਼ ਰਫ਼ਤਾਰ ਵਿਕਾਸ ਦਰ ਗਿਣੀ ਜਾ ਰਹੀ ਹੈ ਜਿਸ ਸਦਕਾ ਚਲੰਤ ਮਾਲੀ ਸਾਲ (2023-24) ਲਈ ਵਾਧੇ ਦੀ ਦਰ 7.6 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਇਸ ਤੋਂ ਪਹਿਲਾਂ ਕੌਮੀ ਅੰਕੜਾ ਵਿਗਿਆਨ ਅਦਾਰੇ (ਐੱਨਐੱਸਓ) ਨੇ ਜਨਵਰੀ ਵਿਚ ਵਾਧੇ ਦੀ ਦਰ 7.3 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਸੀ; ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਦਾ ਕ੍ਰਮਵਾਰ 6.7 ਫ਼ੀਸਦੀ ਅਤੇ 6.3 ਫ਼ੀਸਦੀ ਵਾਧੇ ਦਾ ਅਨੁਮਾਨ ਸੀ। ਕੁੱਲ ਘਰੇਲੂ ਪੈਦਾਵਾਰ ਵਿਚ ਇਸ ਸ਼ਾਨਦਾਰ ਵਾਧੇ ਨਾਲ ਭਾਰਤ ਦੁਨੀਆ ਅੰਦਰ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਵੱਡਾ ਅਰਥਚਾਰਾ ਬਣਿਆ ਹੋਇਆ ਹੈ ਅਤੇ ਇਹ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਆਲਮੀ ਅਰਥਚਾਰੇ ਵਿਚ ਵਾਧੇ ਦੀ ਰਫ਼ਤਾਰ ਕਾਫ਼ੀ ਮੱਠੀ ਬਣੀ ਹੋਈ ਹੈ।

ਸਾਲ 2023 ਦੇ ਆਖਿ ?ਰੀ ਤਿੰਨ ਮਹੀਨਿਆਂ ਵਿਚ ਇਹ ਵਾਧਾ ਨਿਰਮਾਣ ਖੇਤਰ ਵਿਚ ਰਹੇ 11.6 ਫ਼ੀਸਦੀ ਉਭਾਰ ਸਦਕਾ ਹੋਇਆ ਹੈ; ਉਸ ਤੋਂ ਇਕ ਸਾਲ ਪਹਿਲਾਂ ਇਸੇ ਸਮੇਂ ਦੌਰਾਨ ਇਸ ਖੇਤਰ ਵਿਚ 4.8 ਫ਼ੀਸਦੀ ਦੀ ਗਿਰਾਵਟ ਹੋਈ ਸੀ। ਖਣਨ ਖੇਤਰ ਵਿਚ ਇਸ ਅਰਸੇ ਦੌਰਾਨ 7.5 ਫ਼ੀਸਦੀ ਵਾਧਾ ਦੇਖਣ ਨੂੰ ਮਿਲਿਆ ਹੈ ਜਿਸ ਵਿਚ ਅਕਤੂਬਰ-ਦਸੰਬਰ 2022 ਵਿਚ ਵਾਧੇ ਦੀ ਦਰ ਮਹਿਜ਼ 1.4 ਫ਼ੀਸਦੀ ਸੀ ਅਤੇ ਉਸਾਰੀ ਖੇਤਰ ਵਿਚ 9.5 ਫ਼ੀਸਦੀ ਵਾਧੇ ਦੀ ਦਰ ਬਰਕਰਾਰ ਰਹੀ ਹੈ।

ਇਸ ਦਾ ਸਭ ਤੋਂ ਖੁਸ਼ਨੁਮਾ ਪਹਿਲੂ ਨਿਰਮਾਣ ਜਾਂ ਮੈਨੂਫੈਕਚਰਿੰਗ ਖੇਤਰ ਵਿਚ ਹੋਇਆ ਇਜ਼ਾਫ਼ਾ ਹੈ ਜਿਸ ਵਿਚ ਫੈਕਟਰੀ ਉਤਪਾਦਨ ਅਤੇ ਵਿਕਰੀ ਵਿਚ ਵਾਧੇ ਸਦਕਾ ਫਰਵਰੀ ਮਹੀਨੇ ਵਾਧੇ ਦੀ ਦਰ ਪੰਜ ਮਹੀਨਿਆਂ ਦੇ ਉਚਤਮ ਪੱਧਰ ’ਤੇ ਪਹੁੰਚ ਗਈ ਸੀ। ਸਰਕਾਰੀ ਸਰਵੇਖਣ ਮੁਤਾਬਿਕ ਇਸ ਦੇ ਉਲਟ, ਚੀਨ ਵਿਚ ਨਿਰਮਾਣ ਖੇਤਰ ਪਿਛਲੇ ਪੰਜ ਮਹੀਨਿਆਂ ਤੋਂ ਗਿਰਾਵਟ ਵੱਲ ਜਾ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ‘ਮੇਕ ਇਨ ਇੰਡੀਆ’ ਦੀ ਪਹਿਲਕਦਮੀ ਨੂੰ ਬੂਰ ਪੈਣ ਲੱਗ ਪਿਆ ਹੈ ਅਤੇ ਕਾਰੋਬਾਰੀ ਸੌਖ ਦੀ ਸਥਿਤੀ ਵਿਚ ਸੁਧਾਰ ਹੋ ਰਿਹਾ ਹੈ। ਹੁਣ ਢਿੱਲ ਮੱਠ ਲਈ ਕੋਈ ਜਗ੍ਹਾ ਨਹੀਂ ਹੈ। ਭਾਰਤ ਨੂੰ ਚੀਨ ਦੀ ਮੱਠੀ ਕਾਰਗੁਜ਼ਾਰੀ ਤੋਂ ਲਾਹਾ ਲੈਣਾ ਚਾਹੀਦਾ ਹੈ। ਭਾਰਤ ਦੀ ਰੀੜ੍ਹ ਦੀ ਹੱਡੀ ਇਸ ਦਾ ਦਿਹਾਤੀ ਅਰਥਚਾਰਾ ਮੰਨਿਆ ਜਾਂਦਾ ਹੈ ਜਿਸ ਵੱਲ ਫ਼ੌਰੀ ਧਿਆਨ ਦੇਣ ਦੀ ਲੋੜ ਹੈ। ਖੇਤੀਬਾੜੀ ਖੇਤਰ ਵਿਚ ਅਕਤੂਬਰ-ਦਸੰਬਰ ਤਿਮਾਹੀ ਦੌਰਾਨ 0.8 ਫ਼ੀਸਦੀ ਕਮੀ ਆਈ ਹੈ। ਇਸ ਖੇਤਰ ਵਿਚ ਕਮੀ ਫਿ ?ਕਰ ਵਾਲੀ ਗੱਲ ਹੈ ਕਿਉਂਕਿ ਕਰੋਨਾ ਕਾਲ ਦੌਰਾਨ ਜਦੋਂ ਸਾਰੇ ਖੇਤਰਾਂ ਵਿਚ ਘਾਟਾ ਦਰਜ ਕੀਤਾ ਗਿਆ ਸੀ ਤਾਂ ਖੇਤੀਬਾੜੀ ਹੀ ਅਜਿਹਾ ਇੱਕੋ-ਇੱਕ ਖੇਤਰ ਸੀ ਜਿਸ ਵਿਚ ਵਾਧਾ ਦਰਜ ਹੋਇਆ ਸੀ। ਉਧਰ, ਮੁਲਕ ਦੇ ਕਈ ਹਿੱਸਿਆਂ ਵਿਚ ਕਿਸਾਨ ਅੰਦੋਲਨ ਕਰ ਰਹੇ ਹਨ। ਸਰਕਾਰ ਨੂੰ ਇਨ੍ਹਾਂ ਮਸਲਿਆਂ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

# ਸੈਮੀਕੰਡਕਟਰ ਪਲਾਂਟ

ਕੇਂਦਰੀ ਕੈਬਨਿਟ ਵੱਲੋਂ ਵੀਰਵਾਰ ਨੂੰ 1.26 ਖਰਬ ਰੁਪਏ ਦੇ ਨਿਵੇਸ਼ ਨਾਲ ਤਿੰਨ ਸੈਮੀਕੰਡਕਟਰ ਪਲਾਂਟਾਂ ਨੂੰ ਦਿੱਤੀ ਮਨਜ਼ੂਰੀ ਭਾਰਤ ਦੇ ਤਕਨੀਕੀ ਖੇਤਰ ’ਚ ਬੇਹੱਦ ਅਹਿਮ ਫ਼ੈਸਲਿਆਂ ਵਜੋਂ ਦਰਜ ਹੋ ਗਈ ਹੈ। ਇਸ ਨਾਲ ਦੇਸ਼ ਨੇ ਆਪਣੇ ਆਪ ਨੂੰ ਆਲਮੀ ਸੈਮੀਕੰਡਕਟਰ ਨਿਰਮਾਣ ਉਦਯੋਗ ਵਿਚ ਅਹਿਮ ਖਿਡਾਰੀ ਵਜੋਂ ਸਥਾਪਿਤ ਕਰਨ ਵੱਲ ਕਦਮ ਵਧਾ ਲਏ ਹਨ। ਟਾਟਾ ਗਰੁੱਪ ਦੀ ਗੁਜਰਾਤ ਦੇ ਧੁਲੇਰਾ ਵਿਚ ਸਥਿਤ ਸੈਮੀਕੰਡਕਟਰ ਚਿਪ ਬਣਾਉਣ ਵਾਲੀ ਇਕਾਈ ਅਤਿ-ਆਧੁਨਿਕ ਤਕਨੀਕ ਨਾਲ ਲੈਸ ਹੋਣ ਲਈ ਤਿਆਰ ਹੋ ਰਹੀ ਹੈ। 28 ਨੈਨੋਮੀਟਰ ਤਕਨੀਕ ਨਾਲ ਚਿੱਪਾਂ ਤਿਆਰ ਕਰਨ ’ਤੇ ਦਿੱਤਾ ਗਿਆ ਜ਼ੋਰ ਦਰਸਾਉਂਦਾ ਹੈ ਕਿ ਭਾਰਤ ਬਿਲਕੁਲ ਨਵੀਆਂ ਤੇ ਅਤਿ-ਆਧੁਨਿਕ ਪ੍ਰਕਿਰਿਆਵਾਂ ਅਪਣਾਉਣ ਲਈ ਤਿਆਰ ਹੈ ਅਤੇ ਹੁਣ ਇਸ ਖੇਤਰ ਵਿਚ ਸੰਸਾਰ ਪੱਧਰ ’ਤੇ ਮੁਕਾਬਲਾ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਸਰਕਾਰ ਦੇ ਫ਼ੈਸਲੇ ਵਿਚੋਂ ‘ਚਿੱਪ ਈਕੋਸਿਸਟਮ’ ਨੂੰ ਮਜ਼ਬੂਤ ਕਰਨ ਦੀ ਵਿਆਪਕ ਪਹੁੰਚ ਵੀ ਝਲਕਦੀ ਹੈ। ਸਰਕਾਰ ਮੁਹਾਲੀ ’ਚ ਪਹਿਲਾਂ ਤੋਂ ਮੌਜੂਦ ‘ਐੱਸਸੀਐੱਲ’ ਨੂੰ ਜਲਦੀ ਕਿਸੇ ਭਾਈਵਾਲ ਨਾਲ ਰਲ ਕੇ ਖੋਜ ਤੇ ਵਿਕਾਸ (ਆਰ ਐਂਡ ਡੀ) ਅਤੇ ਸਿਖਲਾਈ ਕੇਂਦਰ ਵਜੋਂ ਵਿਕਸਿਤ ਕਰਨ ਦੀ ਯੋਜਨਾ ਵੀ ਬਣਾ ਰਹੀ ਹੈ।

ਇਸ ਪ੍ਰਾਜੈਕਟ ਲਈ 10,000 ਕਰੋੜ ਰੁਪਏ ਦੇ ਨਿਵੇਸ਼ ਦਾ ਟੀਚਾ ਰੱਖਿਆ ਗਿਆ ਹੈ। ਸੈਮੀਕੰਡਕਟਰ ਇਕਾਈਆਂ ’ਤੇ ਵੱਡੇ ਪੂੰਜੀ ਨਿਵੇਸ਼ ਨਾਲ ਵੱਖ ਵੱਖ ਤਰ੍ਹਾਂ ਦੇ ਮੌਕੇ ਪੈਦਾ ਹੋਣਗੇ। ਇਨ੍ਹਾਂ ਪਲਾਂਟਾਂ ਵਿਚ ਬਣਨ ਵਾਲੀਆਂ ਚਿੱਪਾਂ ਕਈ ਖੇਤਰਾਂ ’ਚ ਨਵੀਆਂ ਕਾਢਾਂ ਤੇ ਤਕਨੀਕੀ ਵਿਕਾਸ ਨੂੰ ਉਤਸ਼ਾਹਿਤ ਕਰਨਗੀਆਂ। ਉੱਚ ਸਮਰੱਥਾ ਵਾਲੀ ਕੰਪਿਊਟਿੰਗ ਤੋਂ ਲੈ ਕੇ ਇਲੈਕਟ੍ਰਿਕ ਵਾਹਨਾਂ ਦੇ ਖੇਤਰ, ਟੈਲੀਕਾਮ, ਰੱਖਿਆ, ਕੰਜਿ ?ਊਮਰ ਇਲੈਕਟ੍ਰੌਨਿਕਸ, ਆਟੋਮੋਬਾਈਲ ਤੇ ਪਾਵਰ ਇਲੈਕਟ੍ਰੌਨਿਕਸ ਖੇਤਰਾਂ ਵਿਚ ਵਿਕਾਸ ਦੇ ਨਵੇਂ ਰਾਸਤੇ ਖੁੱਲ੍ਹਣਗੇ। ਇਕੱਲੀ ਧੁਲੇਰਾ ਇਕਾਈ ਹੀ ਅੰਦਾਜ਼ਨ ਸਿੱਧੀਆਂ-ਅਸਿੱਧੀਆਂ ਨੌਕਰੀਆਂ ਦੇ 20,000 ਮੌਕੇ ਪੈਦਾ ਕਰੇਗੀ। ਅਸਾਮ ਤੇ ਗੁਜਰਾਤ ਦੇ ਸਾਨੰਦ ਵਿਚ ਵੀ ਇਸੇ ਤਰ੍ਹਾਂ ਦੇ ਦੋ ਹੋਰ ਪਲਾਂਟ ਸਥਾਪਿਤ ਕੀਤੇ ਜਾਣ ਦੀ ਯੋਜਨਾ ਹੈ। ਇਸ ਤਰ੍ਹਾਂ ਇਨ੍ਹਾਂ ਨਾਲ ਨਾ ਸਿਰਫ਼ ਆਰਥਿਕ ਵਾਧੇ ਨੂੰ ਹੁਲਾਰਾ ਮਿਲੇਗਾ ਬਲਕਿ ਰੁਜ਼ਗਾਰ ਦੇ ਹਜ਼ਾਰਾਂ ਮੌਕੇ ਵੀ ਪੈਦਾ ਹੋਣਗੇ। ਕੇਂਦਰੀ ਇਲੈਕਟ੍ਰੌਨਿਕਸ ਤੇ ਆਈਟੀ ਮੰਤਰੀ ਅਸ਼ਿਵਨੀ ਵੈਸ਼ਣਵ ਮੁਤਾਬਕ ਟਾਟਾ ਇਲੈਕਟ੍ਰੌਨਿਕਸ ਪ੍ਰਾਈਵੇਟ ਲਿਮਟਿਡ ਤਾਇਵਾਨ ਦੀ ਸੈਮੀਕੰਡਕਟਰ ਕੰਪਨੀ ਨਾਲ ਮਿਲ ਕੇ ਗੁਜਰਾਤ ਦੇ ਧੁਲੇਰਾ ਵਿਚ ਚਿਪ ਨਿਰਮਾਣ ਪਲਾਂਟ ਲਾਏਗੀ। ਸੈਮੀਕੰਡਕਟਰ ਨਿਰਮਾਣ ਇਕਾਈ ਸਥਾਪਿਤ ਕਰਨ ਵਿਚ ਹਾਲਾਂਕਿ ਤਿੰਨ-ਚਾਰ ਸਾਲ ਲੱਗਦੇ ਹਨ ਪਰ ਕੇਂਦਰ ਸਰਕਾਰ ਮੁਤਾਬਕ ਸਮੇਂ ਨੂੰ ਘਟਾਇਆ ਜਾਵੇਗਾ। ਇਹੀ ਨਹੀਂ, ਸਾਰੇ ਰਾਜਾਂ ਨੂੰ ਸੈਮੀਕੰਡਕਟਰ ਉਦਯੋਗ ਲਈ ਮਾਹੌਲ ਤਿਆਰ ਕਰਨ ਵਾਸਤੇ ਪ੍ਰੇਰਿਆ ਜਾਵੇਗਾ। ਉਹ ਇਸ ਸਬੰਧੀ ਨੀਤੀਆਂ ਬਣਾ ਸਕਦੇ ਹਨ ਅਤੇ ਉਦਯੋਗਿਕ ਇਕਾਈਆਂ ਇਨ੍ਹਾਂ ਨੀਤੀਆਂ ਦੇ ਆਧਾਰ ਉਤੇ ਪ੍ਰਾਜੈਕਟ ਲਾ ਸਕਦੀਆਂ ਹਨ।

ਵੱਡੀ ਗੱਲ ਇਹ ਹੈ ਕਿ ਇਹ ਪ੍ਰਵਾਨਗੀਆਂ ਅਜਿਹੇ ਵਕਤ ਮਿਲੀਆਂ ਹਨ ਜਦੋਂ ਸਪਲਾਈ ਚੇਨਾਂ ਦੇ ਆਸੇ ਪਾਸੇ ਭੂ-ਸਿਆਸੀ ਤਣਾਵਾਂ ਦੇ ਮੱਦੇਨਜ਼ਰ ਬਹੁਤ ਸਾਰੇ ਦੇਸ਼ ਸੈਮੀਕੰਡਕਟਰ ਖੇਤਰ ਵਿਚ ਚੀਨ ’ਤੇ ਆਪਣੀ ਨਿਰਭਰਤਾ ਦਾ ਨਵੇਂ ਸਿਰਿਓਂ ਜਾਇਜ਼ਾ ਲੈ ਰਹੇ ਹਨ। ਹਾਲਾਂਕਿ ਭਾਰਤ ਕੋਲ ਚਿਪ ਡਿਜ਼ਾਈਨ ਇੰਜਨੀਅਰਿੰਗ ਦੀ ਪ੍ਰਤਿਭਾ ਦੇ ਚੋਖੇ ਭੰਡਾਰ ਮੌਜੂਦ ਹਨ ਪਰ ਇਸ ਜ਼ਹਾਨਤ ਤੇ ਪ੍ਰਬੀਨਤਾ ਨੂੰ ਦੇਸ਼ ਤੋਂ ਬਾਹਰ ਜਾਣ ਤੋਂ ਰੋਕਣ ਲਈ ਕਾਫ਼ੀ ਕੰਮ ਕਰਨਾ ਪਵੇਗਾ ਕਿਉਂ ਜੋ ਪਾਏਦਾਰ ਬਦਲ ਸਿਰਜਣ ਲਈ ਇਨ੍ਹਾਂ ਦੀ ਚੋਖੀ ਅਹਿਮੀਅਤ ਹੈ।

# ਕਾਰਪੋਰੇਟ ਨੀਤੀਆਂ ਅਤੇ ਸੰਸਾਰ ਦੇ ਕਿਸਾਨ ਅੰਦੋਲਨ

**ਤਰਲੋਚਨ ਮੁਠੱਡਾ**

ਭਾਰਤ ਤੋਂ ਇਲਾਵਾ ਯੂਰੋਪ ਦੇ ਬਹੁਤ ਸਾਰੇ ਮੁਲਕਾਂ ਵਿੱਚ ਕਿਸਾਨ ਸੰਘਰਸ਼ ਦੇ ਮੈਦਾਨ ਵਿੱਚ ਹਨ। ਬੁਲਗਾਰੀਆ, ਜਰਮਨੀ, ਇਟਲੀ, ਨੀਦਰਲੈਂਡ, ਹੰਗਰੀ, ਪੋਲੈਂਡ, ਰੋਮਾਨੀਆ, ਸਪੇਨ, ਪੁਰਤਗਾਲ, ਗਰੀਸ ਅਤੇ ਫਰਾਂਸ ਦੇ ਕਿਸਾਨਾਂ ਵੱਲੋਂ ਟਰੈਕਟਰਾਂ ਨਾਲ ਮੋਟਰਵੇਅ ਅਤੇ ਮੁੱਖ ਮਾਰਗ ਜਾਮ ਕਰਨ ਤੋਂ ਬਾਅਦ ਵੇਲਜ਼ (ਯੂਕੇ) ਦੇ ਕਿਸਾਨ ਵੀ ਸੜਕਾਂ ’ਤੇ ਉੱਤਰ ਆਏ ਹਨ। ਅੰਦੋਲਨ ਕਰ ਰਹੇ ਕਿਸਾਨਾਂ ਦੇ ਗੁੱਸੇ ਅਤੇ ਫਿਕਰ ਦੇ ਕਾਰਨ ਤਕਰੀਬਨ ਮਿਲਦੇ ਜੁਲਦੇ ਹਨ; ਜਿਵੇਂ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ, ਡੀਜ਼ਲ ਤੇ ਮਸ਼ੀਨਰੀ ’ਤੇ ਸਬਸੀਡੀਆਂ ਵਿੱਚ ਕਟੌਤੀ, ਲਾਗਤ ਵਿੱਚ ਵਾਧਾ, ਕਰਜ਼ਾ, ਫਸਲਾਂ ਦੇ ਮੁੱਲ ਵਿੱਚ ਗਿਰਾਵਟ, ਵੱਡੀਆਂ ਕੰਪਨੀਆਂ ਨੂੰ ਖੁੱਲ੍ਹੀ ਛੋਟ, ਦੂਜੇ ਮੁਲਕਾਂ ਤੋਂ ਸਸਤੇ ਅਨਾਜ ਦੀ ਖਰੀਦ ਅਤੇ ਸਥਾਨਕ ਕਿਸਾਨਾਂ ਦੀਆਂ ਫ਼ਸਲਾਂ ਨਾ ਖਰੀਦਣਾ ਆਦਿ ਹਨ। ਇਨ੍ਹਾਂ ਕਿਸਾਨਾਂ ਦੇ ਰੋਸ ਵਿਖਾਵੇ ਕਰਨ ਦੇ ਤਰੀਕੇ ਵੀ ਲੱਗਭੱਗ ਇੱਕੋ ਜਿਹੇ ਹਨ; ਜਿਵੇਂ ਰਾਜਧਾਨੀ ਜਾਂ ਵੱਡੇ ਸ਼ਹਿਰਾਂ ਨੂੰ ਜਾਂਦੀਆਂ ਮੁੱਖ ਸੜਕਾਂ ਉੱਪਰ ਟਰੈਕਟਰਾਂ ਦੇ ਲੰਮੇ ਕਾਫਲੇ, ਕਿਸਾਨੀ ਝੰਡੇ ਤੇ ਨਾਅਰਿਆਂ ਵਾਲੇ ਬੈਨਰ, ਪਾਰਲੀਮੈਂਟਾਂ ਦਾ ਘਰਾਓ, ਹਾਈਵੇਅ ਦੇ ਆਲੇ ਦੁਆਲੇ ਟੈਂਟ ਆਦਿ ਲਗਾਏ ਜਾ ਰਹੇ ਹਨ। ਯੂਰੋਪੀਅਨ ਪਾਰਲੀਮੈਂਟ ’ਤੇ ਕਿਸਾਨਾਂ ਨੇ ਆਂਡਿਆਂ ਦੀ ਵਰਖਾ ਕੀਤੀ। ਕੁਝ ਹੋਰ ਮੁਲਕਾਂ ਵਿੱਚ ਸਰਕਾਰੀ ਇਮਾਰਤਾਂ ’ਤੇ ਦੁੱਧ ਅਤੇ ਪਸ਼ੂਆਂ ਦੇ ਮਲ-ਮੂਤਰ ਦਾ ਛਿੜਕਾਓ ਕੀਤਾ ਗਿਆ। ਸੜਕਾਂ ’ਤੇ ਗੋਹੇ ਅਤੇ ਪਰਾਲੀ ਦੇ ਢੇਰ ਲਗਾਏ ਗਏ। ਫਿਰ ਵੀ ਕਿਸੇ ਮੁਲਕ ਦੀ ਸਰਕਾਰ ਨੇ ਭਾਰਤ ਦੀ ਸਰਕਾਰ ਵਾਂਗ ਸੜਕਾਂ ’ਤੇ ਕਿੱਲ, ਕੰਧਾਂ, ਟੋਏ, ਬੈਰੀਕੇਡ ਤੇ ਕੰਡਿਆਲੀਆਂ ਤਾਰਾਂ ਨਹੀਂ ਲਾਈਆਂ ਅਤੇ ਨਾ ਹੀ ਡਰੋਨ ਨਾਲ ਹੰਝੂ ਗੈਸ ਦੇ ਗੋਲੇ ਦਾਗੇ।

ਫਰਵਰੀ ਦੇ ਸ਼ੁਰੂ ਵਿੱਚ ਯੂਰੋਪੀਅਨ ਯੂਨੀਅਨ ਦੇ ਮੁੱਖ ਸ਼ਹਿਰ ਬ੍ਰਸਲਜ਼ ਵਿੱਚ ਕਿਸਾਨਾਂ ਨੇ ਪਾਰਲੀਮੈਂਟ ਦੇ ਬਾਹਰ ਵੱਡਾ ਪ੍ਰਦਰਸ਼ਨ ਕੀਤਾ ਜਿਥੇ ਯੂਰੋਪੀਅਨ ਲੀਡਰ ਯੂਕਰੇਨ ਬਾਰੇ ਗੱਲਬਾਤ ਕਰਨ ਲਈ ਇਕੱਠੇ ਹੋਏ ਸਨ। ਉਨ੍ਹਾਂ ਇਮਾਰਤ ਉੱਪਰ ਆਂਡੇ ਸੁੱਟ ਕੇ, ਹੌਰਨ ਵਜਾ ਕੇ ਅਤੇ ਸੜਕਾਂ ’ਤੇ ਵੱਡੇ ਧੂਣੇ ਲਗਾ ਕੇ ਰੋਸ ਪ੍ਰਗਟਾਵਾ ਕੀਤਾ। ਇਸ ਹਫਤੇ ਗਰੀਸ, ਜਰਮਨੀ, ਪੁਰਤਗਾਲ, ਪੋਲੈਂਡ ਅਤੇ ਫਰਾਂਸ ਦੇ ਕਿਸਾਨਾਂ ਨੇ ਵੀ ਟਰੈਕਟਰਾਂ ਨਾਲ ਵੱਡੇ ਰੋਸ ਮੁਜ਼ਾਹਰੇ ਕੀਤੇ। ਕਿਸਾਨਾਂ ਦਾ ਮੁੱਖ ਮੁੱਦਾ ਆਪਣਾ ਕਿੱਤਾ ਬਚਾਉਣਾ ਹੈ ਜੋ ਯੂਰੋਪੀਅਨ ਯੂਨੀਅਨ ਦੀਆਂ ਜਲਵਾਯੂ ਅਤੇ ਟਰੇਡ ਸਬੰਧੀ ਨਵੀਆਂ ਨੀਤੀਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪੱਛਮੀ ਮੁਲਕਾਂ ਦੀ ਖੇਤੀਬਾੜੀ, ਸਬਸਿਡੀ ਉਤੇ ਬਹੁਤ ਨਿਰਭਰ ਕਰਦੀ ਹੈ। ਜਰਮਨੀ ਵਿੱਚ ਖੇਤੀ ਵਾਸਤੇ ਵਰਤੇ ਜਾਂਦੇ ਡੀਜ਼ਲ ਅਤੇ ਸਬਸਿਡੀ ਵਿੱਚ ਕੀਤੀ ਵੱਡੀ ਕਟੌਤੀ ਨੇ ਬਲਦੀ ’ਤੇ ਤੇਲ ਦਾ ਕੰਮ ਕੀਤਾ। ਕਿਸਾਨਾਂ ਦਾ ਫਿਕਰ ਹੈ ਕਿ ਇਸ ਨਾਲ ਉਹ ਹੋਰ ਕਰਜ਼ਈ ਹੋ ਜਾਣਗੇ।

ਦੂਜੇ ਯੂਰੋਪੀਅਨ ਮੁਲਕਾਂ ਵਿੱਚ ਕਿਸਾਨ ਅੰਦੋਲਨ ਦਾ ਕਾਰਨ ਜਲਵਾਯੂ ਸਬੰਧੀ ਨਵੀਆਂ ਯੂਰੋਪੀਅਨ ਯੂਨੀਅਨ ਨੀਤੀਆਂ ਵੀ ਹਨ ਜਿਨ੍ਹਾਂ ਦਾ ਮਕਸਦ 2050 ਤੱਕ ਮਿਥੇ ਟੀਚਿਆਂ ਦੀ ਪੂਰਤੀ ਕਰਨਾ ਹੈ। ਇਨ੍ਹਾਂ ਮੁਤਾਬਕ ਕਿਸਾਨਾਂ ਨੂੰ ਆਪਣੀ ਉਪਜਾਊ ਭੂਮੀ ਦਾ 4% ਹਿੱਸਾ ਗੈਰ-ਉਤਪਾਦਕ (ਰੁੱਖ ਆਦਿ) ਲਈ, 25% ਭੂਮੀ ਜੈਵਿਕ (ਆਰਗੈਨਿਕ) ਖੇਤੀ ਲਈ ਰਾਖਵੀਂ, ਫਸਲੀ ਵੰਨ-ਸਵੰਨਤਾ, ਖਾਦਾਂ ਦੀ ਵਰਤੋਂ ਵਿੱਚ 20% ਕਟੌਤੀ, ਪਾਣੀ ਦੀ ਸੀਮਤ ਵਰਤੋਂ ਅਤੇ ਜ਼ਹਿਰੀਲੀਆਂ ਦਵਾਈਆਂ ਅਤੇ ਸਪਰੇਆਂ ਵਿੱਚ 2030 ਤੱਕ 50% ਕਟੌਤੀ ਕਰਨੀ ਹੋਵੇਗੀ। ਇੰਗਲੈਂਡ ਦੀ ਲੈਂਕਾਸਟਰ ਯੂਨੀਵਰਸਿਟੀ ਦੇ ਸੀਨੀਅਰ ਅਰਥ ਸ਼ਾਸਤਰੀ ਰਿਨੌਡ ਫੌਕਾਰਟ ਮੁਤਾਬਕ ਜਲਵਾਯੂ ਸਬੰਧੀ ਟੀਚੇ ਪੂਰੇ ਕਰਨ ਲਈ ਬਣਾਈ ਯੂਰੋਪੀਅਨ ਗਰੀਨ ਡੀਲ ਹੀ ਯੂਰੋਪ ਦੇ ਕਿਸਾਨਾਂ ਵਿੱਚ ਤਣਾਅ ਦਾ ਮੁੱਖ ਕਾਰਨ ਹੈ। ਇਸ ਨੀਤੀ ਤਹਿਤ ਹੀ ਜਰਮਨੀ ਨੇ ਕਾਰਬਨਡਾਇਆਕਸਾਈਡ ਘਟਾਉਣ ਲਈ ਟਰੈਕਟਰਾਂ ਦੇ ਡੀਜ਼ਲ ਉੱਪਰ ਟੈਕਸ ਵਿੱਚ ਵੱਡਾ ਵਾਧਾ ਕੀਤਾ ਅਤੇ ਨੀਦਰਲੈਂਡ ਨੇ ਨਾਈਟਰੋਜਨ ਉਤਪਾਦ ਘਟਾਉਣ ਲਈ ਟੈਕਸਾਂ ਵਿੱਚ ਵਾਧਾ ਕੀਤਾ ਜਿਸ ਦਾ ਸਿੱਧਾ ਅਸਰ ਮੁਰਗੀਆਂ ਅਤੇ ਸੂਰ ਪਾਲਕਾਂ ’ਤੇ ਪਿਆ।

ਪੋਲੈਂਡ ਦੇ ਅੰਦੋਲਨ ਨੇ ਬਹੁ-ਕੌਮੀ ਕਾਰਪੋਰੇਟ ਕੰਪਨੀਆਂ ਵੱਲੋਂ ਯੂਕਰੇਨ ਦੀ ਜੰਗ ਦੇ ਓਹਲੇ ਕਿਸਾਨਾਂ ਅਤੇ ਖਪਤਕਾਰਾਂ ਦੀ ਅੰਨ੍ਹੀ ਲੁੱਟ ਦਾ ਵੀ ਪਰਦਾਫਾਸ਼ ਕੀਤਾ ਹੈ। ਰੂਸ ਵੱਲੋਂ ਯੂਕਰੇਨ ਦੇ ਸਮੁੰਦਰੀ ਮਾਰਗ (ਬਲੈਕ ਸੀ) ਰਾਹੀਂ ਵਪਾਰ ਦੇ ਰਸਤੇ ਰੋਕਣ ਤੋਂ ਬਾਅਦ ਉੱਥੋਂ ਦੇ ਕਿਸਾਨ ਸਦਮੇ ਵਿੱਚ ਹਨ। ਇਸ ਸਥਿਤੀ ਦਾ ਲਾਹਾ ਲੈ ਕੇ ਯੂਰੋਪ ਦੀਆਂ ਕੰਪਨੀਆਂ ਯੂਕਰੇਨ ਦੇ ਕਿਸਾਨਾਂ ਤੋਂ ਅਨਾਜ ਕੌਡੀਆਂ ਦੇ ਭਾਅ ਖਰੀਦ ਰਹੀਆਂ ਹਨ। ਪੋਲੈਂਡ ਦੇ ਕਿਸਾਨਾਂ ਦੀਆਂ ਫਸਲਾਂ ਖਰੀਦੀਆਂ ਨਹੀਂ ਜਾ ਰਹੀਆਂ ਜਾਂ ਉਨ੍ਹਾਂ ਨੂੰ ਸਸਤੇ ਰੇਟ ’ਤੇ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਜੋ ਕਿਸਾਨ ਸਾਲ ਪਹਿਲਾਂ ਯੂਕਰੇਨ ਤੋਂ ਪੋਲੈਂਡ ਆ ਰਹੇ ਸ਼ਰਨਾਰਥੀਆਂ ਦਾ ਖਾਧ ਪਦਾਰਥਾਂ ਅਤੇ ਵਰਤੋਂ ਦੇ ਹੋਰ ਜ਼ਰੂਰੀ ਸਮਾਨ ਨਾਲ ਸਵਾਗਤ ਕਰ ਰਹੇ ਸਨ, ਹੁਣ ਉਹ ਯੂਕਰੇਨ ਨਾਲ ਲੱਗਦੇ ਸੜਕੀ ਮਾਰਗ ਟਰੈਕਟਰਾਂ ਰਾਹੀਂ ਡੱਕ ਰਹੇ ਹਨ ਤਾਂ ਜੋ ਟਰੱਕਾਂ ਦੁਆਰਾ ਅਨਾਜ ਪੋਲੈਂਡ ਨਾ ਲਿਆਂਦਾ ਜਾ ਸਕੇ। ਇਥੇ ਸਵਾਲ ਕੀਤਾ ਰਿਹਾ ਹੈ ਕਿ ਇੱਕ ਪਾਸੇ ਤਾਂ ਜੰਗ ਨਾਲ ਸਦਮੇ ਦਾ ਮਾਹੌਲ ਤਿਆਰ ਕਰ ਕੇ ਕਿਸਾਨਾਂ ਤੋਂ ਸਸਤਾ ਅਨਾਜ ਖਰੀਦਿਆ ਜਾ ਰਿਹਾ ਹੈ; ਦੂਜੇ ਪਾਸੇ ਪਿਛਲੇ ਦੋ ਸਾਲਾਂ ਵਿੱਚ ਯੂਰੋਪ, ਯੂਕੇ, ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਵਿੱਚ ਗਰੌਸਰੀ ਦੀਆਂ ਕੀਮਤਾਂ ਲੱਗਭੱਗ ਦੁੱਗਣੀਆਂ ਹੋ ਗਈਆਂ ਹਨ। ਸ਼ਾਇਦ ਇਸੇ ਕਰ ਕੇ ਯੂਰੋਪ ਵਿੱਚ ‘ਨੋ ਫਾਰਮਰਜ਼ ਨੋ ਫੂਡ’ ਦੇ ਨਾਅਰੇ ਦੇ ਨਾਲ ਨਾਲ ਯੂਰੋਪੀਅਨ ਯੂਨੀਅਨ ਦੀਆਂ ਨਵੀਆਂ ਨੀਤੀਆਂ ਅਤੇ ਯੂਕਰੇਨ ਰੂਸ ਜੰਗ ਨੂੰ ‘ਪਰੌਫਿਟ ਨੌਟ ਪੀਪਲਜ਼’ ਕਿਹਾ ਜਾ ਰਿਹਾ ਹੈ; ਭਾਵ, ਜੰਗ ਅਤੇ ਸੰਸਾਰ ਵਪਾਰ ਸੰਸਥਾ ਦੇ ਦਬਾਅ ਹੇਠ ਬਣਾਈਆਂ ਨਵੀਆਂ ਨੀਤੀਆਂ ਬਹੁ-ਕੌਮੀ ਕੰਪਨੀਆਂ ਦੇ ਮੁਨਾਫ਼ੇ ਦੇ ਹੱਕ ਵਿੱਚ ਭੁਗਤ ਰਹੀਆਂ ਹਨ। ਪੌਲੀਟੀਕੋ ਸੰਸਥਾ ਦੇ ਅਧਿਐਨ ਅਤੇ ਯੂਰੋਸਟੈਟ ਦੁਆਰਾ ਪ੍ਰਕਾਸਿ ?ਤ ਤੱਥਾਂ ਮੁਤਾਬਕ 14 ਮੁਲਕਾਂ- ਬੁਲਗਾਰੀਆ, ਲਿਥੂਆਨੀਆ, ਸਲੋਵਾਕੀਆ, ਇਸਟੋਨੀਆ, ਚੈੱਕ ਰਿਪਬਲਿਕ, ਜਰਮਨੀ, ਅਸਟਰੀਆ, ਡੈਨਮਾਰਕ, ਰੋਮਾਨੀਆ, ਫਿਨਲੈਂਡ, ਸਲੋਵੇਨੀਆ, ਮਾਲਟਾ, ਪੁਰਤਗਾਲ ਅਤੇ ਗਰੀਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਫਸਲਾਂ ਦੀ ਖਰੀਦ ਕੀਮਤ ਵਿੱਚ 5% ਤੋਂ 30% ਤੱਕ ਗਿਰਾਵਟ ਆਈ ਹੈ। ਖੇਤੀ ਮਸ਼ੀਨਰੀ, ਖਾਦਾਂ, ਸਪਰੇਆਂ, ਬਿਜਲੀ, ਟੈਕਸਾਂ ਆਦਿ ਵਿੱਚ ਲਗਾਤਾਰ ਹੋ ਰਿਹਾ ਵਾਧਾ, ਸਬਸਿਡੀਆਂ ਵਿੱਚ ਕਟੌਤੀ ਅਤੇ ਯੂਰੋਪੀਅਨ ਗਰੀਨ ਡੀਲ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ। ਇਸ ਤੋਂ ਇਲਾਵਾ ਵਾਤਾਵਰਨ ਵਿੱਚ ਲਗਾਤਾਰ ਹੋ ਰਹੀ ਤਬਦੀਲੀ ਦੀ ਮਾਰ ਵੀ ਕਿਸਾਨਾਂ ’ਤੇ ਪੈ ਰਹੀ ਹੈ। ਯੂਰੋਪ ਦੇ ਇਸ ਅੰਦੋਲਨ ਨੂੰ ਭਾਰਤ ਨਾਲ ਮੇਲਿਆ ਜਾਵੇ ਤਾਂ ਮੰਗਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਨਤਾਵਾਂ ਹਨ। 2020-21 ਦੇ ਅੰਦੋਲਨ ਵਿੱਚ ਸੈਂਕੜੇ ਮੌਤਾਂ ਹੋਈਆਂ, ਲਖੀਮਪੁਰ ਖੇੜੀ ਵਿੱਚ ਕਿਸਾਨਾਂ ਨੂੰ ਕਾਰ ਹੇਠ ਦੇ ਕੇ ਕੁਚਲਿਆ, ਠੰਢੀਆਂ ਰਾਤਾਂ ਕਿਸਾਨਾਂ ਨੇ ਟਰਾਲੀਆਂ ਤੇ ਤੰਬੂਆਂ ਵਿੱਚ ਕੱਟੀਆਂ, ਅਨੇਕ ਅੰਦੋਲਨਕਾਰੀਆਂ ਉੱਪਰ ਕੇਸ ਪਾਏ, ਜੇਲ੍ਹਾਂ ਵਿੱਚ ਵੀ ਸੁੱਟੇ ਗਏ ਪਰ ਕਿਸਾਨਾਂ ਨੇ ਪੁਲੀਸ ਵਾਲਿਆਂ ਨੂੰ ਲੰਗਰ ਵੀ ਛਕਾਇਆ। ਇਸ ਸਾਲ ਕੇਂਦਰ ਦੇ ਇਸ਼ਾਰੇ ਉੱਪਰ ਹਰਿਆਣਾ ਸਰਕਾਰ ਨੇ ਪੰਜਾਬ ਤੋਂ ਦਿੱਲੀ ਜਾਣ ਵਾਲੇ ਰਸਤਿਆਂ ’ਤੇ ਬੈਰੀਕੇਡ, ਕੰਡਿਆਲੀਆਂ ਤਾਰਾਂ, ਕੰਧਾਂ, ਕਿੱਲ ਅਤੇ ਟੋਏ ਬਣਾਏ। ਪੁਲੀਸ ਅਤੇ ਫੌਜੀ ਦਲ ਤਾਇਨਾਤ ਕੀਤੇ। ਪਾਣੀ ਦੀ ਬੁਛਾੜਾਂ ਤੋਂ ਬਿਨਾਂ ਹੰਝੂ ਗੈਸ ਦੇ ਗੋਲੇ, ਡਰੋਨਾਂ ਦੀ ਵਰਤੋਂ, ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਗਈ। ਪੁਲੀਸ ਦੀ ਗੋਲੀ ਨਾਲ ਇੱਕ ਨੌਜਵਾਨ ਕਿਸਾਨ ਦੀ ਮੌਤ ਹੋ ਗਈ। ਕਸ਼ਮੀਰ ਵਾਂਗੂ ਹਰਿਆਣਾ ਦੀ ਹੱਦ ’ਤੇ ਵੀ ਪੁਲੀਸ ਨੇ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਗਈ ਜਿਸ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਅੱਖਾਂ ਦਾ ਨੁਕਸਾਨ ਕੀਤਾ। ਇਸ ਸਾਲ ਯੂਰੋਪੀਅਨ ਅੰਦੋਲਨ ਦੌਰਾਨ ਫਰਾਂਸ ਦੇ ਸ਼ਹਿਰ ਤੌਊਲੂਸ ਵਿੱਚ ਇੱਕ ਕਿਸਾਨ ਔਰਤ ਅਲੈਗਜਾਂਦਰਾ ਸੋਨਾਕ ਅਤੇ ਉਸ ਦੀ 12 ਸਾਲਾ ਧੀ ਦੀ ਤੇਜ਼ ਆ ਰਹੀ ਕਾਰ ਹੇਠ ਆ ਕੇ ਮੌਤ ਹੋ ਗਈ। ਮੌਤ ਤੋਂ ਇਕ ਦਿਨ ਪਹਿਲਾਂ ਰੇਡੀਓ ਨਾਲ ਇੰਟਰਵਿਊ ਵਿੱਚ ਸੋਨਾਕ ਨੇ ਕਿਹਾ ਸੀ ਕਿ ਉਹ ਆਪਣਾ ਕਿੱਤਾ ਬਚਾਉਣ ਅਤੇ ਆਪਣੀ ਧੀ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਇਸ ਅੰਦੋਲਨ ਵਿੱਚ ਸ਼ਾਮਲ ਹੋਈ ਹੈ। ਪੈਰਿਸ ਦੇ ਬਾਹਰ ਕਿਸਾਨਾਂ ਨੇ ਫਰੈਂਚ ਪੁਲੀਸ ਨੂੰ ਤਾਜ਼ੇ ਬਣੇ ਕੇਕ ਖਾਣ ਨੂੰ ਦਿੱਤੇ ਅਤੇ ਅੰਤਾਂ ਦੀ ਸਰਦੀ ਤੋਂ ਬਚਣ ਲਈ ਪੁਲੀਸ ਅਤੇ ਕਿਸਾਨ ਇੱਕੋ ਥਾਂ ਧੂਣੀਆਂ ਸੇਕਦੇ ਵੀ ਦੇਖੇ ਗਏ। ਯੂਰੋਪ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਰਹੇ ਕਿਸਾਨ ਅੰਦੋਲਨ ਨੇ ਯੂਰੋਪੀਅਨ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਇਹ ਸੰਘਰਸ਼ ਦੀ ਦੇਣ ਹੈ ਕਿ ਜਰਮਨੀ ਨੇ ਡੀਜ਼ਲ ਸਬਸਿਡੀ ਦੀ ਕਟੌਤੀ ’ਤੇ ਰੋਕ ਲਗਾ ਦਿੱਤੀ ਹੈ। ਫਰਾਂਸ ਨੇ ਡੀਜ਼ਲ ’ਤੇ ਵਧਾਇਆ ਟੈਕਸ ਵਾਪਸ ਲੈ ਲਿਆ ਹੈ, ਨਵੀਆਂ ਨੀਤੀਆਂ ਲਾਗੂ ਕਰਨ ਨੂੰ ਅਣਮਿਥੇ ਸਮੇਂ ਲਈ ਅੱਗੇ ਪਾ ਦਿੱਤਾ ਹੈ ਅਤੇ ਕਿਸਾਨਾਂ ਨੂੰ 150 ਮਿਲੀਅਨ ਯੂਰੋ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਕਿਸਾਨ ਯੂਨੀਅਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਰੋਸ ਮੁਜ਼ਾਹਰੇ ਮੁਲਤਵੀ ਕਰ ਦੇਣ। ਯੂਰੋਪੀਅਨ ਕਮਿਸ਼ਨ ਨੇ ਵੀ ਯੂਕਰੇਨ ਤੋਂ ਦਰਾਮਦ ਹੋਣ ਵਾਲੇ ਅਨਾਜ ਦੀ ਸੀਮਾ ਤੈਅ ਕਰਨ ਅਤੇ ਯੂਰੋਪੀਅਨ ਯੂਨੀਅਨ ਸਬਸਿਡੀ 2024 ਵਿੱਚ ਜਾਰੀ ਰੱਖਣ ਦਾ ਪ੍ਰਸਤਾਵ ਰੱਖਿਆ ਹੈ। ਚੋਣਾਂ ਦੇ ਪੱਖ ਤੋਂ ਵੀ ਯੂਰੋਪ ਦੇ ਮੌਜੂਦਾ ਸਿਆਸੀ ਹਾਲਾਤ ਭਾਰਤ ਨਾਲ ਕਾਫੀ ਮੇਲ ਖਾਂਦੇ ਹਨ। ਭਾਰਤ ਵਿੱਚ ਪਾਰਲੀਮੈਂਟ ਚੋਣਾਂ ਅਤੇ ਉੱਥੇ ਯੂਰੋਪੀਅਨ ਪਾਰਲੀਮੈਂਟ ਦੀਆਂ ਚੋਣਾਂ ਜੂਨ ਵਿੱਚ ਹੋ ਰਹੀਆਂ ਹਨ। ਯੂਰੋਪ ਵਿੱਚ ਮਜ਼ਦੂਰ, ਅਧਿਆਪਕ, ਟਰਾਂਸਪੋਰਟ ਅਤੇ ਸਿਹਤ ਸੇਵਾਵਾਂ ਵਿੱਚ ਕੰਮ ਕਰਦੇ ਵਰਕਰ ਸੰਘਰਸ਼ ਦੇ ਰਾਹ ’ਤੇ ਹਨ। ਸੰਯੁਕਤ ਕਿਸਾਨ ਮੋਰਚੇ ਵਲੋਂ ਭਾਰਤ ਦੀਆਂ ਸਮੂਹ ਟਰੇਡ ਯੂਨੀਅਨਾਂ ਨੂੰ ਨਾਲ ਜੋੜ ਕੇ 16 ਫਰਵਰੀ ਨੂੰ ਸਫਲ ਭਾਰਤ ਬੰਦ ਕੀਤਾ। ਕਿੱਤੇ ਦੀ ਰਾਖੀ ਲਈ ਕਿਰਤੀਆਂ ਦੀ ਕਾਰਪੋਰੇਟ ਬਹੁ-ਕੌਮੀ ਕੰਪਨੀਆਂ ਵਿਰੁੱਧ ਜੰਗ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਨੂੰ ਵੀ ਬਣਦਾ ਸਥਾਨ ਦੇਣਾ ਚਾਹੀਦਾ ਹੈ। ਸੰਸਾਰ ਪੱਧਰ ’ਤੇ ਕਿਸਾਨਾਂ ਅਤੇ ਟਰੇਡ ਯੂਨੀਅਨਾਂ ਦੇ ਸੰਘਰਸ਼ ਦੇ ਕਾਰਨਾਂ ਵਿੱਚ ਪਬਲਿਕ ਸੈਕਟਰਾਂ ਦਾ ਖਾਤਮਾ, ਸੰਸਾਰ ਵਪਾਰ ਸੰਸਥਾ ਦੀਆਂ ਨੀਤੀਆਂ, ਕਾਰਪੋਰੇਟਾਂ ਵੱਲੋਂ ਕੁਦਰਤੀ ਸਾਧਨਾਂ ਤੇ ਕਿਰਤ ਦੀ ਅੰਨ੍ਹੀ ਲੁੱਟ ਮੁੱਖ ਹਨ। ਇਸ ਵੱਡੀ ਹਨੇਰੀ ਨੂੰ ਠੱਲ੍ਹ ਕਿਸੇ ਵਿਸ਼ੇਸ਼ ਧਰਮ, ਖੇਤਰ, ਟਰੇਡ ਜਾਂ ਕਿਸਾਨ ਜਥੇਬੰਦੀ ਵੱਲੋਂ ਇਕੱਲਿਆਂ ਨਹੀਂ ਪੈ ਸਕਦੀ ਸਗੋਂ ਭਾਰਤ ਦੀਆਂ ਸਮੂਹ ਯੂਨੀਅਨਾਂ ਦੇ ਨਾਲ ਨਾਲ ਸੰਸਾਰ ਪੱਧਰ ’ਤੇ ਸਰਗਰਮ ਧਿਰਾਂ ਨਾਲ ਤਾਲਮੇਲ ਰੱਖਣਾ ਸਮੇਂ ਦੀ ਲੋੜ ਹੈ। ਭਾਰਤ ਵਿੱਚ ਵੀ ਜੇਕਰ ਸਮੂਹ ਕਿਸਾਨ ਜਥੇਬੰਦੀਆਂ ਦਾ ਏਕਾ ਅਤੇ ਮਜ਼ਦੂਰ ਵਰਗ ਦੀ ਸ਼ਮੂਲੀਅਤ ਹੁੰਦੀ ਹੈ ਤਾਂ ਇਹ ਮੌਜੂਦਾ ਕਿਸਾਨ ਅੰਦੋਲਨ ਲਈ ਸ਼ੁਭ ਸੰਕੇਤ ਹੋਵੇਗਾ।

# ਅਪਰਾਧਿਕ ਘਟਨਾਵਾਂ ਨੂੰ ਰੋਕਣ ਵਿੱਚ ਫੇਲ੍ਹ ਸਾਬਿਤ ਹੋ ਰਹੀ ਸਰਕਾਰ ਖਿਲਾ.ਫ

# ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਨਾਅਰੇਬਾਜ਼ੀ ਕਰ ਭਾਰੀ ਰੋਸ ਜਤਾਇਆ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਪਰਾਧਿਕ ਘਟਨਾਵਾਂ ਨੂੰ ਰੋਕਣ ਵਿੱਚ ਫੇਲ ਸਾਹਿਬ ਹੋ ਰਹੀ ਮਾਨ ਸਰਕਾਰ ਖਿਲਾਫ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਨਾਅਰੇਬਾਜੀ ਕਰ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਵਿੱਚ ਚਲ ਰਹੇ ਮੌਜੂਦਾ ਹਲਾਤਾਂ ਨੂੰ ਅਤੀ ਚਿੰਤਾਯੋਗ ਦੱਸਦਿਆ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਫੇਲ ਹੋ ਗਈ ਹੈ, ਸਰਕਾਰ ਦਾ ਕਿਸੇ ਪਾਸੇ ਕੰਟਰੋਲ ਨਹੀਂ ਰਿਹਾ। ਉੱਥੇ ਹੀ ਪ੍ਰਸ਼ਾਸ਼ਨ ਵੀ ਬੇਵਸ ਹੋ ਗਿਆ ਹੈ, ਗੈਂਗਸਟਰ ਲੁਟੇਰਿਆਂ ਅਤੇ ਗੁੰਡਿਆਂ ਦਾ ਰਾਜ ਚਲ ਰਿਹਾ ਹੈ। ਨਾ ਕੋਈ ਘਰਾਂ ਵਿੱਚ ਸੇਫ ਤੇ ਨਾ ਹੀ ਘਰਾਂ ਤੋਂ ਬਾਹਰ ਸੇਫ ਹੈ ਆਮ ਆਦਮੀ ਪਾਰਟੀ ਪੰਜਾਬ ਨੂੰ ਸੰਭਾਲਣ ਵਿੱਚ ਨਾਕਾਮ ਹੋ ਰਹੀ ਹੈ। ਅੱਜ ਹਰ ਪਾਸੇ ਲੁੱਟਾਂ—ਖੋਹਾਂ, ਡਕੈਤੀਆਂ, ਚੋਰੀਆਂ, ਗੈਂਗਸਟਰ ਵਾਦ ਸ਼ਰੇਆਮ ਕਾਤਲਾਨਾ ਹਮਲੇ ਹੋ ਰਹੇ ਹਨ ਜਿਸ ਕਰਕੇ ਪੰਜਾਬ ਦੇ ਲੋਕ ਡਰੇ ਸਹਿਮੇ ਤੇ ਬੇਹੱਦ ਦੁੱਖੀ ਅਤੇ ਚਿੰਤਾ ਵਿੱਚ ਡੁੱਬੇ ਨਜ਼ਰ ਆ ਰਹੇ ਹਨ। ਕਾਨੂੰਨ ਵਿਵਸਥਾ ਸਰਕਾਰ ਦੇ ਕੰਟਰੋਲ ਵਿੱਚ ਨਹੀਂ ਰਹੀ ਜਿਸ ਕਰਕੇ ਪੰਜਾਬ ਦਾ ਬੁਰਾ ਹਾਲ ਹੋ ਰਿਹਾ ਹੈ। ਅੱਜ ਅਪਰਾਧਿਕ ਘਟਨਾਵਾਂ ਦੇ ਮਾਮਲੇ ਵਿੱਚ ਪੰਜਾਬ ਸੂਬਾ ਨੰਬਰ 1 ਤੇ ਆ ਗਿਆ ਹੈ। ਪੰਜਾਬ ਵਿੱਚ ਕੋਈ ਵਿਅਕਤੀ ਸੇਫ ਨਹੀਂ ਰਿਹਾ। ਪੰਜਾਬ ਵਿੱਚ ਅਪਰਾਧਿਕ ਗਤੀਵਿਦੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਪੰਜਾਬੀਆਂ ਦੀਆਂ ਜਾਨਾਂ ਗਵਾਈਆਂ ਜਾ ਸਕਦੀਆਂ ਹਨ। ਵਿਗੜ ਰਹੀ ਕਾਨੂੰਨ ਵਿਵਸਥਾ ਪੰਜਾਬ ਲਈ ਖਤਰੇ ਦੀ ਘੰਟੀ ਹੈ। ਪੰਜਾਬ ਗੈਂਗਸਟਰ ਵਲ ਜਾ ਰਿਹਾ ਹੈ ਨਸ਼ਿਆਂ ਵਲ ਜਾ ਰਿਹਾ ਹੈ। ਜਿਸ ਦਿਨ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸ ਦਿਨ ਤੋਂ ਹੀ ਅਪਰਾਧਿਕ ਘਟਨਾਵਾਂ ਤੇਜੀ ਨਾਲ ਵੱਧ ਰਹੀਆਂ ਹਨ ਜਿਨ੍ਹਾਂ ਨੇ ਪੰਜਾਬ ਦੀ ਸੁੱਖ ਸ਼ਾਂਤੀ ਨੂੰ ਭੰਗ ਕੀਤਾ ਹੈ, ਸੂਬੇ ਦੇ ਲੋਕ ਸਰਕਾਰ ਦੀਆਂ ਕਾਗੁਜਾਰੀਆਂ ਨੂੰ ਵੇਖ ਬੇਹੱਦ ਦੁੱਖੀ ਤੇ ਨਿਰਾਸ਼ ਹਨ ਕੇਵਲ ਇਸ਼ਤਿਹਾਰਾਂ ਮਸ਼ਹੂਰੀਆਂ ਅਤੇ ਹੋਰਡਿੰਗ ਬੋਰਡਾਂ ਲਗਾਉਣ ਨਾਲ ਸਰਕਾਰਾਂ ਨਹੀਂ ਚਲਦੀਆਂ। ਸਰਕਾਰ ਚਲਾਉਣ ਲਈ ਬਹੁਤ ਮਿਹਨਤ ਤੇ ਕੰਮ ਕਰਨ ਲਈ ਸਖਤ ਕਦਮ ਚੁੱਕਣ ਦੀ ਲੋੜ ਹੁੰਦੀ ਹੈ। ਅੱਜ ਪੰਜਾਬ ਵਿੱਚ ਗੈਂਗਸਟਰਾਂ ਤੇ ਲੁੱਟੇਰਿਆਂ ਅਤੇ ਗੁੰਡਾ ਅਨਸਰਾਂ ਦਾ ਬੋਲਬਾਲਾ ਹੈ, ਨਸ਼ਿਆਂ ਦਾ ਜਾਨਲੇਵਾ ਦੈਂਤ ਹਾਹਾਕਾਰ ਮਚਾ ਰਿਹਾ ਹੈ, ਇਸ ਸਰਕਾਰ ਵਿੱਚ ਕੋਈ ਬਦਲਾਅ ਨਹੀਂ ਆਇਆ ਸਿਰਫ ਰਾਜਨੀਤੀ ਤੇ ਬਿਆਨਬਾਜੀ ਕੀਤੀ ਜਾ ਰਹੀ ਹੈ। ਕਾਨੂੰਨ ਦਾ ਡਰ ਅਪਰਾਧਿਆਂ ਵਿੱਚ ਬਿਲਕੁਲ ਖਤਮ ਹੋ ਗਿਆ ਹੈ। ਪੰਜਾਬ ਰੱਬ ਦੇ ਆਸਰੇ ਤੇ ਚੱਲ ਰਿਹਾ ਹੈ। ਇਸ ਮੌਕੇ ਬਸੰਤ ਸਿੰਘ, ਜਰਨੈਲ ਸਿੰਘ, ਜਗਜੀਤ ਸਿੰਘ ਕਾਕਾ, ਅਕੁਸ਼ ਕੁਮਾਰ, ਪਰਮਜੀਤ ਸਿੰਘ, ਮਾਨ ਸਿੰਘ, ਰਾਜਨ ਕੁਮਾਰ, ਦੀਪਕ ਕੁਮਾਰ, ਲਾਲ ਖਾਨ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ, ਤੇਜਿੰਦਰ ਸਿੰਘ, ਸੰਦੀਪ ਕੁਮਾਰ, ਕ੍ਰਿਸ਼ਨ ਕੁਮਾਰ, ਦਵਿੰਦਰ ਸਿੰਘ, ਹੈਪੀ ਸਿੰਘ, ਹੁਕਮ ਸਿੰਘ, ਪ੍ਰਕਾਸ਼ ਸਿੰਘ, ਪ੍ਰਦੀਪ ਸਿੰਘ, ਗੋਬਿੰਦ ਜਸਵਾਲ ਆਦਿ ਹਾਜਰ ਸਨ।



# ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਮੋਹਾਲੀ ਨੂੰ ਜਲਦ ਮਿਲੇਗਾ 6 ਬੈੱਡਾਂ ਵਾਲਾ ਆਈ.ਸੀ.ਯੂ.

## ਆਈ.ਸੀ.ਯੂ. ਕਾਰਜਸ਼ੀਲ ਅਤੇ ਗੰਭੀਰ ਸਥਿਤੀ ਵਾਲੇ ਮਰੀਜ਼ਾਂ ਨੂੰ ਸੇਵਾਵਾਂ ਦੇਣ ਲਈ ਹੈ ਤਿਆਰ : ਡਾ. ਬਲਬੀਰ ਸਿੰਘ

**ਮੁਹਾਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ ਸਿਹਤਮੰਦ ਪੰਜਾਬ ਮਿਸ਼ਨ ਦੇ ਹਿੱਸੇ ਵਜੋਂ, ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏ.ਆਈ.ਐਮ.ਐਸ.) ਮੋਹਾਲੀ ਵਿਖੇ ਨਿਗੂਣੀਆਂ ਫੀਸਾਂ ’ਤੇ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਦੇ ਵਧੀਆ ਇਲਾਜ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ 6 ਬੈਡਿਡ ਮੈਡੀਕਲ ਇੰਟੈਂਸਿਵ ਕੇਅਰ ਯੂ ਨਿਟ (ਆਈਸੀਯੂ) ਸ਼ੁਰੂ ਕਰਨ ਸਬੰਧੀ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਸ਼ੁੱਕਰਵਾਰ ਨੂੰ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦਿੱਤੀ। ਸਿਹਤ ਮੰਤਰੀ ਏਮਜ਼ ਮੋਹਾਲੀ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਦੇ ਨਾਲ ਆਈ.ਸੀ.ਯੂ. ਦੀਆਂ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਸਨ, ਜਿਸਦਾ ਰਸਮੀ ਉਦਘਾਟਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾਣ ਦੀ ਸੰਭਾਵਨਾ ਹੈ।

ਬਲਬੀਰ ਸਿੰਘ ਨੇ ਕਿਹਾ ਕਿ ਇਹ ਆਈ.ਸੀ.ਯੂ. ਸਹੂਲਤ ਵੈਂਟੀਲੇਟਰ ਸਹਾਇਤਾ ਦੀ ਲੋੜ ਵਾਲੇ ਮਰੀਜ਼ਾਂ ਨੂੰ ਮਾਮੂਲੀ ਦਰਾਂ ’ਤੇ ਸੁਚੱਜੀਆਂ ਮੈਡੀਕਲ ਸੇਵਾਵਾਂ ਪ੍ਰਦਾਨ ਕਰੇਗੀ।

ਉਨ੍ਹਾਂ ਕਿਹਾ , ਆਈ.ਸੀ.ਯੂ. ਕਾਰਜਸ਼ੀਲ ਹੈ ਅਤੇ ਗੰਭੀਰ ਸਥਿਤੀ ਵਾਲੇ ਮਰੀਜ਼ਾਂ ਨੂੰ ਡਾਕਟਰੀ ਸਹੂਲਤ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇੱਥੇ ਕ੍ਰੈਸ਼ ਕਾਰਟਸ, ਮਰੀਜ਼ ਮਾਨੀਟਰ, ਡੀਫਿਬ੍ਰਿਲਟਰ ਅਤੇ ਵੈਂਟੀਲੇਟਰਾਂ ਦੇ ਨਾਲ ਇਨਫਿਊਜ਼ਨ ਪੰਪ ਵਰਗੇ ਸਾਰੇ ਜੀਵਨ ਬਚਾਊ ਉਪਕਰਣ ਉਪਲਬਧ ਹਨ।

ਇਸ ਉਪਰਾਲੇ ਨੂੰ ਅਜੋਕੀਆਂ ਤੇ ਉੱਨਤ ਸਿਹਤ ਸੰਭਾਲ ਸਹੂਲਤਾਂ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਕਰਾਰ ਦਿੰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਸੂਬੇ ਦੇ ਮੈਡੀਕਲ ਢਾਂਚੇ ਨੂੰ ਮਜ਼ਬੂਤ ਕਰੇਗੀ।

ਬਾਅਦ ਵਿੱਚ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਏ.ਆਈ.ਐਮ.ਐਸ. ਮੁਹਾਲੀ ਵਿਖੇ ਨਵੀਂ ਬਣੀ ਅਤਿ-ਆਧੁਨਿਕ ਬਾਇਓਸੇਫਟੀ ਲੈਵਲ 2 ਲੈਬ ਦਾ ਵੀ ਦੌਰਾ ਕੀਤਾ, ਜੋ ਕਿ ਹੁਣ ਕੋਵਿਡ-19 ਦਾ ਪਤਾ ਲਗਾਉਣ ਲਈ ਸਾਰੀਆਂ ਆਰ.ਟੀ.ਪੀ.ਸੀ.ਆਰ. ਸਹੂਲਤਾਂ ਨਾਲ ਲੈਸ ਹੈ ਅਤੇ ਇੱਥੇ ਤਜਰਬੇਕਾਰ ਫੈਕਲਟੀ ਸਮੇਤ ਸਿੱਖਿਅਤ ਸਟਾਫ, ਜਿਸ ਵਿੱਚ ਖੋਜ ਵਿਗਿਆਨੀ, ਖੋਜ ਸਹਾਇਕ ਅਤੇ ਲੈਬ ਟੈਕਨੀਸ਼ੀਅਨ ਸ਼ਾਮਲ ਹਨ । ਪੂਰੀ ਤਰ੍ਹਾਂ ਨਾਲ ਲੈਸ ਇਸ ਲੈਬ ਵਿੱਚ ਬਾਇਓਸੇਫਟੀ ਕੈਬਨਿਟਾਂ, ਆਰ.ਐਨ.ਏ. ਐਕਸਟਰੈਕਟਰ, ਰੈਫਰੀਜੇਰੇਟਿਡ ਸੈਂਟਰਿਫਿਊਜ, ਵੌਰਟੈਕਸ ਮਿਕਸਰ, ਮਿੰਨੀ-ਸਪਿਨਰ, ਥਰਮੋ-ਸ਼ੇਕਰ, ਪਾਈਪੇਟਸ, ਆਟੋਕਲੇਵ, ਪੀਸੀਆਰ ਵਰਕਸਟੇਸ਼ਨ, -40 ਡਿਗਰੀ ਅਤੇ -80 ਡਿਗਰੀ ਸੈਲਸੀਅਸ ਡੀਪ ਫਰੀਜ਼ਰ, ਆਰਟੀਪੀਸੀਆਰ ਮਸ਼ੀਨਾਂ , ਪ੍ਰਿੰਟਰਾਂ ਸਮੇਤ ਕੰਪਿਊਟਰ ਯੂਨਿਟਾਂ ਅਤੇ ਸਾਰੀਆਂ ਲੋੜੀਂਦੀਆਂ ਚੀਜ਼ਾਂ ਮੌਜੂਦ ਹਨ। ਇਹ ਉੱਨਤ ਬੁਨਿਆਦੀ ਢਾਂਚਾ ਅਤੇ ਨਵੀਨਤਮ ਉਪਕਰਣ ਲਗਾਈ ਜਾ ਰਹੀ ਹੈ ਅਤੇ ਜਲਦ ਹੀ ਇਹ ਲੈਬ ਕਾਰਜਸ਼ੀਲ ਹੋ ਜਾਵੇਗੀ।

ਡਾ: ਬਲਬੀਰ ਸਿੰਘ ਨੇ ਕਿਹਾ ਕਿ ਇਸ ਲੈਬ ਦਾ ਉਦੇਸ਼ ਮੌਲੀਕਿਊਲਰ ਪੱਧਰ ’ਤੇ ਜਨ ਸਿਹਤ ਦੇ ਮਹੱਤਵ ਵਾਲੇ ਵਾਇਰਸਾਂ , ਜਿਵੇਂ ਇਨਫਲੂਐਂਜ਼ਾ ਵਾਇਰਸ ਅਤੇ ਹੋਰ ਵਾਇਰਸ ਜਿਸ ਨਾਲ ਸਾਹ- ਰ.ਗ ਸਬੰਧੀ ਇਨਫੈਕਸ਼ਨ, ਮੱਛਰਾਂ ਰਾਹੀਂ ਫੈਲਣ ਵਾਲੇ (ਵੈਕਟਰ ਬੋਰਨ )ਵਾਇਰਸ ਜਿਵੇਂ ਡੇਂਗੂ ਚਿਕਨਗੁਨੀਆ, ਜ਼ੀਕਾ ਅਤੇ ਵਾਇਰਸ, ਜੀ.ਆਈ. ਇਨਫੈਕਸ਼ਨ ਦਾ ਕਾਰਨ ਬਣਦੇ ਵਾਇਰਸ ਜਿਵੇਂ ਹੈਪੇਟਾਈਟਸ ਵਾਇਰਸ, ਜਿਨਸੀ ਤੌਰ ’ਤੇ ਸੰਚਾਰਿਤ ਇਨਫੈਕਸ਼ਨ ਜਿਵੇਂ ਕਿ ਹਿਊਮਨ ਪੈਪੀਲੋਮਾਵਾਇਰਸ ਅਤੇ ਸੀ.ਐਨ.ਐਸ. ਇਨਫੈਕਸ਼ਨ ਦਾ ਕਾਰਨ ਬਣਨ ਵਾਲੇ ਵਾਇਰਸ , ਦਾ ਸਮਾਂ ਰਹਿੰਦਿਆਂ ਪਤਾ ਲਗਾਉਣਾ ਹੈ।



# ਬੱਚਿਆਂ ਨੂੰ ਜਿਨਸੀ ਸ਼ੋਸ਼ਣ ਤੋਂ ਬਚਾਉਣ ਲਈ ਪੰਜਾਬ ਪੁਲਿਸ ਦੀ ਪਹਿਲਕਦਮੀ ‘ਜਾਗ੍ਰਿਤੀ’ ਲਾਂਚ

## ਸਿਖਲਾਈ ਪ੍ਰਾਪਤ ਪੁਲਿਸ ਮੁਲਾਜ਼ਮ ਮਾਸਟਰ ਟ੍ਰੇਨਰ ਵਜੋਂ ਸੇਵਾਵਾਂ ਨਿਭਾਉਣਗੇ, ਸਕੂਲੀ ਬੱਚਿਆਂ ਨੂੰ ਜਾਣਕਾਰੀ ਦੇਣ ਅਤੇ ਜਾਗਰੂਕ ਕਰਨ ਵਿੱਚ ਵੀ ਅਹਿਮ ਰੋਲ ਅਦਾ ਕਰਨਗੇ: ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਮਹਿਲਾਵਾਂ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਵੂਮੈਨ ਅਫੇਅਰਜ਼ ਵਿੰਗ ਵੱਲੋਂ ਬੱਚਿਆਂ ਖਾਸ ਕਰਕੇ 5 ਤੋਂ 12 ਸਾਲ ਉਮਰ ਵਰਗ ਦੇ ਬੱਚਿਆਂ ਨੂੰ ਜਿਨਸੀ ਸੋਸ਼ਣ ਤੋਂ ਬਚਾਉਣ ਲਈ ਨਵੀਂ ਪਹਿਲਕਦਮੀ ‘ਜਾਗ੍ਰਿਤੀ’ ਲਾਂਚ ਕੀਤੀ ਗਈ ਹੈ।

ਇਸ ਪਹਿਲਕਦਮੀ ਨੂੰ ਪੰਜਾਬ ਪੁਲਿਸ ਅਫ਼ਸਰ ਇੰਸਟੀਚਿਊਟ ਵਿਖੇ 180 ਪੰਜਾਬ ਪੁਲਿਸ ਮੁਲਾਜ਼ਮਾਂ ਲਈ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਪੰਜਾਬ ਵੱਲੋਂ ਕਰਵਾਏ ਪ੍ਰਮੁੱਖ ਸਿਖਲਾਈ ਪ੍ਰੋਗਰਾਮ ਦੌਰਾਨ ਲਾਂਚ ਕੀਤਾ ਗਿਆ ਹੈ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ, ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਕਰਵਾਇਆ ਇਹ ਵਿਆਪਕ ਸੈਸ਼ਨ, ਬਾਲ ਜਿਨਸੀ ਸ਼ੋਸ਼ਣ, ਰੋਕਥਾਮ ਅਤੇ ਕਾਨੂੰਨ ਦੀਆਂ ਵਿਵਸਥਾਵਾਂ ’ਤੇ ਕੇਂਦਰਿਤ ਸੀ।

ਸਾਂਝ ਜਾਗ੍ਰਿਤੀ ਪ੍ਰੋਗਰਾਮ ਦੇ ਉਦੇਸ਼ਾਂ ’ਤੇ ਚਾਨਣਾ ਪਾਉਂਦਿਆ ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਵੂਮੈਨ ਅਫੇਅਰਜ਼ ਗੁਰਪ੍ਰੀਤ ਕੌਰ ਦਿਓ ਨੇ ਵਿਦਿਆਰਥੀਆਂ (ਦੂਜੀ ਤੋਂ 5ਵੀਂ ਜਮਾਤ), ਅਧਿਆਪਕਾਂ, ਪ੍ਰਿੰਸੀਪਲਾਂ, ਅਤੇ ਸਹਾਇਕ ਸਟਾਫ ਸਮੇਤ ਸੇਵਾਦਾਰਾਂ ਤੇ ਡਰਾਈਵਰਾਂ ਨੂੰ ਜਾਗਰੂਕ ਕਰਨ ਵਿੱਚ ਇਸ ਪ੍ਰੋਗਰਾਮ ਦੀ ਭੂਮਿਕਾ ਨੂੰ ਉਜਾਗਰ ਕੀਤਾ।

ਇਸ ਮੌਕੇ ਪ੍ਰਸੰਚੇਤਸ ਫਾਊਂਡੇਸ਼ਨ ਦੀ ਡਾਇਰੈਕਟਰ ਮੰਜੁਲਾ ਸੁਲਾਰੀਆ ਅਤੇ ਬਚਪਨ ਬਚਾਓ ਅੰਦੋਲਨ ਦੇ ਸੂਬਾ ਕੋਆਰਡੀਨੇਟਰ ਯਾਦਵਿੰਦਰ ਸਿੰਘ ਨੇ ਕ੍ਰਮਵਾਰ ਬਾਲ ਜਿਨਸੀ ਸ਼ੋਸ਼ਣ ਬਾਰੇ ਜਾਗਰੂਕਤਾ ਅਤੇ ਪੋਕਸੋ ਐਕਟ ਬਾਰੇ ਜਾਣਕਾਰੀ ਭਰਪੂਰ ਸੈਸ਼ਨ ਆਯੋਜਿਤ ਕੀਤੇ। ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਸਿਖਲਾਈ ਪ੍ਰਾਪਤ ਪੁਲਿਸ ਮੁਲਾਜ਼ਮ ਆਪਣੇ ਸਬੰਧਤ ਜ਼ਿਲ੍ਹਿਆਂ ਵਿੱਚ ਮਾਸਟਰ ਟਰੇਨਰ ਵਜੋਂ ਸੇਵਾਵਾਂ ਨਿਭਾਉਣਗੇ, ਜੋ ਇਸ ਸਬੰਧੀ ਜਾਣਕਾਰੀ ਅਤੇ ਜਾਗਰੂਕਤਾ ਫੈਲਾਉਣ ਵਿੱਚ ਅਹਿਮ ਰੋਲ ਅਦਾ ਕਰਨਗੇ। ਅਗਲੇ ਹਫ਼ਤੇ, ਇਹ ਮਾਸਟਰ ਟਰੇਨਰ ਸੂਬੇ ਭਰ ਵਿੱਚ 421 ਸ਼ਕਤੀ ਹੈਲਪ ਡੈਸਕਾਂ ’ਤੇ ਤਾਇਨਾਤ 800 ਮਹਿਲਾ ਪੁਲਿਸ ਮੁਲਾਜ਼ਮਾਂ ਨੂੰ ਸਿਖਲਾਈ ਪ੍ਰਦਾਨ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਮਹਿਲਾ ਮੁਲਾਜ਼ਮ ਆਪਣੇ ਸਬੰਧਤ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦਾ ਦੌਰਾ ਕਰਨਗੇ। ਉਹਨਾਂ ਦੇ ਪ੍ਰਭਾਵ ਨੂੰ ਹੋਰ ਵਧਾਉਣ ਲਈ, ਬਾਲ ਜਿਨਸੀ ਸ਼ੋਸ਼ਣ ਬਾਰੇ ਅਧਿਐਨ ਸਮੱਗਰੀ ਪ੍ਰਦਾਨ ਕੀਤੀ ਗਈ ਹੈ ਜੋ ਸਕੂਲਾਂ ਵਿੱਚ ਵੰਡੀ ਜਾਵੇਗੀ।

ਜ਼ਿਕਰਯੋਗ ਹੈ ਕਿ ਇਹ ਪਹਿਲਕਦਮੀ ਸਿੱਖਿਅਤ ਅਤੇ ਸਸ਼ਕਤ ਕਾਨੂੰਨ ਲਾਗੂਕਰਨ ਅਧਿਕਾਰੀਆਂ ਰਾਹੀਂ ਬੱਚਿਆਂ ਲਈ ਸੁਰੱਖਿਅਤ ਮਾਹੌਲ ਸਿਰਜਣ ਪ੍ਰਤੀ ਪੰਜਾਬ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਜਾਗ੍ਰਿਤੀ ਪ੍ਰੋਗਰਾਮ ਨੂੰ ਸ਼ਕਤੀ ਹੈਲਪ ਡੈਸਕ ਮਹਿਲਾ ਮੁਲਾਜ਼ਮਾਂ ਵੱਲੋਂ 8 ਮਾਰਚ, 2024 ਤੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ ਲਾਗੂ ਕੀਤਾ ਜਾਵੇਗਾ।



*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਚੰਗੇ ਗੀਤ ਲਿਖਣ ਦਾ ਇੱਛੁਕ



ਜਸਵਿੰਦਰ ਸੰਧੂ

ਅੱਜ ਕੱਲ੍ਹ ਹਰ ਕੋਈ ਆਪਣੀ ਕਲਮ ਨਾਲ ਚਾਰ ਸ਼ਬਦ ਲਿਖ ਕੇ ਲੇਖਕ ਬਣਿਆ ਹੋਇਆ ਹੈ ਪਰ ਲੇਖਕ ਬਣਨਾ ਬਹੁਤ ਔਖਾ ਹੈ। ਦੂਜੀ ਗੱਲ ਲੇਖਕ ਕਿਸੇ ਨੂੰ ਬਣਾਇਆ ਨਹੀਂ ਜਾ ਸਕਦਾ। ਲਿਖਣ ਵਰਗੀ ਕਲਾ ਤਾਂ ਉਹ ਸੌਗਾਤ ਹੈ ਜੋ ਪਰਮਾਤਮਾ ਵੱਲੋਂ ਕਿਸੇ ਕਿਸੇ ਦੇ ਹੀ ਹਿੱਸੇ ਆਉਂਦੀ ਹੈ ਲੇਖਕ ਆਪਣੇ ਦਿਲ ਦਿਮਾਗ਼ ਵਿਚ ਉਪਜੇ ਸ਼ਬਦ ਕਾਗ਼ਜ਼ ਦੀ ਹਿੱਕ 'ਤੇ ਗੀਤ ਗ਼ਜ਼ਲ, ਕਵਿਤਾ ਤੇ ਹੋਰ ਬਹੁਤ ਵੰਨਗੀਆਂ ਲਿਖ ਕੇ ਪਾਠਕਾਂ ਦੇ ਰੂਬਰੂ ਕਰਦਾ ਹਨ। ਮੈਂ ਗੱਲ ਕਰ ਰਿਹਾ ਹਾਂ ਜਸਵਿੰਦਰ ਸੰਧੂ ਦੀ । ਉਸ ਦਾ ਜਨਮ ਪਿੰਡ ਗਲੋਟੀ ਜ਼ਿਲ੍ਹਾ ਮੋਗਾ ਵਿਖੇ ਮਾਤਾ ਗੁਰਜੀਤ ਕੌਰ ਤੇ ਪਿਤਾ ਲਖਵੀਰ ਸਿੰਘ ਦੇ ਘਰ ਹੋਇਆ। ਲਿਖਣ ਦੀ ਚੇਟਕ ਉਸ ਨੂੰ ਅੱਠਵੀ ਨੌਵੀਂ ਵਿਚ ਪੜ੍ਹਦਿਆਂ ਹੀ ਲੱਗ ਗਈ। ਜਸਵਿੰਦਰ ਸੰਧੂ ਨੂੰ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਅੰਮ੍ਰਿਤਾ ਪ੍ਰੀਤਮ ਆਦਿ ਦੀਆਂ ਰਚਨਾਵਾਂ ਨੇ ਪ੍ਰਭਾਵਿਤ ਕੀਤਾ ਤਾਂ ਹੀ ਇਸ ਦੀ ਕਲਮ ਨੇ ਸਾਹਿਤਕ ਤੇ ਵਧੀਆ ਲਿਖਣ ਦੀ ਪਹਿਲ ਕੀਤੀ। ਸੰਧੂ ਦਾ ਸਭ ਤੋਂ ਪਹਿਲਾਂ ਗੀਤ ਇਕ ਕੁੜੀ ਨਾਲ ਰਿਸ਼ਤਾ ਸੀ ਆਇਆ। ਫਿਰ ਕਈ ਕਲਾਕਾਰਾਂ ਨੇ ਉਸ ਦੇ ਗੀਤ ਰਿਕਾਰਡ ਕਰਵਾਏ। ਸੰਧੂ ਨੇ ਅੱਜ ਤਕ ਜੋ ਵੀ ਲਿਖਿਆ ਸਾਹਿਤਕ ਸਮਾਜਿਕ ਸੱਚ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ਿਆ ਨੂੰ ਛੋਹਿਆ ਹੈ। ਉਹ ਸਮਾਜ ਵਿਚ ਵਰਤ ਰਹੇ ਵਰਤਾਰੇ ਨੂੰ ਬੜੀ ਨੇੜਿਉਂ ਤਕ ਕੇ ਲਿਖਣ ਦਾ ਯਤਨ ਕਰਦਾ ਹੈ। ਜਸਵਿੰਦਰ ਸੰਧੂ ਵਧੀਆ ਲਿਖਣ ਦੇ ਨਾਲ-ਨਾਲ ਇਕ ਵਧੀਆ ਇਨਸਾਨ, ਦੋਸਤਾਂ ਦਾ ਦੋਸਤ, ਵੱਡੇ ਛੋਟੇ ਨਾਲ ਪਿਆਰ ਇੱਜ਼ਤ ਕਰਨ ਵਾਲਾ, ਵਧੀਆ ਸੋਚ ਦਾ ਮਾਲਕ ਹੈ। ਗੁਰਬਾਣੀ 'ਤੇ ਅਥਾਹ ਵਿਸ਼ਵਾਸ ਤੇ ਸ਼ਰਧਾ ਰੱਖਣ ਵਾਲਾ ਸੰਧੂ ਅੱਜ ਕੱਲ੍ਹ ਧਰਮਕੋਟ ਵਿਖੇ ਰਹਿ ਰਿਹਾ ਹੈ। ਉਸ ਦੀ ਇਕ ਰਚਨਾ ਦਾ ਅੰਨਦ ਮਾਣਦੇ ਹਾਂ।

• ਬੂਟਾ ਗੁਲਾਮੀ ਵਾਲਾ

94171-97395

### ਕਵਿਤਾ

### ਮਤਲਬ

*ਮਤਲਬ ਦੀ ਦੁਨੀਆ ਏ ਮਤਲਵ ਦੇ ਯਾਰ ਨੇ*
*ਮਤਲਬ ਦਾ ਹਰ ਕੋਈ ਮਤਲਵ ਦੇ ਪਿਆਰ ਨੇ*
*ਬਿਨਾਂ ਮਤਲਬ ਜਗ ਉੱਤੇ ਰਿਸ਼ਤਾ ਨਾ ਕੋਈ ਵੀ*
*ਮਤਲਬ ਦੇ ਨਾਲ ਹੀ ਰਿਸ਼ਤੇ ਹਜ਼ਾਰ ਨੇ*
*ਬੇਗਾਨਿਆਂ ਦਾ ਡਰ ਨਹੀਂ ਆਪਣੇ ਹੀ ਲੁੱਟ ਦੇ*
*ਆਪਣਾ ਬਣਾ ਕੇ ਲੋਕ ਹੁਣ ਕਰਦੇ ਵਾਰ ਨੇ*
*ਪੈਸੇ ਦੀ ਪੂਜਾ ਹੁੰਦੀ ਰੱਬ ਨੂੰ ਤਾਂ ਭੁੱਲ ਗਏ*
*ਉਹੀ ਖ਼ੁਦਾ ਹੈ ਅੱਜਕੱਲ੍ਹ ਜਿਹਦੇ ਕੋਲ ਪੈਸੇ ਚਾਰ ਨੇ*
*ਨਾ ਹੱਲ ਲੱਭਿਆ ਮੈਨੂੰ ਮੈਂ ਕੋਸ਼ਿਸ਼ਾ ਲੱਖ ਕੀਤੀਆਂ*
*ਜਾਣਾ ਹੈ ਕਿਹੜੇ ਪਾਸੇ ਨੂੰ 'ਸੰਧੂ' ਇਸ ਸੰਸਾਰ ਨੇ।*

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

# ਮਨੁੱਖ ਨੇ ਪਿੰਜਰੇ ਬਣਾਏ

ਕੁਦਰਤ ਬਾਰੇ ਪ੍ਰਸਿੱਧ ਲੇਖਕ ਨਰਿੰਦਰ ਸਿੰਘ ਕਪੂਰ ਲਿਖਦੇ ਹਨ, 'ਸਿਆਣਪ ਕੁਦਰਤ ਵਿਚ ਹੈ, ਲੋੜ ਇਸ ਨੂੰ ਅਪਨਾਉਣ ਦੀ ਹੈ।' ਕੁਦਰਤ ਨੇ ਆਪਣੀ ਸਿਆਣਪ ਨਾਲ ਪੰਛੀਆਂ ਦੇ ਰਹਿਣ ਲਈ ਦਰੱਖ਼ਤ ਅਤੇ ਉੱਡਣ ਲਈ ਅਸਮਾਨ ਬਣਾਇਆ ਹੈ ਜਦੋਂ ਕਿ ਮਨੁੱਖ ਨੇ ਆਪਣੇ ਗਿਆਨ ਨਾਲ ਪਿੰਜਰੇ ਬਣਾਏ ਹਨ। ਮਨੁੱਖ ਜਿਸ ਜੀਵ ਨੂੰ ਪਾਲਦਾ ਹੈ ਉਸ ਨੂੰ ਕੈਦ ਕਰ ਲੈਂਦਾ ਹੈ। ਮਨੁੱਖ ਆਪਣੇ ਗਿਆਨ ਨੂੰ ਵਰਤ ਕੇ ਆਲੇ- ਦੁਆਲੇ ਨੂੰ ਕਾਬੂ ਕਰਦਾ ਹੈ। ਗਿਆਨ ਵਿਚ ਹਉਮੈ ਹੁੰਦੀ ਹੈ, ਇਸ ਕਰਕੇ ਇਸ ਦੀ ਦੁਰਵਰਤੋਂ ਹੁੰਦੀ ਹੈ'। ਇਸ ਦੇ ਉਲਟ ਸ਼ਾਤ ਸੁਭਾਅ ਤੇ ਕੁਦਰਤ ਪ੍ਰੇਮੀ ਆਪਣੇ ਆਲੇ-ਦੁਆਲੇ ਨੂੰ ਪਿਆਰ ਕਰਦੇ ਹਨ। ਅਜਿਹੇ ਲੋਕ ਮਨੁੱਖਤਾ ਦੇ ਭਲੇ ਲਈ ਹਰ ਵਕਤ ਤਤਪਰ ਰਹਿੰਦੇ ਹਨ। ਇਹ ਆਪ ਦਾ ਸੁੱਜਾ ਜੀਵਨ ਜਿਉਂਦੇ ਹਨ ਤੇ ਇਹ ਗੁਣ ਹੋਰਨਾਂ ਨੂੰ ਵੀ ਸਿਖਾਉਂਦੇ ਹਨ।

ਜਗਮੋਹਨ ਸਿੰਘ ਲੱਕੀ



# ਕਿੱਥੇ ਗਈ ਚਾਟੀ ਦੀ ਲੱਸੀ ਤੇ ਹਾਰੇ ਦੀ ਦਾਲ਼

**ਲੋ** ਪੰਜਾਬ, ਪੰਜ ਦਰਿਆਵਾਂ ਦੀ ਪਾਕ-ਪਵਿੱਤਰ ਧਰਤੀ। ਇਸ ਕਰਮਾਂ ਵਾਲੀ ਧਰਤੀ 'ਤੇ ਜਿੱਥੇ ਗੁਰੂ ਸਾਹਿਬਾਨ, ਰਿਸ਼ੀਆਂ-ਮੁਨੀਆਂ, ਜਪੀਆਂ, ਸਿੱਧਾਂ, ਸਿਰਲੱਥ ਯੋਧਿਆਂ ਨੇ ਜਨਮ ਲਿਆ ਉੱਥੇ ਹੀ ਹੀਰ ਰਾਂਝੇ ਦਾ ਪ੍ਰੇਮ ਵੀ ਪ੍ਰੀਤ ਕਹਾਣੀਆਂ ਦਾ ਗਵਾਹ ਬਣਿਆ। ਪੁਰਾਤਨ ਸਮੇਂ ਤੋਂ ਹੀ ਪੰਜਾਬ ਭਾਰਤ ਦੀ ਖੜਗ ਭੁਜਾ ਬਣ ਕੇ ਦੁਸ਼ਮਣਾਂ ਅੱਗੇ ਖੜਦਾ ਆਇਐ। ਮੁਲਕ ਦੇ ਕੇਂਦਰੀ ਅੰਨ ਭੰਡਾਰ ਵਿਚ ਸਭ ਤੋਂ ਵਧੇਰੇ ਆਨਾਜ ਭਰਨ ਵਾਲੇ ਪੰਜਾਬ ਨੇ ਭਾਰਤੀ ਫ਼ੌਜਾਂ ਅਤੇ ਕੇਂਦਰੀ ਸੁਰੱਖਿਆ ਦਲਾਂ ਵਿਚ ਵੀ ਆਪਣੇ ਬਹਾਦਰ ਪੁੱਤਰ ਵੱਡੀ ਗਿਣਤੀ ਵਿੱਚ ਭੇਜੇ ਹਨ ਪਰ ਜੇ ਅੱਜ ਦੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਹੱਸਦੇ ਵਸਦੇ ਪੈਲ੍ਹਾਂ ਪਾਉਂਦੇ ਰੰਗਲੇ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੋਵੇ।

### ਵੰਝਲੀ ਦੀ ਹੂਕ

ਪੰਜਾਬ ਵਿਚ ਪਹਿਲਾਂ ਜਿੱਥੇ ਅੰਮ੍ਰਿਤ ਵੇਲੇ ਰਾਂਝੇ ਦੀ ਵੰਝਲੀ ਦੀ ਹੂਕ ਸੁਣਾਈ ਦਿੰਦੀ ਸੀ, ਬਲਦਾਂ ਦੀਆਂ ਟੱਲੀਆਂ ਦੀ ਮਿੱਠੀ-ਮਿੱਠੀ ਛੁਣਕਾਰ ਕੰਨਾਂ ਵਿਚ ਰਸ ਘੋਲ ਦੀ ਸੀ, ਉਸ ਪੰਜਾਬ ਵਿਚ ਦੇ ਹਰ ਪਿੰਡ, ਸ਼ਹਿਰ, ਕਸਬੇ ਵਿਚ ਹੁਣ ਵੈਣ ਕੰਨੀਂ ਪੈ ਰਹੇ ਨੇ। ਹਰ ਦਿਨ ਕਿਸਾਨ ਤੇ ਮਜ਼ਦੂਰ ਕਰਜ਼ੇ ਤੋਂ ਦੁਖੀ ਹੋ ਕੇ ਖ਼ੁਦਕੁਸ਼ੀਆਂ ਕਰ ਰਹੇ ਹਨ। ਨਸ਼ੇ ਕਾਰਨ ਅਨੇਕਾਂ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਕਾਰਨ ਹਰ ਪਾਸੇ ਹੀ ਵੈਣ ਪਾਉਂਦੀਆਂ ਮਾਵਾਂ, ਧੀਆਂ, ਭੈਣਾਂ ਦੇ ਰੋਂਦੀਆਂ ਨਜ਼ਰ ਆ ਰਹੀ ਹੈ। ਹਰ ਦਿਨ ਪਿੰਡਾਂ, ਸ਼ਹਿਰਾਂ ਵਿਚ ਚਿੱਟੀਆਂ ਚੁੰਨੀਆਂ ਵਾਲੀਆਂ ਬੀਬੀਆਂ ਨਜ਼ਰ ਆ ਰਹੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਵਿਚ ਹੋ ਰਹੀਆਂ ਅਣਆਈਆਂ ਮੌਤਾਂ ਕਾਰਨ ਜਿਵੇਂ ਪੰਜਾਬ ਦਾ ਪੌਣ ਪਾਣੀ ਵੀ ਰੁਦਨ ਕਰ ਰਿਹਾ ਹੋਵੇ। ਉਹ ਰੰਗਲਾ ਪੰਜਾਬ ਬੀਤੇ ਦੀ ਕਹਾਣੀ ਬਣ ਗਿਆ ਹੈ ਜਿੱਥੇ ਕਿ ਚਹੁੰ ਕੁੰਟੀਂ ਮੇਲੇ ਲੱਗਦੇ ਰਹਿੰਦੇ ਸਨ। ਪੰਜਾਬ ਦੇ ਜਿਹੜੇ ਪਿੰਡਾਂ ਸ਼ਹਿਰਾਂ ਵਿਚ ਜਿੱਥੇ ਸਾਰਾ ਦਿਨ ਪਿੱਪਲਾਂ ਤੇ ਬੋਹੜਾਂ ਹੇਠ ਰੌਣਕਾਂ ਲੱਗਦੀਆਂ ਹੁੰਦੀਆਂ ਸਨ, ਮਜਲਿਸਾਂ ਲੱਗਦੀਆਂ ਸਨ, ਓਥੇ ਹੁਣ ਸੋਗ ਸਭਾਵਾਂ ਹੁੰਦੀਆਂ ਨੇ। ਪੰਜਾਬ ਦੇ ਪਿੰਡਾਂ ਵਿਚ ਹੁਣ ਕਿਸੇ ਲਾੜੇ ਦੀ ਬਰਾਤ ਚੜ੍ਹਦੀ ਤਾਂ ਕਦੇ ਕਦਾਈ ਹੀ ਨਜ਼ਰ ਆਉਂਦੀ ਹੈ ਪਰ ਹਰ ਪਿੰਡ ਦੇ ਸਿਵਿਆਂ ਵਿਚ ਲਾਂਬੂ ਲੱਗੇ ਹਰ ਦਿਨ ਹੀ ਨਜ਼ਰ ਆਉਂਦੇ ਹਨ।

### ਖੁੱਲ੍ਹੇ ਵਿਹੜਿਆਂ ਵਾਲੇ ਘਰ

ਜਰ੍ਹਾ ਸੋਚੋ ਖਾਂ, ਉਸ ਵੇਲੇ ਬਾਰੇ, ਜਦੋਂ ਪੰਜਾਬ ਵਿਚ ਹਰ ਪਾਸੇ ਸਾਰਾ ਸਾਲ ਹੀ ਬਹਾਰ ਪੈਲ੍ਹਾਂ ਪਾਉਂਦੀ ਗਾਉਂਦੀ ਰਹਿੰਦੀ ਸੀ। ਹਰ ਪਿੰਡ ਵਿਚ ਹੀ ਸ਼ਗਨਾਂ ਦੇ ਢੋਲ ਵਾਜੇ ਵੱਜਦੇ ਹੁੰਦੇ ਸਨ। ਹਰ ਪਿੰਡ ਵਿਚ ਹੀ ਮੱਲਾਂ ਦੀਆਂ ਛਿੰਝਾਂ ਪੈਂਦੀਆਂ ਸਨ। ਕਿੱਥੇ ਗਿਆ ਉਹ ਸਮਾਂ ਜਦੋਂ ਹਰ ਪਿੰਡ ਦੀ ਜੂਹ ਵਿਚ ਹੀ ਮੇਲੇ ਲੱਗਦੇ ਹੁੰਦੇ ਸਨ। ਕਿੱਥੇ ਗਏ ਪੰਜਾਬ ਦੇ ਪਿੰਡਾਂ ਦੇ ਉਹ ਖੁੱਲ੍ਹੇ ਵਿਹੜਿਆਂ ਵਾਲੇ ਘਰ ਜਿਨ੍ਹਾਂ ਦੇ ਦਰਾਂ ਵਿਚ ਬੈਠੀਆਂ ਕੁੜੀਆਂ ਚਿੜੀਆਂ ਦੇ ਚਰਖਿਆਂ ਦੀ ਮਿੱਠੀ-ਮਿੱਠੀ ਘੂਕਰ ਕੰਨਾਂ ਵਿਚ ਰਸ ਘੋਲਦੀ ਫ਼ਿਜ਼ਾ ਵਿਚ ਫੈਲਦੀ ਰਹਿੰਦੀ ਸੀ। ਇਨ੍ਹਾਂ ਕੁੜੀਆਂ ਚਿੜੀਆਂ ਦੇ ਚਰਖਿਆਂ ਦੀ ਜਿਸ ਘੂਕਰ ਨੂੰ ਸੁਣ ਕੇ ਜੋਗੀ ਪਹਾੜੋਂ ਉੱਤਰ ਆਉਂਦੇ ਸਨ। ਚਰਖੇ ਦੀ ਉਸ ਘੂਕਰ ਦੀ ਥਾਂ ਹੁਣ ਨਸ਼ੇ ਤੇ ਕਰਜ਼ੇ ਕਾਰਨ ਮੋਏ ਪੁੱਤਰਾਂ ਦੀਆਂ ਜਿਉਂਦੇ ਜੀਅ ਹੀ ਮਰਨ ਵਰਗੀਆਂ ਹੋਈਆਂ ਮਾਵਾਂ , ਧੀਆਂ, ਭੈਣਾਂ ਦੇ ਵੈਣ ਸੁਣ ਕੇ ਜੋਗੀ ਮੁੜ ਪਹਾੜਾਂ ਉੱਪਰ ਜਾ ਚੜ੍ਹੇ ਤੇ ਪਹਾੜਾਂ ਉੱਪਰ ਹੀ ਡੇਰੇ ਲਾ ਕੇ ਅੱਖਾਂ ਮੀਟ ਕੇ, ਬੁੱਲ੍ਹਾਂ ਉੱਪਰ ਚੁੱਪ ਵਾਲਾ ਜਿੰਦਰਾ ਲਗਾ ਕੇ ਕਿਸੇ ਡੂੰਘੀ ਖ਼ਾਮੋਸ਼ੀ ਵਿਚ ਬੈਠ ਗਏ ਜਾਪਦੇ ਨੇ।

#### ਕੁੜੀਆਂ-ਚਿੜੀਆਂ

*ਕਿੱਥੇ ਗਏ ਉਹ ਤੀਆਂ ਦੇ ਮੇਲੇ, ਜੋ ਹਰ ਪਿੰਡ ਦੀ ਜੂਹ ਵਿਚ ਸਾਉਣ ਮਹੀਨੇ ਲੱਗਦੇ ਹੁੰਦੇ ਸਨ। ਜਿਨ੍ਹਾਂ ਮੇਲਿਆਂ ਵਿਚ ਸੱਜ ਵਿਆਹੀਆਂ ਤੇ ਕੁਆਰੀਆਂ ਕੁੜੀਆਂ-ਚਿੜੀਆਂ ਜਿੱਥੇ ਪੀਂਘਾਂ ਝੂਟਦੀਆਂ ਹੁੰਦੀਆਂ ਸਨ, ਉੱਥੇ ਹੀ ਗਿੱਧੇ ਵਿਚ ਗੇੜਾ ਦੇ ਕੇ ਧਰਤੀ ਉੱਪਰ ਇੰਨੇ ਜ਼ੋਰ ਦੀ ਅੱਡੀ ਮਾਰਦੀਆਂ ਸਨ ਕਿ ਉਨ੍ਹਾਂ ਦੀ ਧਮਕ ਦੂਜੇ ਮੁਲਕ ਤਕ ਸੁਣਦੀ ਹੁੰਦੀ ਸੀ। ਕਮਜ਼ੋਰ ਹੱਥਾਂ ਵਿਚ ਪਤਲੀ ਜਿਹੀ ਕਾਪੀ ਫੜੀ, ਪਤਲੀਆਂ-ਪਤਲੀਆਂ ਲੱਤਾਂ ਘਸੀਟਦੇ ਕਾਲਜ ਜਾਂਦੇ ਅੱਜ ਦੇ ਪੰਜਾਬੀ ਗੱਭਰੂ ਇਸ ਤਰ੍ਹਾਂ ਜਾਪਦੇ ਹਨ ਜਿਵੇਂ ਕਾਲਜ ਵਿਚ ਪੜ੍ਹਨ ਨਹੀਂ ਸਗੋਂ ਕੋਈ ਹਿਸਾਬ ਹੀ ਕਰਨ ਆਏ ਹੋਣ। ਹੁਣ ਪੰਜਾਬੀ ਗੱਭਰੂਆਂ ਦੇ ਡੌਲੇ ਨਹੀਂ ਫਰਕਦੇ, ਸਗੋਂ ਨਸ਼ੇ ਕਾਰਨ ਖੋਖਲੇ ਹੋਏ ਸਰੀਰਾਂ ਵਿਚ ਤਾਂ ਹੁਣ ਹੱਡੀਆਂ ਹੀ ਖੜਕਦੀਆਂ ਹਨ।*

### ਦਰਿਆਵਾਂ ਦਾ ਪਾਣੀ

ਪੰਜਾਬ ਦੇ ਪਾਣੀਆਂ ਦੀ ਗਲ ਕੀਤੀ ਜਾਵੇ ਤਾਂ ਕਿਸੇ ਸਮੇਂ ਅੰਮ੍ਰਿਤ ਕਿਹਾ ਜਾਂਦਾ ਸੀ। ਪੰਜਾਬ ਦੇ ਦਰਿਆਵਾਂ ਦਾ ਪਾਣੀ ਹੁਣ ਬਹੁਤ ਜ਼ਹਿਰੀਲਾ ਹੋ ਚੁਕਿਐ, ਇਸ ਪ੍ਰਦੂਸ਼ਿਤ ਪਾਣੀ ਨੂੰ ਹੁਣ ਜਾਨਵਰ ਵੀ ਮੂੰਹ ਨਹੀਂ ਲਾਉਂਦੇ। ਧਰਤੀ ਹੇਠਲਾ ਪਾਣੀ ਵੀ ਜ਼ਹਿਰੀਲਾ ਹੁੰਦਾ ਜਾ ਰਿਹੈ। ਕੁਦਰਤੀ ਜਲ ਸੋਮੇ ਸੁਕਦੇ ਜਾ ਰਹੇ ਨੇ। ਮੀਂਹ ਦਾ ਪਾਣੀ ਵੀ ਹੁਣ ਪਹਿਲਾਂ ਵਾਂਗ ਸ਼ੁੱਧ ਤੇ ਸਾਫ਼ ਨਹੀਂ ਰਿਹਾ। ਪੰਜਾਬ ਦੇ ਖੇਤਾਂ ਵਿੱਚ ਉਗਦੀਆਂ ਫ਼ਸਲਾਂ 'ਤੇ ਹੁਣ ਬਹਾਰ ਨਹੀਂ ਸਗੋਂ ਮੌਤ ਨੱਚਦੀ ਹੈ। ਫ਼ਸਲਾਂ ਅਤੇ ਸਬਜ਼ੀਆਂ ਦਾ ਵਧ ਝਾੜ ਲੈਣ ਦੇ ਚੱਕਰ ਵਿਚ ਕਿਸਾਨਾਂ ਵੱਲੋਂ ਫ਼ਸਲਾਂ ਅਤੇ ਸ਼ਬਜ਼ੀਆਂ ਉੱਪਰ ਇੰਨੀਆਂ ਜ਼ਿਆਦਾ ਕੀਟਨਾਸ਼ਕ ਦਵਾਈਆਂ ਛਿੜਕ ਦਿੱਤੀਆਂ ਜਾਂਦੀਆਂ ਹਨ ਕਿ ਇਹ ਖਾਧ ਪਦਾਰਥ ਹੁਣ ਸਿਹਤ ਬਣਾਉਣ ਦੀ ਥਾਂ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਭਿਅੰਕਰ ਬਿਮਾਰੀਆਂ ਲਗਾਉਣ ਲੱਗ ਪਏ ਹਨ। ਹੁਣ ਤਾਂ ਲੋਕਾਂ ਨੂੰ ਕਣਕ ਤੋਂ ਵੀ ਐਲਰਜੀ ਹੋਣ ਲੱਗ ਪਈ ਹੈ। ਕੀੜੇਮਾਰ ਦਵਾਈਆਂ ਅਤੇ ਰਸਇਣਿਕ ਖਾਂਦਾ ਕਾਰਨ ਜ਼ਹਿਰਿਲੀਆਂ ਹੋਈਆਂ ਸਬਜ਼ੀਆਂ ਅਤੇ ਕਣਕ ਆਦਿ ਖਾ ਕੇ ਪੰਜਾਬੀ ਕਿਸ਼ਤਾਂ ਵਿਚ ਖ਼ੁਦਕੁਸ਼ੀਆਂ ਕਰ ਰਹੇ ਹਨ।

### ਮਸ਼ੀਨੀਕਰਨ

ਹਾਰੇ ਵਿਚ ਬਣੀ ਦਾਲ ਅਤੇ ਮਧਾਣੀ ਨਾਲ ਰਿੜਕੀ ਲੱਸੀ ਹੁਣ ਕਿਤੇ ਨਹੀਂ ਲੱਭਦੇ, ਹਰ ਕੰਮ ਹੀ ਹੁਣ ਮਸ਼ੀਨਾਂ ਨਾਲ ਹੋਣ ਲੱਗ ਪਿਐ। ਮਸ਼ੀਨੀਕਰਨ ਦੇ ਇਸ ਯੁੱਗ ਵਿਚ ਮਨੁੱਖ ਦੀ ਹੋਂਦ ਹੀ ਸੁੰਗੜਦੀ ਜਾ ਰਹੀ ਜਾਪਦੀ ਹੈ। ਇਨ੍ਹਾਂ ਦੀ ਥਾਂ ਹੁਣ ਪੀਜ਼ੇ, ਬਰਗਰ ਨੇ ਲੈ ਲਈ ਹੈ। ਹਾਰੇ ਦੀ ਦਾਲ, ਕਾੜ੍ਹਨੀ ਦੇ ਦੁੱਧ ਬਾਰੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪਤਾ ਹੀ ਨਹੀਂ ਕਿ ਇਹ ਕੀ ਸ਼ੈਅ ਹੁੰਦੇ ਨੇ। ਪੰਜਾਬ ਵਿਚ ਹੁਣ ਹੱਸੂ-ਹੱਸੂ ਕਰਦੇ ਚਿਹਰੇ ਪਤਾ ਨਹੀਂ ਕਿੱਥੇ ਲੋਪ ਹੋ ਗਏ ਨੇ, ਹਰ ਪਾਸੇ ਹੀ ਰੋਂਦੂ ਚਿਹਰਿਆਂ ਵਾਲੇ ਲੋਕ ਨਜ਼ਰ ਆ ਰਹੇ ਹਨ। ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਪੜ੍ਹਾਈ, ਰੁਜ਼ਗਾਰ ਤੇ ਵਿਆਹ ਦੇ ਬਹਾਨੇ ਪੰਜਾਬ ਨੂੰ ਬੇਦਾਵਾ ਦੇ ਕੇ ਜਹਾਜ਼ੇ ਚੜ੍ਹ ਕੇ ਸੱਤ ਸਮੁੰਦਰ ਪਾਰ ਜਾ ਰਹੇ ਹਨ, ਪਿੱਛੇ ਰਹਿ ਗਏ ਬੁੱਢੜੇ ਮਾਪੇ ਜ਼ਿੰਦਗੀ ਦਾ ਭਾਰ ਢੋਅ ਰਹੇ ਹਨ। ਪਹਿਲਾਂ ਕੈਨੇਡਾ ਤੇ ਅਮਰੀਕਾ ਵਿਚ ਵਸੇ ਪੰਜਾਬੀ, ਪੰਜਾਬ ਵਿੱਚੋਂ ਸਾਰਾ ਹੁਸਨ ਹੂੰਝ ਕੇ ਲੈ ਗਏ, ਹੁਣ ਪੰਜਾਬੀ ਕੁੜੀਆਂ ਵਹੀਰਾਂ ਘੱਤ ਕੇ ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਮੁਲਕਾਂ ਨੂੰ ਜਾ ਰਹੀਆਂ ਨੇ। ਬਾਹਰੋਂ ਸਜੇ ਫਬੇ ਪੰਜਾਬੀ ਹੀਰੇ ਮੋਤੀ ਜਾਪਦੇ ਹਨ ਪਰ ਅੰਦਰੋਂ ਉਹ ਕਲੱਰਾਂ ਦੇ ਰੋੜ ਹੀ ਨੇ। •

9463819174

ਅਰਵਿੰਦ ਕੁਮਾਰ

# ਰਾਣੀ ਹਾਰ

ਰਾਣੀ ਹਾਰ ਮੁਟਿਆਰਾਂ ਦੇ ਗਲੇ ਦਾ ਗਹਿਣਾ ਹੈ ਅਤੇ ਰਾਣੀ ਹਾਰ ਨੂੰ ਖਾਨਦਾਨੀ ਗਹਿਣਾ ਹੋਣ ਦਾ ਮਾਣ ਪ੍ਰਾਪਤ ਹੈ, ਇਹ ਕਾਫੀ ਮਹਿੰਗਾ ਹੁੰਦਾ ਹੈ। ਅਸਲ ਵਿਚ ਰਾਣੀ ਹਾਰ ਸ਼ੁੱਧ ਸੋਨੇ ਦਾ ਬਣਿਆ ਹੁੰਦਾ ਹੈ।

ਆਮ ਰਾਣੀ ਹਾਰ 6 ਤੋਲੇ ਸੋਨੇ ਦਾ ਹੁੰਦਾ ਹੈ ਪਰ ਕਈ ਵਾਰ ਇਸ ਦਾ ਭਾਰ ਘੱਟ ਜਾਂ ਵੱਧ ਵੀ ਹੁੰਦਾ ਹੈ। ਰਾਣੀ ਹਾਰ ਪਾਈ ਹੋਈ ਮੁਟਿਆਰ ਦੀ ਸ਼ਾਨ ਹੀ ਨਿਰਾਲੀ ਹੁੰਦੀ ਹੈ। ਭਰ ਜੋਬਨਵੰਤੀ ਮੁਟਿਆਰ ਜਦੋਂ ਗਲ਼ ਵਿਚ ਰਾਣੀ ਹਾਰ ਪਾ ਕੇ ਨਿਕਲਦੀ ਹੈ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਹੀ ਅੱਡੀਆਂ ਰਹਿ ਜਾਂਦੀਆਂ ਹਨ। ਰਾਣੀ ਹਾਰ ਦੀ ਸੁੰਦਰਤਾ ਵੇਖ ਕੇ ਰਾਹ ਜਾਂਦੇ ਰਾਹੀ ਵੀ ਖਲੋ ਜਾਂਦੇ ਹਨ।

ਅਕਸਰ ਹੀ ਅਮੀਰ ਘਰਾਂ ਵਿਚ ਰਾਣੀ ਹਾਰ ਜੱਦੀ ਪੁਸ਼ਤੀ ਹੀ ਪੀੜੀ ਦਰ ਪੀੜੀ ਤੁਰਿਆ ਆਉਂਦਾ ਹੈ। ਹਰ ਸੱਸ ਆਪਣੀ ਨਵੀਂ ਨਵੇਲੀ ਨੂੰਹ ਨੂੰ ਰਾਣੀ ਹਾਰ ਭੇਟ ਕਰਦੀ ਹੈ ਅਤੇ ਨੂੰਹ ਦੇ ਪਹਿਲੀ ਵਾਰ ਰਾਣੀ ਹਾਰ ਪਾਉਣ ਵੇਲੇ ਕਈ ਤਰਾਂ ਦੇ ਸ਼ਗਨ ਮਨਾਏ ਜਾਂਦੇ ਹਨ। ਹਰ ਮੁਟਿਆਰ ਦੀ ਹਿੱਕ ਉਪਰ ਚਮਕਦਾ ਤੇ ਸੁਨਿਹਰੀ ਕਿਰਨਾਂ ਬਿਖੇਰਦਾ ਰਾਣੀ ਹਾਰ ਮੁਟਿਆਰ ਦੀ ਹੋਰਨਾਂ ਮੁਟਿਆਰਾਂ ਵਿਚ ਵੱਖਰੀ ਹੀ ਟੌਹਰ ਬਣਾ ਦਿੰਦਾ ਹੈ।

ਰਾਣੀ ਹਾਰ ਅਮੀਰ ਮੁਟਿਆਰਾਂ ਤੇ ਔਰਤਾਂ ਦਾ ਮਨਭਾਉਂਦਾ ਗਹਿਣਾ ਹੈ। ਇਹ ਬਹੁਤ ਕੀਮਤੀ ਹੁੰਦਾ ਹੈ ਅਤੇ ਇਸ ਦੀ ਸੰਭਾਲ ਲਈ ਖਾਸ ਉਪਰਾਲੇ ਕੀਤੇ ਜਾਂਦੇ ਹਨ ਅਤੇ ਰਾਣੀ ਹਾਰ ਨੂੰ ਮੁਟਿਆਰਾ ਵਿਸ਼ੇਸ ਮੌਕਿਆਂ ਤੇ ਅਹਿਮ ਸਮਾਗਮਾਂ ਉਪਰ ਹੀ ਪਾਉਂਦੀਆਂ ਹਨ। ਇਸ ਤਰਾਂ ਇਹ ਰਾਣੀ ਹਾਰ ਖਾਨਦਾਨੀ ਅਤੇ ਵਿਰਾਸਤੀ ਗਹਿਣਾ ਬਣ ਗਿਆ।

ਰਾਣੀ ਹਾਰ ਭਾਵੇਂ ਅਮੀਰ ਔਰਤਾਂ ਦਾ ਹੀ ਗਹਿਣਾ ਹੈ ਪਰ ਆਮ ਮੱਧ ਵਰਗੀ ਔਰਤਾਂ ਵੀ ਕੁਝ ਹਲਕਾ ਰਾਣੀ ਹਾਰ ਬਣਾ ਕੇ ਆਪਣੇ ਗਲੇ ਵਿਚ ਪਾ ਕੇ ਆਪਣੀ ਸੁੰਦਰਤਾ ਵਿਚ ਵਾਧਾ ਕਰਦੀਆਂ ਹਨ। ਇਹ ਹਾਰ ਸੁੰਦਰਤਾਂ ਨੂੰ ਤਾਂ ਵਧਾਉਂਦਾ ਸੀ, ਅਮੀਰੀ ਵੀ ਦਿਖਾਉਂਦਾ ਸੀ। •

## ਪੱਤਰ ਹਰੇ ਕਚੂਰ

# ਸੂਖਮਭਾਵੀ ਬਾਲ ਲੇਖਿਕਾ



ਰੂਹੀ ਸਿੰਘ

94176-92015

ਰੂਹੀ ਸਿੰਘ ਮੌਜੂਦਾ ਸਮੇਂ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਵਿਖੇ ਬੀਏ ਆਨਰਜ਼ ਸਕੂਲ (ਅੰਗਰੇਜ਼ੀ) ਦੀ ਵਿਦਿਆਰਥਣ ਹੈ। ਉਨ੍ਹੇ ਸਕੂਲ-ਪੱਧਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਵਿੱਦਿਅਕ ਗਤੀਵਿਧੀਆਂ ਦੇ ਕਵਿਤਾ, ਭਾਸ਼ਣ ਅਤੇ ਮੌਲਿਕ ਲਿਖਤ ਮੁਕਾਬਲਿਆਂ ਵਿਚ 14 ਵਾਰ ਸੋਨੇ, ਚਾਂਦੀ ਤੇ ਕਾਂਸੀ ਦੇ ਮੈਡਲ ਜਿੱਤੇ। ਉਹ ਤੀਜੀ ਜਮਾਤ ਤੋਂ ਹੀ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲੱਗ ਪਈ ਸੀ। ਉਸ ਦੀਆਂ ਇਨ੍ਹਾਂ ਪ੍ਰਾਪਤੀਆਂ ਦੇ ਮੱਦੇਨਜ਼ਰ ਉਸ ਨੂੰ 2015 ਵਿਚ ਸਥਾਪਤ ਪਹਿਲਾ 'ਤਾਰੇ ਭਲਕ ਦੇ ਪੁਰਸਕਾਰ' ਮਿਲਿਆ ਸੀ ਜਿਸ ਵਿਚ ਇਕੀ ਸੌ ਰੁਪਏ ਦੀ ਨਕਦ ਰਾਸ਼ੀ, ਪ੍ਰਸ਼ੰਸਾ-ਪੱਤਰ ਤੇ ਪੁਸਤਕਾਂ ਸ਼ਾਮਲ ਸਨ। ਉਸ ਦੀਆਂ ਬਾਲ-ਕਹਾਣੀਆਂ ਦੀਆਂ ਦੋ ਕਿਤਾਬਾਂ 'ਗੁਲਦਾਉਂਦੀਆਂ' ਅਤੇ 'ਸੁਨਹਿਰੀ ਸਵੇਰ' ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਸ ਨੂੰ ਵਿਦਵਾਨਾਂ ਤੇ ਬਾਲ-ਪਾਠਕਾਂ ਨੇ ਕਾਫ਼ੀ ਪਸੰਦ ਕੀਤਾ ਹੈ। ਪੇਸ਼ ਹੈ ਉਸ ਦੀ ਇਕ ਕਵਿਤਾ :

• ਪ੍ਰੋ. ਨਵ ਸੰਗੀਤ ਸਿੰਘ

94176-92015

### ਕਵਿਤਾ

### ਭਲਕ ਦੇ ਤਾਰੇ

ਅਸੀਂ ਸੂਰਜ ਦੇ ਹਾਂ ਵਾਰਿਸ,
ਅਸੀਂ ਚਾਨਣ ਦੇ ਵਣਜਾਰੇ।
ਅਸਾਂ ਰੋਸ਼ਨ ਜਹਾਂ ਕਰਨਾ,
ਅਸੀਂ ਹਾਂ ਭਲਕ ਦੇ ਤਾਰੇ।
ਅਸੀਂ ਜੂਝਾਂਗੇ ਹਰਦਮ ਹਰ ਕਦਮ,
ਚੀਰਾਂਗੇ ਹੁਣ 'ਨ੍ਹੇਰਾ।
ਤੇ ਗਾਉਣੇ ਗੀਤ ਸਾਂਝਾਂ ਦੇ,
ਕਿ ਮਿਟ ਜਾਵੇ ਤੇਰਾ ਮੇਰਾ।
ਅਸੀਂ ਜਿੱਤਣਾ ਹੈ ਜੀਵਨ ਵਿਚ,
ਸਦਾ ਹਰਨਾ ਨਾਲ ਨਹੀਂ ਸਿੱਖਿਆ।
ਵਿਖਾਉਣੀ ਹੋਂਦ ਹੈ ਆਪਣੀ,
ਸਿਰਫ਼ ਜਰਨਾ ਨਹੀਂ ਸਿੱਖਿਆ।
ਅਸੀਂ ਹੁਣ ਹੋਰ ਨਾ ਝੁਕਣਾ,
ਤੇ ਮੁੜ ਤੋਂ ਜਾਗ ਉੱਠਾਂਗੇ।
ਕੋਈ ਤਲਵਾਰ ਨਹੀਂ ਚੁੱਕਣੀ,
ਅਸੀਂ ਹੁਣ ਕਲਮ ਚੁੱਕਾਂਗੇ।
ਅਸੀਂ ਵਧਦੇ ਹੀ ਜਾਵਾਂਗੇ,
ਨਹੀਂ ਰਾਹਾਂ ਦੇ ਵਿਚ ਰੁਕਣਾ।
ਸਲਾਮਤ ਸੋਚ ਰੱਖਾਂਗੇ,
ਨਾ ਸਾਡੇ ਜਜ਼ਬਿਆਂ ਮੁੱਕਣਾ।
ਹੈ ਸਾਡੇ ਮੱਥਿਆਂ ਵਿਚ ਚਿਣਗ,
ਤੇ ਹੱਥਾਂ ਵਿਚ ਚਿਰਾਗ਼।
ਅਸਾਡੀ ਆਸ ਤੇ ਅਰਦਾਸ,
ਆਖ਼ਰ ਕਰਾਂਗੇ ਪੂਰੇ ਖ਼ਾਬ।

# ਸੁਹਾਗ ਦਾ ਪ੍ਰਤੀਕ ਚੂੜੀਆਂ

ਬਚਪਨ ਦੇ ਸਮੇਂ ਕੁੜੀਆਂ ਦੇ ਮਾਪੇ ਬਹੁਤ ਹੀ ਲਾਡਾਂ, ਚਾਵਾਂ ਨਾਲ ਸੋਹਣੀਆਂ-ਸੋਹਣੀਆਂ ਚੂੜੀਆਂ ਬਾਹਾਂ ਵਿਚ ਪਾਉਂਦੇ ਹਨ। ਇਹ ਰੰਗ-ਬਰੰਗੀਆਂ ਚੂੜੀਆਂ ਨੂੰ ਬਾਹਾਂ ਵਿਚ ਦੇਖ-ਦੇਖ ਇਹ ਨੰਨ੍ਹਾ-ਮੁੰਨ੍ਹਾਂ ਚਿਹਰਾ ਆਪ ਮੁਹਾਰੇ ਖਿੜ-ਖਿੜਾ ਉੱਠਦਾ ਹੈ।

ਥੋੜ੍ਹਾ ਵੱਡੀਆਂ ਹੋ ਕੇ ਨੰਨ੍ਹੀਆਂ ਸਹੇਲੀਆ ਨਾਲ ਕੁਝ ਟੁੱਟੀਆਂ ਚੂੜੀਆਂ ਇਕੱਠੀਆਂ ਕਰ ਕੇ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਦੀਆਂ, ਕਦੋਂ ਜਵਾਨ ਹੋ ਜਾਂਦੀਆਂ ਹਨ, ਪਤਾ ਹੀ ਨਹੀਂ ਲੱਗਦਾ। ਭਰ ਜੋਬਨ ਵਿਚ ਫੈਸ਼ਨ ਲਈ ਕੱਪੜਿਆਂ ਦੇ ਰੰਗਾਂ ਨਾਲ ਮਿਲਾ ਕੇ ਚੂੜੀਆਂ ਪਾਉਂਦੀਆਂ ਜਾਂ ਫਿਰ ਇਹ ਵੀ ਕਹਿ ਲਵੋ ਕਿ ਚੂੜੀਆਂ ਦਾ ਔਰਤ ਨਾਲ ਜਨਮ ਤੋਂ ਲੈ ਕੇ ਆਖ਼ਰੀ ਸਾਹ ਤਕ ਦਾ ਰਿਸ਼ਤਾ ਹੈ। ਇਸ ਸੁਹਾਗ ਦੇ ਗਹਿਣੇ ਨੂੰ ਔਰਤਾਂ ਵੱਲੋਂ ਬੜੇ ਚਾਵਾ ਨਾਲ ਪਹਿਨਿਆ ਜਾਂਦਾ ਹੈ।

**ਤਿੱਥ-ਤਿਉਹਾਰ ਦੇ ਦਿਨਾਂ ਵਿਚ ਕੁੜੀਆਂ, ਔਰਤਾਂ, ਅਤੇ ਵੱਡੀ ਉਮਰ ਦੀਆਂ ਔਰਤਾਂ ਵੀ ਬੜੇ ਹੀ ਚਾਵਾਂ ਨਾਲ ਰੰਗ-ਬਰੰਗੀਆਂ ਚੂੜੀਆਂ ਪਾਉਂਦੀਆਂ ਹਨ..**

ਕੋਈ ਸਮਾਂ ਹੁੰਦਾ ਸੀ ਸਾਡਾ ਸਮਾਜ ਮਰਦ ਪ੍ਰਧਾਨ ਮੰਨਿਆ ਜਾਂਦਾ ਸੀ। ਇਸ ਕਰਕੇ ਉਨ੍ਹਾਂ ਸਮਿਆਂ ਦੀਆਂ ਕਹਾਵਤਾਂ ਵਿਚ ਵੀ ਔਰਤਾਂ ਨੂੰ ਕਮਜ਼ੋਰ ਦਿਖਾਉਣ ਦੀ ਕੋਸ਼ਿਸ ਕੀਤੀ ਜਾਂਦੀ ਸੀ। ਜਿਵੇਂ ਜੇਕਰ ਕੋਈ ਵਿਅਕਤੀ ਵਿਰੋਧੀ ਨੂੰ ਲਲਕਾਰੇ ਤਾਂ ਅੱਗੇ ਦੂਜੀ ਧਿਰ ਵਾਲਾ ਵੀ ਉਸ ਨੂੰ ਠੋਕਵਾਂ ਜਵਾਬ ਦਿੰਦੇ ਹੋਏ ਕਹਿੰਦਾ 'ਆ ਜਾ ਫਿਰ ਅਸੀਂ ਕਿਹੜਾ ਚੂੜੀਆਂ ਪਾਈਆਂ ਹੋਈਆਂ ਨੇ।' ਔਰਤਾਂ ਦੇ ਇਸ ਸ਼ਿੰਗਾਰ ਦੇ ਗਹਿਣੇ ਨੂੰ ਲਗਪਗ ਸਾਰੇ ਹੀ ਦੇਸ਼ਾਂ ਵਿਚ ਪਹਿਨਿਆ ਜਾਂਦਾ ਹੈ।

ਚੂੜੀਆਂ ਹਾਥੀ ਦੰਦ, ਸੋਨੇ, ਲਾਖ, ਪਿੱਤਲ, ਪਲਾਸਟਿਕ ਅਤੇ ਕੱਚ ਦੀਆਂ ਵੱਖ-ਵੱਖ ਰੰਗਾਂ ਵਿਚ ਤਕਰੀਬਨ ਹਰੇਕ ਤਿਉਹਾਰ ਅਤੇ ਖ਼ੁਸ਼ੀ ਦੇ ਕਾਰਜ ਮੌਕੇ ਪਹਿਨੀਆ ਜਾਂਦੀਆਂ ਹਨ। ਕਰਵਾ ਚੌਥ ਕੇਵਲ ਔਰਤਾਂ ਦਾ ਹੀ ਤਿਉਹਾਰ ਮੰਨਿਆ ਜਾਂਦਾ ਹੈ। ਇਸ ਤਿਹਾਉਰ ਦੇ ਦਿਨ ਨੌਜਵਾਨ ਕੁੜੀਆਂ, ਔਰਤਾਂ, ਅਤੇ ਵੱਡੀ ਉਮਰ ਦੀਆਂ ਔਰਤਾਂ ਬੜੇ ਹੀ ਚਾਵਾਂ ਨਾਲ ਚੂੜੀਆਂ ਪਾਉਂਦੀਆਂ ਹਨ। ਸੱਜ-ਧੱਜ ਕੇ ਤਿਆਰ ਹੋਈ ਮੁਟਿਆਰ ਬੇਧਿਆਨ ਹੋਏ ਆਪਣੇ ਮਾਹੀ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਆਪਣੀਆਂ ਬਾਹਾਂ ਵਿਚ ਪਾਈਆਂ ਚੂੜੀਆਂ ਨੂੰ ਰੁਮਾਂਟਿਕ ਅਜਿਹੇ ਅੰਦਾਜ਼ 'ਚ ਛਣਕਾਉਂਦੀ ਹੈ, ਇਸ ਦ੍ਰਿਸ਼ ਨੂੰ ਦਰਸਾਉਂਦੇ ਬੋਲ ਕਿਸੇ ਗੀਤਕਾਰ ਨੇ ਬਹੁਤ ਵਧੀਆਂ ਢੰਗ ਨਾਲ ਇਸ ਤਰ੍ਹਾਂ ਪੇਸ ਕੀਤੇ ਹਨ :

ਵੰਗਾਂ ਨੂੰ ਛੰਣਕਾਂ
ਮੈਂ ਛੇੜਾਂ ਮਾਹੀਏ ਨੂੰ...

ਗਲੀ ਵਿਚ ਚੂੜੀਆਂ ਵੇਚਦੇ ਬਣਜਾਰੇ ਨੂੰ ਦੇਖ ਕੇ ਭਾਬੀ ਦਾ ਲਾਡਲਾ ਦਿਉਰ ਬਾਹੋ-ਦਾਹੀ ਦੌੜਦਾ ਹੋਇਆਂ ਘਰ ਬੈਠੀ ਆਪਣੀ ਭਾਬੋ ਰਾਣੀ ਨੂੰ ਚੂੜੀਆਂ ਚੜ੍ਹਾਉਣ ਲਈ ਕਹਿੰਦਾ ਹੈ। ਇਸ ਨੂੰ ਪੰਜਾਬ ਦੇ ਲੋਕ ਗੀਤ ਦੀਆਂ ਇਹ ਸਤਰਾਂ ਵੀ ਦਰਸਾਉਂਦੀਆਂ ਹਨ।

ਆ ਗਿਆ ਵਣਜਾਰਾ ਨੀ
ਚੜ੍ਹਾ ਲੈ ਭਾਬੀ ਚੂੜੀਆਂ...

ਸਾਡੇ ਅਮੀਰ ਪੰਜਾਬੀ ਸੱਭਿਆਚਾਰ ਵਿਚ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੇ ਅਨੇਕਾਂ ਗੀਤ ਬੋਲੀਆਂ ਸੁਣਨ ਨੂੰ ਮਿਲਦੇ ਹਨ।

-ਆਏ ਵਣਜਾਰੇ ਕੋਲੋਂ
ਚੂੜੀਆਂ ਮੈਂ ਚੜ੍ਹਾਉਂਦੀ ਏ
ਪਿਛਲੀ ਚੂੜੀ ਚੁੰਭਦੀ ਏ
ਬੀਬੀ ਨੰਨਦੇ ਨੀ ਤੇਰੀ ਪੁੱਗਦੀਏ...
-ਸਹੁਰੇ ਕੋਲੋ ਸੰਗਾਂ
ਪਤਿਓਰੇ ਕੋਲੋ ਸੰਗਾਂ
ਜੇਠਾ ਵੇਂ ਦੇ ਦੇ ਪੰਜ ਰੁਪਏ
ਮੈਂ ਚੜ੍ਹਾਉਣੀਆਂ ਨੇ ਵੰਗਾਂ...

ਇਹ ਸਭ ਤਾਂ ਖ਼ੁਸ਼ੀਆਂ ਦੇ ਪ੍ਰਤੀਕ ਗੀਤ ਬੋਲੀਆਂ ਆਪਾ ਆਮ ਸੁਣਦੇ ਆ ਰਹੇ ਹਾਂ। ਕਈ ਵਾਰ ਜੇ ਕੋਈ ਅਣਹੋਣੀ ਘਟਨਾ ਵਾਪਰ ਜਾਂਦੀ ਹੈ ਕਿਉਂਕਿ ਮੌਤ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ, ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਕੋਈ ਵੀ ਮੁਟਿਆਰ ਵਿਧਵਾ ਨਾ ਹੋਵੇ, ਅਚਾਨਕ ਜੇਕਰ ਕਦੇ ਅਜਿਹੀ ਅਣ-ਹੋਣੀ ਘਟਨਾ ਵਾਪਰ ਜਾਂਦੀ ਹੈ ਤਾਂ ਵਡੇਰੀ ਉਮਰ ਦੀਆਂ ਔਰਤਾਂ ਪੀੜ੍ਹਤ ਔਰਤ ਦੇ ਸਾਰੇ ਗਹਿਣੇ ਉਤਾਰ ਦਿੰਦੀਆਂ ਹਨ ਅਤੇ ਉਸ ਦੇ ਹੱਥਾਂ ਵਿਚ ਪਾਈਆਂ ਚੂੜੀਆਂ ਨੂੰ ਤੋੜ ਦਿੰਦੀਆਂ ਹਨ। ਇਹ ਦੁਖਦਾਈ ਦ੍ਰਿਸ਼ ਨੂੰ ਦੁਰਸਾਉਂਦੀਆਂ ਕੁੱਝ ਲਾਇਨਾਂ : ਤੋੜ ਚੂੜੀਆਂ ਪਰਾਂ ਸੁੱਟ ਗਹਿਣੇ, ਤੈਂਥੋ ਤੇਰਾ ਰੱਬ ਰੁੱਸਿਆ। ਉਸ ਪਰਮਾਤਮਾਂ ਅੱਗੇ ਅਰਦਾਸ ਹੈ ਇਹ ਦੁੱਖਾਂ ਦੀ ਘੜੀ ਕਿਸੇ ਵੀ ਮੁਟਿਆਰ 'ਤੇ ਨਾ ਆਵੇ। ਰੰਗ-ਬਰੰਗੀਆਂ ਇਹ ਚੂੜੀਆਂ ਦੁਨੀਆ ਦੀ ਹਰ ਔਰਤ ਦੇ ਹੱਥਾਂ ਦਾ ਸ਼ਿਗਾਰ ਬਣੀਆਂ ਰਹਿਣ ਅਤੇ ਦੁਨੀਆ ਦੀ ਹਰ ਔਰਤ ਦਾ ਸੁਹਾਗ ਬਣਿਆ ਰਹੇ।

• ਸੁਖਵਿੰਦਰ ਸਿੰਘ ਭਾਦਲਾ

98158-69735

## ਤੰਦੂਰ ਨੂੰ ਕਈ ਘਰਾਂ ਦੀਆਂ ਸੁਆਣੀਆਂ ਰਲ਼ ਕੇ ਆਪਣੇ ਹੱਥੀ ਬਣਾਉਂਦੀਆਂ ਸਨ ਜੋ ਵੱਡੇ ਖੋਲ ਵਾਲਾ ਗੋਲ ਅਕਾਰ ਦਾ ਥੱਲੇਓਂ ਚੌੜਾ ਤੇ ਉੱਪਰੋਂ ਘੱਟ ਚੌੜਾ ਹੁੰਦਾ ਸੀ...

ਜਸਕਰਨ ਲੰਡੇ



# ਸਾਂਝਾ ਚੁੱਲ੍ਹਾ ਹੁੰਦਾ ਸੀ ਤੰਦੂਰ

ਇਨਸਾਨੀ ਚੇਤਿਆਂ 'ਤੋਂ ਤੰਦੂਰ ਲਗਪਗ ਵਿਸਰ ਚੁੱਕਾ ਹੈ। ਜੋ ਕਦੇ ਹਰੇਕ ਮੁਹੱਲੇ ਦੇ ਪਿਆਰ ਨੂੰ ਆਪਣੇ ਵਿਚ ਸਮੋਈ ਬੈਠਾ ਸੀ। ਇਸ ਨੂੰ ਕਈ ਘਰਾਂ ਦੀਆਂ ਸੁਆਣੀਆਂ ਰਲ਼ ਕੇ ਆਪਣੇ ਹੱਥੀ ਬਣਾਉਂਦੀਆਂ ਸਨ। ਜੋ ਵੱਡੇ ਖੋਲ ਵਾਲਾ ਗੋਲ ਅਕਾਰ ਦਾ ਥੱਲੇਓਂ ਚੌੜਾ ਤੇ ਉੱਪਰੋਂ ਘੱਟ ਚੌੜਾ ਹੁੰਦਾ ਸੀ। ਜਿਸ ਨੂੰ ਔਰਤਾਂ ਆਪਣੇ ਹੱਥੀ ਤਿਆਰ ਕਰਦੀਆਂ ਸਨ। ਇਸ ਖੋਲ ਵਿਚ ਕੱਖ ਫੂਸ ਤੇ ਛਿਟੀਆਂ ਦੀ ਅੱਗ ਮਚਾਈ ਜਾਂਦੀ ਸੀ ਇਸ ਨੂੰ ਤਪਣ ਲਈ ਥੋੜ੍ਹਾ ਟਾਈਮ ਲੱਗਦਾ ਸੀ, ਫਿਰ ਇਸ ਵਿਚ ਪੰਦਰਾਂ ਵੀਹ ਰੋਟੀਆ ਇਕੱਠੀਆ ਹੀ ਲਾ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਹ ਕੁਝ ਸਮੇਂ ਵਿਚ ਹੀ ਇਕ ਦੋ ਘਰਾਂ ਦੀਆਂ ਰੋਟੀਆਂ ਲਹਾਉਣ ਦੇ ਸਮਰੱਥ ਸੀ। ਇਸ ਤਰ੍ਹਾਂ ਇਕ ਵਾਰ ਗਰਮ ਹੋਣ ਬਾਅਦ ਇਹ ਥੋੜ੍ਹੇ ਅਜਿਹੇ ਬਾਲਣ ਨਾਲ ਫਿਰ ਤੋਂ ਗਰਮ ਹੋ ਜਾਂਦਾ ਸੀ। ਇਹ ਕਈ ਘਰਾਂ ਦਾ ਸਾਂਝਾ ਚੁੱਲ੍ਹਾ ਹੁੰਦਾ ਸੀ। ਇਸ ਵਿਚ ਕਈ ਘਰਾਂ ਦੀਆਂ ਔਰਤਾਂ ਥੋੜ੍ਹਾ-ਥੋੜ੍ਹਾ ਬਾਲਣ ਇਕੱਠਾ ਕਰ ਕੇ ਪਾਉਂਦੀਆਂ ਤੇ ਆਪੋ ਆਪਣੀਆਂ ਰੋਟੀਆਂ ਇਸ ਵਿਚ ਲਾ ਕੇ ਘਰੋਂ ਘਰੀ ਲੈ ਜਾਂਦੀਆਂ ਸਨ। ਕਈ ਵਾਰ ਤਾਂ ਇਕ ਔਰਤ ਹੀ ਦੋ ਤਿੰਨ ਘਰਾਂ ਦੀਆਂ ਰੋਟੀਆਂ ਲਾ ਦਿੰਦੀ ਸੀ। ਇਕ ਉਸ ਵਿਚ ਅੱਗ ਮਚਾਉਂਦੀ ਦੂਜੀ ਪੇੜੇ ਕਰਦੀ ਇਸ ਤਰ੍ਹਾਂ ਰਲ ਮਿਲ ਹੱਸ ਖੇਡ ਕੇ ਔਰਤਾਂ ਰੋਟੀ ਪਕਾਉਂਦੀਆਂ ਸਨ। ਜਿਸ ਘਰ ਵਿਚ ਬਾਲਣ ਨਹੀਂ ਵੀ ਸੀ ਹੁੰਦਾ ਉਹ ਵੀ ਆਪਣੀ ਰੋਟੀ ਤੰਦੂਰ 'ਤੇ ਦੂਜੇ ਦੇ ਬਾਲਣ ਨਾਲ ਹੀ ਲਾਹਕੇ ਲੈ ਜਾਂਦੀ ਸੀ। ਉਸ ਸਮੇਂ ਲੋਕਾਂ ਵਿਚ ਮੋਹ ਮਹੱਬਤ ਬਹੁਤ ਸੀ। ਰੋਟੀ ਤੰਦੂਰ ਵਿਚ ਲਾਉਣੀ ਹੱਥ 'ਤੇ ਕੱਪੜਾ ਲੈ ਕੇ ਤੰਦੂਰ ਵਿੱਚੋਂ ਰੋਟੀ ਕੱਢਣੀ ਬਹੁਤ ਹੀ ਕਲਾਕਾਰੀ ਭਰੀਆ ਕੰਮ ਸੀ। ਹੁਣ ਤਾਂ ਇਕ ਟੱਬਰ ਦੀ ਰੋਟੀ ਵੀ ਇਕੱਠੀ ਨਹੀਂ ਪੱਕਦੀ ਸਾਰੇ ਮੁਹੱਲੇ ਦੀ ਪੱਕਣੀ ਤਾਂ ਬਹੁਤ ਦੂਰ ਦੀ ਗੱਲ ਹੈ। •

**ਕਦੇ ਤੰਦੂਰ ਭਾਈਚਾਰਕ ਸਾਂਝ ਦਾ ਪ੍ਰਤੀਕ ਹੋਇਆ ਕਰਦਾ ਸੀ। ਇਸ 'ਤੇ ਸਾਰੇ ਮੁਹੱਲੇ ਦੀਆਂ ਔਰਤਾਂ ਇਕੱਠੀਆਂ ਹੁੰਦੀਆਂ ਸਨ...**

94171-03413

ਸੁਖਚੈਨ ਸਿੰਘ (ਯੂਏਈ)

# ਸਾਹੇ ਚਿੱਠੀ ਭੇਜਣਾ

ਤਰੱਕੀ ਕਰਨਾ ਚੰਗੀ ਗੱਲ ਹੈ ਪਰ ਇਸ ਦੇ ਨਾਲ-ਨਾਲ ਆਪਣੇ ਸੱਭਿਆਚਾਰ ਤੇ ਵਿਰਾਸਤ ਭਾਵ ਆਪਣੇ ਵੱਡਿਆਂ ਦੇ ਬਣਾਏ ਰੀਤੀ ਰਿਵਾਜਾਂ ਨੂੰ ਯਾਦ ਰੱਖਣਾ ਵੀ ਜ਼ਰੂਰੀ ਹੈ। ਆਉ ਅੱਜ ਯਾਦ ਕਰੀਏ ਵਿਆਹ ਕਾਰਜ ਦੇ ਸਬੰਧੀ। ਪਹਿਲਾਂ ਜਦੋਂ ਕਿਤੇ ਵਿਆਹ ਦਾ ਸੁਨੇਹਾ ਭੇਜਣਾ ਹੁੰਦਾ ਤਾਂ ਇਕ ਕਾਗਜ਼ ਦੇ ਟੁਕੜੇ ਉੱਤੇ ਪੰਜਾਬੀ ਵਿਚ ਸੋਹਣੇ ਪਿਆਰ ਭਰੇ ਅੱਖਰ ਲਿਖ ਕੇ ਉੱਪਰ ਹਲਦੀ ਲਗਾ ਕੇ ਮੁੰਡੇ ਦੇ ਸਹੁਰਿਆ ਵੱਲ ਤੋਰ ਦਿੱਤਾ ਜਾਂਦਾ ਪਰ ਹੁਣ ਕੰਪਿਊਟਰ ਯੁੱਗ ਹੋਣ ਕਰਕੇ ਹਜ਼ਾਰਾਂ ਹੀ ਕਾਰਡ ਪਲਾਂ ਵਿਚ ਛਾਪ ਕੇ ਕੰਮ ਨਿਬੇੜਿਆ ਜਾਂਦਾ ਹੈ। ਸੋ ਪਹਿਲਾਂ ਸਾਹੇ ਚਿੱਠੀ ਆਪਣੇ ਵੱਡ-ਵਡੇਰੇ ਆਪਣੀ ਸਮਝ ਨਾਲ ਬਹੁਤ ਪਿਆਰ ਤੇ ਨਿੱਘ ਵਾਲੇ ਬੋਲ ਦਿਲੋਂ ਲਿਖ ਕੇ ਭੇਜਦੇ ਸਨ। ਇਸ ਨਾਲ ਰਿਸ਼ਤੇ ਮਜ਼ਬੂਤ ਹੁੰਦੇ। ਆਪਸ ਵਿਚ ਮਿਲਣ ਦੀ ਤਾਂਘ ਰਹਿੰਦੀ। ਅੱਜ ਕੱਲ੍ਹ ਮਸ਼ੀਨੀ ਚਿੱਠੀਆਂ, ਕਾਰਡ ਹੋ ਗਏ ਤੇ ਮਸ਼ੀਨੀ ਪਿਆਰ ਮੋਬਾਈਲ ਹੋ ਗਿਆ।

ਪਹਿਲਾਂ ਲੋਕ ਚਿੱਠੀ ਲਿਖਦੇ ਹਨ, 'ਲਿਖਤਮ ਧੰਨਾ ਸਿੰਘ ਅੱਗੇ ਮਿਲੇ ਭਾਈ ਝੰਡਾ ਸਿੰਘ ਜੀ। ਸਾਰੇ ਪਰਿਵਾਰ। ਪਿਆਰ ਭਰੀ ਸਤਿ ਸ੍ਰੀ ਆਕਾਲ ਉਮੀਦ ਕਰਦਾ ਹਾਂ ਕਿ ਆਪ ਦਾ ਸਾਰਾ ਪਰਿਵਾਰ ਰਾਜ਼ੀ ਖ਼ੁਸ਼ੀ ਹੋਵੇਗਾ। ਅੱਗੇ ਸਮਾਚਾਰ ਇਹ ਹੈ ਕੇ ਸਾਡੇ ਸਪੁੱਤਰ ਮੱਘਰ ਸਿੰਘ ਦਾ ਵਿਆਹ ਝੰਡਾ ਸਿੰਘ ਦੀ ਸਪੁੱਤਰੀ ਨਸੀਬ ਕੌਰ ਨਾਲ ਹੋਣਾ ਨੀਯਤ ਹੋਇਆ ਹੈ। ਦਿਨ ਐਤਵਾਰ 24 ਮੱਘਰ (10 ਜਨਵਰੀ) 1980 ਸੋ ਇਸ ਸੁਭਾਗੇ ਤੇ ਖ਼ੁਸ਼ੀਆਂ ਭਰੇ ਮੌਕੇ ਤੇ ਸਾਡੇ ਗ੍ਰਿਹ ਵਿਖੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ। ਆਪ ਜੀ ਦੀ ਉਡੀਕ ਵਿਚ ਧੰਨਾ ਸਿੰਘ ਤੇ ਸਾਰਾ ਪਰਿਵਾਰ।' ਇਹ ਚਿੱਠੀ ਦੋਵੇਂ ਪਰਿਵਾਰਾਂ ਦਾ ਮੇਲ ਕਰਾਉਣ ਵਾਲੇ ਖ਼ਾਸ ਬੰਦੇ ਜਾਣੀ ਵਿਚੋਲੇ ਦੇ ਹੱਥ ਭੇਜੀ ਜਾਂਦੀ। ਇਸ ਚਿੱਠੀ ਦੀ ਉਡੀਕ ਸਾਰੇ ਟੱਬਰ ਨੂੰ ਹੁੰਦੀ। ਜਦ ਇਹ ਚਿੱਠੀ ਮਿਲਦੀ ਤਾਂ ਸਾਰੇ ਭੈਣ ਭਰਾਵਾਂ ਤੇ ਸਕੇ ਸਬੰਧੀਆਂ ਦੇ ਵਿਚ ਬੈਠ ਕੇ ਪੜ੍ਹੀ ਜਾਂਦੀ ਪਰ ਇਹ ਚਿੱਠੀ ਹੁਣ ਇਕ ਮਸ਼ੀਨੀ ਕਾਰਡ ਬਣ ਕੇ ਰਹਿ ਗਈ ਹੈ।




**ਪਹਿਲਾਂ ਵਿਆਹ ਦਾ ਸਨੇਹਾ ਕਾਗਜ਼ ਦੇ ਟੁਕੜੇ ਉੱਤੇ ਪਿਆਰ ਭਰੇ ਅੱਖਰ ਲਿਖ ਕੇ, ਹਲਦੀ ਲਗਾ ਕੇ, ਮੁੰਡੇ ਦੇ ਸਹੁਰਿਆਂ ਵੱਲ ਤੋਰ ਦਿੱਤਾ ਜਾਂਦਾ ...**

00971527632924

ਹਰਪ੍ਰੀਤ

# ਆਪਸੀ ਸਬੰਧਾਂ 'ਚ ਆ ਰਿਹਾ ਫ਼ਰਕ



ਹਰ ਇਨਸਾਨ ਦਾ ਦੂਜੇ ਤੋਂ ਕਿਨਾਰਾ ਕਰਨ ਦਾ ਰਿਵਾਜ ਬਣਦਾ ਜਾ ਰਿਹਾ ਹੈ। ਇਸ ਦਾ ਅਸਰ ਸਾਰੇ ਰਿਸ਼ਤਿਆ 'ਤੇ ਦੇਖਣ ਨੂੰ ਮਿਲਦਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਪਤੀ-ਪਤਨੀ, ਭੈਣ-ਭਰਾਵਾਂ ਦੇ ਰਿਸ਼ਤੇ 'ਚ ਦੇਖਣ ਨੂੰ ਮਿਲਦਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਨਾਤੇ ਇਸ ਨਾਲ ਜੁੜਿਆ ਹੋਇਆ ਹੈ ਪਰ ਸਮਾਜਿਕ ਤਬਦੀਲੀਆਂ ਨਾਲ ਰਿਸ਼ਤਿਆਂ 'ਚ ਵੀ ਬਹੁਤ ਤਬਦੀਲੀ ਆਈ ਹੈ। ਜਿਸ ਕਰਕੇ ਰਿਸ਼ਤੇ ਨਿਘਰਦੇ ਜਾ ਰਹੇ ਹਨ। ਕੁਝ ਰਿਸ਼ਤੇ ਕਿਸੇ ਲੋੜ ਦੀ ਪੂਰਤੀ, ਮਜ਼ਬੂਰੀ ਜਾ ਡਰ ਕਰਕੇ ਜੁੜੇ ਰਹਿੰਦੇ ਹਨ। ਰਿਸ਼ਤਿਆ ਦੇ ਇਸ ਨਕਲੀਪਨ ਕਰਕੇ ਜ਼ਮੀਨਾਂ ਜਾਇਦਾਦਾ ਤੇ ਪੈਸੇ ਲਈ ਭਰਾ ਆਪਣੇ ਹੀ ਭਰਾ ਜਾਂ ਭੈਣ ਨੂੰ ਮਾਰਨ ਤੋਂ ਸੰਕੋਚ ਨਹੀ ਕਰਦਾ। ਪਤੀ -ਪਤਨੀ ਦੇ ਰਿਸ਼ਤੇ 'ਚ ਲਾਲਚ ਤੇ ਹੰਕਾਰ ਕਾਰਨ ਹੀ ਧੜਾਧੜ ਘਰ ਟੁੱਟ ਰਹੇ ਹਨ। ਪੁਰਾਣੇ ਸਮਿਆਂ ਵੱਲ ਝਾਤ ਮਾਰੀਏ ਤਾਂ ਲੋਕਾਂ ਦਾ ਜੀਵਨ ਪੱਧਰ ਨੀਵਾਂ ਸੀ। ਗ਼ਰੀਬੀ ਇੰਨੀ ਸੀ ਕਿ ਮੁੱਢਲੀਆਂ ਲੋੜਾਂ ਵੀ ਨਹੀ ਸਨ ਪੂਰੀਆਂ ਹੰਦੀਆਂ ਪਰ ਰਿਸ਼ਤੇ ਇੰਨੇ ਗੂੜੇ ਹੁੰਦੇ ਸੀ ਕਿ ਹਰ ਦੁੱਖ ਦਾ ਰੰਗ ਫਿੱਕਾ ਕਰ ਦਿੰਦੇ ਸੀ। ਉਦੋਂ ਲੋਕ ਪੜ੍ਹੇ ਲਿਖੇ ਨਹੀ ਸਨ ਪਰ ਫਿਰ ਵੀ ਦਿਲਾਂ 'ਚ ਪਿਆਰ ਦਾ ਦਰਿਆ ਵਗਦਾ ਸੀ। ਜਿਉਂ-ਜਿਉਂ ਪੜ੍ਹਾਈ ਲਿਖਾਈ ਦਾ ਪਸਾਰਾ ਵਧਿਆ ਉਵੇਂ ਹੀ ਰਿਸ਼ਤੇ ਇਸ ਕਦਰ ਰੋਲੇ ਗਏ ਕਿ ਬੱਚਿਆਂ ਨੂੰ ਇਸ ਦੀ ਕੀਮਤ ਤੇ ਮੋਹ ਦਾ ਪਤਾ ਹੀ ਨਹੀਂ ਰਿਹਾ। ਪੜ੍ਹਨਾ -ਲਿਖਣਾ ਬਹੁਤ ਚੰਗੀ ਗੱਲ ਹੈ ਜੋ ਜੀਵਨ ਜਾਚ ਸਿਖਾਉਂਦਾ ਹੈ।

ਕਦੇ ਵਕਤ ਸੀ ਜਦੋ ਘਰ ਵਿਚ ਦਸ ਜੀਅ ਹੁੰਦੇ ਸਨ ਪਰ ਕਮਰਾ ਇਕ ਜਾਂ ਦੋ। ਹੁਣ ਘਰ 'ਚ ਜੀਅ ਦੋ ਹਨ ਕਮਰੇ ਪੰਜ। ਸਾਰੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਹਨ ਪਰ ਇਨਸਾਨ ਮਾਨਸਿਕ ਤੌਰ 'ਤੇ ਉਦਾਸ ਹੈ। ਦੌੜ -ਭੱਜ ਦੀ ਜ਼ਿੰਦਗੀ 'ਚ ਇਨਸਾਨ ਸਵੇਰ ਤੋਂ ਸ਼ਾਮ ਤਕ ਮਸ਼ੀਨ ਵਾਂਗ ਵਿਚਰਦਾ ਹੈ। •

# ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਤੇ ਸਪੋਰਟਸ ਯੂਨੀਵਰਸਿਟੀ ਦੇ ਵੀ.ਸੀ. ਵੱਲੋਂ ਖੇਡ ਸੱਭਿਆਚਾਰ ਪ੍ਰਫੁਲਤ ਕਰਨ ਬਾਰੇ ਚਰਚਾ



ਐਮ.ਪੀ. ਵਿਕਰਮਜੀਤ ਸਿੰਘ ਸਾਹਨੀ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜੇ.ਐਸ. ਚੀਮਾ (ਸੇਵਾ ਮੁਕਤ ਲੈਫ. ਜਨ.) ਨਾਲ ਮੁਲਾਕਾਤ ਕਰਨ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਹੈ ਕਿ ਖੇਡਾਂ ਤੇ ਖਿਡਾਰੀਆਂ ਨੂੰ ਪ੍ਰਫੁਲਤ ਕਰਨ ਲਈ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੀ ਤਰ੍ਹਾਂ ਨਾਲ ਆਪਣੀ ਵਚਨਬੱਧਤਾ ਨਿਭਾ ਰਹੀ ਹੈ। ਉਹ ਇੱਥੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜੇ.ਐਸ. ਚੀਮਾ (ਸੇਵਾ ਮੁਕਤ ਲੈਫ. ਜਨ.) ਨਾਲ ਮੁਲਾਕਾਤ ਕਰਨ ਮੌਕੇ ਖੇਡ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਮਿਆਰ ਦੀ ਯੂਨੀਵਰਸਿਟੀ ਵਜੋਂ ਵਿਕਸਤ ਕਰਨ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ ਵਿਕਸਤ ਕਰਨ ਬਾਬਤ ਵਿਚਾਰਾਂ ਕਰ ਰਹੇ ਸਨ। ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਇਸ ਯੂਨੀਵਰਸਿਟੀ ਵਿੱਚ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਪਕੁਲਪਤੀ ਡਾ. ਜੇ.ਐਸ. ਚੀਮਾ ਨੇ ਉਨ੍ਹਾਂ ਨੂੰ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਕੈਲੰਡਰ, ਖੇਡਾਂ ਬਾਬਤ ਕੀਤੇ ਜਾ ਰਹੇ ਯਤਨਾਂ ਤੋਂ ਜਾਣੂ ਕਰਵਾਇਆ ਅਤੇ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਤੋਂ ਫੰਡ ਦਿਵਾਉਣ ਲਈ ਕੀਤੀ ਜਾਣ ਵਾਲੀ ਚਾਰਾਜਾਈ ਬਾਰੇ ਵੀ ਦੱਸਿਆ। ਐਮ.ਪੀ. ਸਾਹਨੀ ਨੇ ਉਪਕੁਲਤੀ ਜੇ.ਐਸ. ਚੀਮਾ ਨਾਲ ਗੱਲਬਾਤ ਮੌਕੇ ਪੰਜਾਬ ਦੇ ਨੌਜਵਾਨਾਂ ਦੀ ਫ਼ੌਜ ਵਿੱਚ ਭਰਤੀ, ਖਾਸ ਕਰਕੇ ਅਗਨੀਵੀਰ ਦੀ ਭਰਤੀ ਵਿੱਚ ਮਦਦ ਕਰਨ ਵਜੋਂ ਖੇਡ ਯੂਨੀਵਰਸਿਟੀ ਨੂੰ ਇੱਕ ਜ਼ਿੰਮੇਵਾਰ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਲੈਫ.ਜਨ. ਜੇ.ਐਸ. ਚੀਮਾ ਨੇ ਐਮ.ਪੀ. ਸਾਹਨੀ ਨੂੰ ਸੂਬੇ ਦੇ ਖਿਡਾਰੀਆਂ ਅਤੇ ਭਾਰਤੀ ਫ਼ੌਜ ਵਿੱਚ ਪੰਜਾਬੀਆਂ ਵੱਲੋਂ ਪਾਏ ਯੋਗਦਾਨ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਯੂਨੀਵਰਸਿਟੀ ਵੱਲੋਂ ਰਾਜ ਸਭਾ ਮੈਂਬਰ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਕਾਰਜਕਾਰੀ ਰਜਿਸਟਰਾਰ ਪ੍ਰੋ. ਅਭਿਨਵ ਆਹਲੂਵਾਲੀਆ ਵੀ ਮੌਜੂਦ ਸਨ।

# ਪੀਐੱਫ 'ਕਲੇਮ' ਨੂੰ ਰੱਦ ਕਰਨ ਦੀ ਦਰ 'ਚ ਵਾਧਾ, ਈਪੀਐੱਫਓ ਦੀਆਂ ਨੀਤੀਆਂ ਅਸੰਵੇਦਨਸ਼ੀਲ: ਕਾਂਗਰਸ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਅੱਜ ਦਾਅਵਾ ਕੀਤਾ ਹੈ ਕਿ ਪ੍ਰਾਵੀਡੈਂਟ ਫੰਡ ਦੇ ਦਾਅਵਿਆਂ ਨੂੰ ਰੱਦ ਕਰਨ ਦੀ ਦਰ ਵਧੀ ਹੈ ਅਤੇ ਇਸ ਦਾ ਵੱਡਾ ਕਾਰਨ ਕਰਮਚਾਰੀ ਭਵਿੱਖ ਨਿਧੀ ਸੰਗਠਨ (ਈਪੀਐੱਫਓ) ਵੱਲੋਂ ਲਾਗੂ ਕੀਤੀ ਆਨਲਾਈਨ ਪ੍ਰਣਾਲੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਦੋਸ਼ ਲਾਇਆ ਕਿ ਈਪੀਐੱਫਓ ਦੀਆਂ ਅਸੰਵੇਦਨਸ਼ੀਲ ਨੀਤੀਆਂ ਕਾਰਨ ਕਈ ਸੇਵਾਮੁਕਤ ਮੁਲਾਜ਼ਮਾਂ ਨੂੰ ਖੁਦਕੁਸ਼ੀ ਵਰਗਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਸ੍ਰੀ ਰਮੇਸ਼ ਨੇ ਐਕਸ 'ਤੇ ਪੋਸਟ 'ਚ ਦਾਅਵਾ ਕੀਤਾ ਕਿ ਮਜ਼ਦੂਰ ਆਪਣੀ ਮਿਹਨਤ ਦੀ ਕਮਾਈ ਪ੍ਰਾਪਤ ਕਰਨ ਵਿੱਚ ਅਸਮਰੱਥ ਹਨ।

ਈਪੀਐੱਫਓ ਸਰਕਾਰੀ ਸੰਸਥਾ ਹੈ ਜੋ ਭਾਰਤ ਦੇ ਕਾਮਿਆਂ ਲਈ ਪ੍ਰਾਵੀਡੈਂਟ ਫੰਡ ਦਾ ਪ੍ਰਬੰਧਨ ਕਰਦੀ ਹੈ। ਇਸ 'ਚ ਪ੍ਰਾਵੀਡੈਂਟ ਫੰਡ (ਪੀਐੱਫ) ਦਾਅਵਿਆਂ ਦੇ ਅੰਤਿਮ ਨਿਬੇੜੇ ਲਈ ਅਸਵੀਕਾਰ ਦਰ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਲਗਪਗ ਤਿੰਨ ਵਿੱਚੋਂ ਇੱਕ ਦਾਅਵੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ 2017-18 ਦੇ ਮੁਕਾਬਲੇ 13 ਫੀਸਦੀ ਵੱਧ ਹੈ। ਇਸ ਦਾ ਮੁੱਖ ਕਾਰਨ ਆਨਲਾਈਨ ਪ੍ਰਣਾਲੀ ਹੈ।

# ਆਮ ਪਾਰਟੀ ਵਲੰਟੀਅਰ ਗੁਰਪ੍ਰੀਤ ਸਿੰਘ ਉਰਫ ਗੋਪੀ ਦੀ ਗੋਲੀਆ ਮਾਰ ਕੇ ਹੱਤਿਆ



**ਤਰਨਤਾਰਨ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਅੰਦਰ ਆਮ ਪਾਰਟੀ ਦੇ ਵਲੰਟੀਅਰ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਚੋਹਲਾ ਸਾਹਿਬ ਦਾ ਅਜ ਮਾਣਯੋਗ ਅਦਾਲਤ ਸੁਲਤਾਨਪੁਰ ਲੋਧੀ ਵਿਖੇ ਤਰੀਕ ਪੇਸ ਹੋਣ ਵਾਸਤੇ ਜਾਦੇ ਰਸਤਾ ਵਿਚ ਪਿੰਡ ਫਤਿਆਬਾਦ ਰੇਲਵੇ ਫਾਟਕ ਬੰਦ ਹੋਣ ਕਾਰਨ ਆਪਣੀ ਕਾਰ ਸਾਈਡ ਖੜੀ ਸੀ ।ਪਿਛੋ ਦੋ ਵਿਅਕਤੀਆ ਸਵਿਫਟ ਕਾਰ ਸਵਾਰ ਵੱਲੋ ਪਹਿਲਾ ਕਾਰ ਉਪਰ ਗੋਲੀ ਚਲਾਉਂਦੇ ਹੋਏ ਮੋਕੇ ਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਉਪਰ ਤਿੰਨ ਗੋਲੀਆ ਮਾਰ ਕੇ ਮੌਕੇ ਤੇ ਮਾਰ ਕੇ ਫਰਾਰ ਹੋਣ ਵਿਚ ਸਫਲ ਹੋ ਗਾਏ ।ਦੂਜੇ ਪਾਸੇ ਘਟਨਾ ਦੀ ਸੂਚਨਾ ਮਿਲਦੇ ਹੀ ਤਰਨਤਾਰਨ ਐਸ ਐਸ ਪੀ ਅਸਵਨੀ ਕਪੂਰ ਪੁਲਿਸ ਫੋਰਸ ਸਮੇਤ ਮੌਕੇ ਤੇ ਪੁੱਜ ਲਾਸ਼ ਨੂੰ ਆਪਣੇ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਕਰਵਾਉਣ ਲਈ ਤਰਨਤਾਰਨ ਸਿਵਲ ਹਸਪਤਾਲ ਭੇਜ ਦਿੱਤੀ ਗਾਈ ਅਤੇ ਘਰ ਪ੍ਰਵਾਰ ਮੈਂਬਰ ਦੇ ਬਿਆਨਾ ਤੇ ਮਾਮਲਾ ਦਰਜ ਕਰ ਲਿਆ ਗਾਏ ।ਦੋਸ਼ੀਆਂ ਦੀ ਭਾਲ ਵਾਸਤੇ ਪੁਲਸ ਪਾਰਟੀ ਦੀਆ ਟੀਮਾ ਬਣ ਕੇ ਭਾਲ ਕੀਤੀ ਜਾ ਰਹੀ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਨੂੰ ਵਾਰਸਾ ਦੇ ਹਵਾਲੇ ਕੀਤੀ ਜਾਵੇਗੀ ਅਤੇ ਸੂਤਰਾ ਤੋ ਪਤਾ ਲਗਾ ਕਿ ਦੋਸੀ ਜਾਦੇ ਜਾਦੇ ਗੁਰਪ੍ਰੀਤ ਸਿੰਘ ਦਾ ਲਾਇਸਿਸ ਪਿਸਤੋਲ ਵੀ ਨਾਲ ਲੈ ਗਏ ਹਨ।

# ਪਟਿਆਲਾ ਜ਼ਿਲ੍ਹੇ 'ਚ ਫ਼ਸਲਾਂ ਦੀ ਰਹਿੰਦ-ਖੂੰਹਦ ਤੇ ਪਰਾਲੀ ਪ੍ਰਬੰਧਨ ਲਈ ਸਮਝੌਤਾ ਸਹੀਬੰਦ

## ਫ਼ਸਲੀ ਰਹਿੰਦ-ਖੂੰਹਦ ਸੰਭਾਲਣ ਲਈ ਪਟਿਆਲਾ 'ਚ ਸ਼ੁਰੂ ਹੋਵੇਗਾ ਪਾਇਲਟ ਪ੍ਰਾਜੈਕਟ: ਡੀ.ਸੀ.

**ਪਟਿਆਲਾ, 5 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨ ਸ਼ੌਕਤ ਅਹਿਮਦ ਪਰੈ ਦੀ ਮੌਜੂਦਗੀ ਵਿੱਚ ਪਰਾਲੀ ਤੇ ਫ਼ਸਲੀ ਰਹਿੰਦ-ਖੂੰਹਦ ਸੰਭਾਲਣ ਲਈ ਡੇਲਾਇਟ ਟੋਚੇ ਤੋਹਮਾਤਸੂ ਇੰਡੀਆ ਨਾਲ ਸਮਝੌਤਾ ਕਰਦੇ ਹੋਏ ਮੁੱਖ ਖੇਤੀਬਾੜੀ ਅਫ਼ਸਰ ਤੇ ਹੋਰ ਅਧਿਕਾਰੀ।

ਪਟਿਆਲਾ ਜ਼ਿਲ੍ਹੇ ਅੰਦਰ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਜ਼ੀਰੋ 'ਤੇ ਲਿਆਉਣ ਅਤੇ ਫ਼ਸਲੀ ਰਹਿੰਦ-ਖੂੰਹਦ ਸੰਭਾਲਣ ਲਈ ਡੀਲਾਇਟ ਕੰਪਨੀ ਨਾਲ ਇੱਕ ਸਮਝੌਤਾ ਸਹੀਬੰਦ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਦੀ ਮੌਜੂਦਗੀ 'ਚ ਡੇਲਾਇਟ ਟੋਚੇ ਤੋਹਮਾਤਸੂ ਇੰਡੀਆ ਦੇ ਕਾਰਜਕਾਰੀ ਡਾਇਰੈਕਟਰ ਵਿਵੇਕ ਮਿੱਤਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਇੱਕ ਫੈਸਿਲੀਟੇਟਿੰਗ ਏਜੰਸੀ ਵਜੋਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਸਮਝੌਤੇ ਉਪਰ ਦਸਤਖ਼ਤ ਕੀਤੇ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਟਿਆਲਾ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾ ਨੂੰ ਪੂਰੀ ਤਰ੍ਹਾਂ ਰੋਕਣ ਲਈ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਰਣਨੀਤੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਈ ਕਦਮ ਉਠਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਇਸ ਸਮਝੌਤੇ ਨੂੰ ਇੱਕ ਪਾਇਲਟ ਪ੍ਰਾਜੈਕਟ ਵਜੋਂ ਲਿਆ ਜਾਵੇਗਾ ਅਤੇ ਜੇਕਰ ਇਸ ਵਿੱਚ ਸਫ਼ਲਤਾ ਮਿਲਦੀ ਹੈ ਤਾਂ ਇਸ ਨੂੰ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਲਾਗੂ ਕੀਤਾ ਜਾ ਸਕੇਗਾ।

ਡੀ.ਸੀ. ਨੇ ਅੱਗੇ ਦੱਸਿਆ ਕਿ ਡੇਲਾਇਟ ਟੋਚੇ ਤੋਹਮਾਤਸੂ ਇੰਡੀਆ ਵੱਲੋਂ ਪਰਾਲੀ ਨੂੰ ਕਿਸਾਨਾਂ ਤੋਂ ਹਾਸਲ ਕਰਕੇ ਅੱਗੇ ਹੋਰ ਕੰਮਾਂ ਲਈ ਵਰਤਣ ਵਾਸਤੇ ਵੱਖ-ਵੱਖ ਕੰਪਨੀਆਂ ਕੋਲ ਭੇਜਣ ਲਈ ਸਹਾਇਤਾ ਕੀਤੀ ਜਾਵੇਗੀ, ਸਿੱਟੇ ਵਜੋਂ ਪਰਾਲੀ ਨੂੰ ਅੱਗ ਲਾਉਣ ਤੋਂ ਬਿਨ੍ਹਾਂ ਹੀ ਉਸਦੀ ਐਕਸ ਸੀਟੂ ਮੈਨੇਜਮੈਂਟ ਤਹਿਤ ਸੰਭਾਲ ਹੋ ਜਾਵੇਗੀ।

ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਕੰਪਨੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲਕੇ ਜ਼ਿਲ੍ਹੇ ਵਿੱਚ 12 ਤੋਂ 14 ਹਫ਼ਤਿਆਂ ਦਾ ਇੱਕ ਵਿਸਥਾਰਤ ਅਧਿਐਨ ਕਰਕੇ ਪਰਾਲੀ ਤੇ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਲਈ ਰਣਨੀਤੀ ਉਲੀਕੀ ਜਾਵੇਗੀ। ਇਸ ਤਹਿਤ ਪਰਾਲੀ ਦੀ ਸੰਭਾਲ ਲਈ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਕਿਸਾਨਾਂ, ਕਸਟਮ ਹਾਇਰਿੰਗ ਸੈਂਟਰਜ਼, ਪਰਾਲੀ ਸੰਭਾਲਣ ਵਾਲੇ ਸੰਦਾਂ ਦੇ ਡੀਲਰ, ਪੰਚਾਇਤ ਨਾਲ ਗੱਲਬਾਤ ਕੀਤੀ ਜਾਵੇਗੀ।

ਇਸ ਤੋਂ ਬਿਨ੍ਹਾਂ ਸੀ.ਆਰ.ਐਮ. ਗਤੀਵਿਧੀਆਂ, ਕਣਕ ਦੀ ਝੋਨੇ ਦੀ ਪਰਾਲੀ ਵਾਲੇ ਖੇਤ ਵਿੱਚ ਸਿੱਧੀ ਬਿਜਾਈ, ਪਰਾਲੀ ਵਰਤਣ ਵਾਲੇ ਉਦਯੋਗਾਂ ਨਾਲ ਗੱਲਬਾਤ, ਗਊਸ਼ਾਲਾ ਤੇ ਡੇਅਰੀ ਪਲਾਟਾਂ ਵਿੱਚ ਪਰਾਲੀ ਦੀ ਵਰਤੋਂ ਆਦਿ ਗਤੀਵਿਧੀਆਂ 'ਚ ਹਿੱਸਾ ਲਿਆ ਜਾਵੇਗਾ।

ਡੇਲਾਇਟ ਟੋਚੇ ਤੋਹਮਾਤਸੂ ਇੰਡੀਆ ਦੇ ਕਾਰਜਕਾਰੀ ਡਾਇਰੈਕਟਰ ਵਿਵੇਕ ਮਿੱਤਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰਿਆਣਾ ਦੇ 666 ਪਿੰਡਾਂ ਵਿੱਚ ਅਜਿਹਾ ਪ੍ਰਬੰਧਨ ਕੀਤਾ ਗਿਆ ਸੀ, ਸਿੱਟੇ ਵਜੋਂ ਉਥੇ ਪਰਾਲੀ ਸਾੜਨ ਦੇ 54 ਫ਼ੀਸਦੀ ਮਾਮਲੇ ਘਟੇ ਹਨ ਅਤੇ ਇਸ ਨੂੰ ਪਟਿਆਲਾ ਵਿੱਚ ਵੀ ਸਫ਼ਲਤਾ ਪੂਰਵਕ ਲਾਗੂ ਕੀਤਾ ਜਾਵੇਗਾ। ਮੀਟਿੰਗ 'ਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਰੋਹਿਤ ਸਿੰਗਲਾ, ਡੀ.ਡੀ.ਐਫ਼ ਨਿਧੀ ਮਲਹੋਤਰਾ ਤੇ ਹੋਰ ਮੌਜੂਦ ਸਨ।

# ਡੇਅਰੀ ਸਿਖਲਾਈ ਕੋਰਸ ਲਈ ਬਿਨੈਕਾਰਾਂ ਦੀ ਚੋਣ 5 ਮਾਰਚ ਨੂੰ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਟਿਆਲਾ ਚਰਨਜੀਤ ਸਿੰਘ ਨੇ ਦੱਸਿਆ ਕਿ ਮਿਤੀ 11-03-2024 ਨੂੰ ਦੋ ਹਫ਼ਤੇ ਦਾ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਅਨੁਸੂਚਿਤ ਜਾਤੀ ਸਪੈਸ਼ਲ ਡੇਅਰੀ ਸਿਖਲਾਈ ਕੋਰਸ ਡੇਅਰੀ ਸਿਖਲਾਈ ਤੇ ਵਿਸਥਾਰ ਸੇਵਾ ਕੇਂਦਰ, ਸੰਗਰੂਰ, ਬੀਜਾ (ਲੁਧਿਆਣਾ) ਸੈਂਟਰਾਂ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਸਿਖਲਾਈ ਕੋਰਸ ਲਈ ਉਮੀਦਵਾਰਾਂ ਦੀ ਕਾਊਂਸਲਿੰਗ ਮਿਤੀ 5-3-2024 ਨੂੰ ਸਵੇਰੇ 10:30 ਵਜੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਪਟਿਆਲਾ ਵਿਖੇ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਪ੍ਰਾਪਤ ਕਰਨ ਦੇ ਚਾਹਵਾਨ ਉਮੀਦਵਾਰ ਦਫ਼ਤਰ ਵਿਖੇ ਘੱਟੋ ਘੱਟ ਪੰਜਵੀਂ ਪਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਅਧਾਰ ਕਾਰਡ, ਪੈਨ ਕਾਰਡ, ਬੈਂਕ ਖਾਤੇ ਦੀ ਕਾਪੀ, 1 ਫ਼ੋਟੋ ਨਾਲ ਲੈ ਕੇ ਆਉਣ। 750/- ਰੁਪਏ ਫ਼ੀਸ ਜੋ ਕਿ ਟਰੇਨਿੰਗ ਸਮੇਂ ਜਮ੍ਹਾ ਕਰਵਾਈ ਜਾਣੀ ਹੈ, ਟਰੇਨਿੰਗ ਪ੍ਰਾਪਤ ਕਰਤਾ ਨੂੰ ਵਾਪਸ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਨੈਸ਼ਨਲ ਲਾਇਵਸਟਾਕ ਮਿਸ਼ਨ ਤਹਿਤ ਜਮ੍ਹਾ ਕਰਵਾਈ ਜਾਵੇਗੀ। ਸਿੱਖਿਆਰਥੀਆਂ ਲਈ ਟਰੇਨਿੰਗ ਦੀ ਉਮਰ 18 ਤੋਂ 55 ਸਾਲ ਅਤੇ ਪਿੰਡ ਦਾ ਵਸਨੀਕ ਹੋਣਾ ਜ਼ਰੂਰੀ ਹੈ।

ਚਾਹਵਾਨ ਉਮੀਦਵਾਰ ਦਫ਼ਤਰ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਸਰਕਾਰੀ ਕੁਆਟਰ ਨੰਬਰ 313-321, ਬਲਾਕ-੧੪ ਟਾਈਪ-੫, ਘਲੋੜੀ ਗੇਟ, ਸਾਹਮਣੇ ਮਹਿੰਦਰਾ ਕਾਲਜ ਗੇਟ, ਪਟਿਆਲਾ ਵਿਖੇ ਕਾਊਂਸਲਿੰਗ ਲਈ ਆਉਣ। ਉਨ੍ਹਾਂ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਸਰਕਾਰ ਦੀ ਇਸ ਸਕੀਮ ਦਾ ਲਾਹਾ ਲੈਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ 94644-70334 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦਰਗਾਹ ਪੀਰ ਸਾਈ ਬੁੱਢਣ ਸ਼ਾਹ ਜੀ ਵਿਖੇ ਹੋਲਾ ਮੁਹੱਲਾ ਦੌਰਾਨ ਆਉਣ ਵਾਲੀਆਂ ਸੰਗਤਾਂ ਦੀ ਸਹੂਲਤਾਂ ਦੇ ਸਾਰੇ ਪ੍ਰਬੰਧ ਮੁਕੰਮਲ



**ਕੀਰਤਪੁਰ ਸਾਹਿਬ, 29 ਫਰਵਰੀ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਕੌਮੀ ਤਿਉਹਾਰ ਹੋਲਾ ਮੁਹੱਲਾ ਬੜੀ ਹੀ ਸ਼ਾਨੋ ਸ਼ੌਕਤ ਦੇ ਨਾਲ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਜਾ ਰਿਹਾ ਹੈ ਜਿਸ ਨੂੰ ਲੈ ਕੇ ਜਿੱਥੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਵੱਡੇ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉੱਥੇ ਨਾਲ ਹੀ ਉੱਤਰੀ ਭਾਰਤ ਦੀ ਪ੍ਰਸਿੱਧ ਦਰਗਾਹ ਪੀਰ ਸਾਈ ਬੁੱਢਣ ਸ਼ਾਹ ਜੀ ਵਿਖੇ ਪ੍ਰਬੰਧਕਾਂ ਨੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ ਦਾ ਦਾਅਵਾ ਕੀਤਾ ਹੈ ਇਸ ਦੌਰਾਨ 6 ਦਿਨ ਤੱਕ ਕੌਮੀ ਤਿਉਹਾਰ ਹੋਲਾ ਮੁਹੱਲਾ ਨੂੰ ਲੈ ਕੇ ਸੰਗਤਾਂ ਦਾ ਜੋੜ ਮੇਲਾ ਦੋਵੇਂ ਧਾਰਮਿਕ ਨਗਰੀਆਂ ਵਿੱਚ ਲੱਗੇਗਾ ਜਿਸ ਦੇ ਦੌਰਾਨ ਲੱਖਾਂ ਦੀ ਗਿਣਤੀ ਦੇ ਵਿੱਚ ਸੰਗਤ ਨੇੜਲੇ ਧਾਰਮਿਕ ਸਥਾਨਾਂ ਉੱਤੇ ਸ਼ਰਧਾ ਭਾਵਨਾਂ ਦੇ ਨਾਲ ਨਤਮਸਤਕ ਹੋਣ ਦੇ ਲਈ ਪਹੁੰਚੇਗੀ ਇਸ ਦੌਰਾਨ ਦਰਗਾਹ ਪੀਰ ਸਾਈ ਬੁੱਢਣ ਸ਼ਾਹ ਜੀ ਦੇ ਖਿਦਮਤਗਾਰਾਂ ਵੱਲੋਂ ਸਾਂਝੇ ਤੌਰ ਤੇ ਦੱਸਿਆ ਗਿਆ ਕਿ ਸੰਗਤਾਂ ਦੀ ਸਹੂਲਤ ਦੇ ਮੱਦੇ ਨਜ਼ਰ ਦਰਗਾਹ ਉੱਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਪਿਛਲੇ ਦਿਨਾਂ ਤੋਂ ਦਰਗਾਹ ਦੀ ਸੁੰਦਰਤਾ ਅਤੇ ਮੁਰੰਮਤ ਦੇ ਲਈ ਜੰਗੀ ਪੱਧਰ ਉੱਤੇ ਕਾਮੇ ਕੰਮ ਕਰ ਰਹੇ ਹਨ, ਜਿਸ ਤੋਂ ਬਾਅਦ ਬਹੁਤ ਹੀ ਸੁੰਦਰ ਤਰੀਕੇ ਦੇ ਨਾਲ ਦਰਗਾਹ ਦਾ ਰੰਗ ਰੋਗਨ ਕੀਤਾ ਜਾਵੇਗਾ ਅਤੇ ਸੁੰਦਰ ਦੀਪ ਮਾਲਾਵਾਂ ਦੇ ਨਾਲ ਦਰਗਾਹ ਨੂੰ ਖੂਬਸੂਰਤ ਤਰੀਕੇ ਨਾਲ ਸਜਾਇਆ ਜਾਵੇਗਾ ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਹੋਇਆਂ ਪੀਣ ਵਾਲੇ ਸਾਫ ਸੁਥਰੇ ਪਾਣੀ ਅਤੇ ਲੰਗਰਾਂ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਉੱਥੇ ਨਾਲ ਹੀ ਪਾਰਕਿੰਗ ਅਤੇ ਪਖਾਨਿਆਂ ਦੀ ਸਾਂਭ ਸੰਭਾਲ ਦੇ ਲਈ ਵੀ ਕਾਮੇ ਨਿਯੁਕਤ ਕਰ ਦਿੱਤੇ ਗਏ ਹਨ। ਸੀਸੀਟੀਵੀ ਫੁਟੇਜ ਦੇ ਰਾਹੀਂ ਹਰ ਅਣਖ ਸੁਖਾਵੀ ਘਟਨਾ ਉੱਤੇ ਪੈਨੀ ਨਜ਼ਰ ਰੱਖੀ ਜਾਵੇਗੀ ਦਰਗਾਹ ਤੇ ਮੌਜੂਦ ਪੁਜਾਰੀਆਂ ਤੋਂ ਇਲਾਵਾ ਵੱਖ-ਵੱਖ ਸੇਵਾਦਾਰ ਇਸ ਸੇਵਾ ਦੇ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ

# ਅੰਤਰਰਾਸ਼ਟਰੀ ਸਿਵਲ ਡਿਫੈਂਸ ਦਿਵਸ ਮੌਕੇ ਬੱਚਿਆਂ ਨੂੰ ਜਾਗਰੂਕ ਕੀਤਾ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਅੰਤਰਰਾਸ਼ਟਰੀ ਸਿਵਲ ਡਿਫੈਂਸ ਆਫ਼ਤ ਪ੍ਰਬੰਧਨ ਫ਼ਸਟ ਏਡ ਫਾਇਰ ਸੇਫਟੀ ਦਿਵਸ਼ ਮੌਕੇ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ?ਦੇ ਚੀਫ਼ ਟ੍ਰੇਨਰ ਸ੍ਰੀ ਕਾਕਾ ਰਾਮ ਵਰਮਾ ਵਲੋਂ ਨੈਸ਼ਨਲ ਹਾਈ ਸਕੂਲ ਪਟਿਆਲਾ ਵਿਖੇ ਜਾਗਰੂਕਤਾ ਪ੍ਰੋਗਰਾਮ ਪ੍ਰਿੰਸੀਪਲ ਸ਼੍ਰੀਮਤੀ ਪੂਨਮਦੀਪ ਕੌਰ ਹੋਤੀ ਦੀ ਅਗਵਾਈ ਹੇਠ ਕਰਵਾਏ। ਇਸ ਮੌਕੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਕੰਪਨੀ ਕਮਾਂਡਰ ਸ੍ਰੀ ਮੋਹਨ ਸਿੰਘ ਨੇ ਦੱਸਿਆ ਕਿ ਪਹਿਲੇ ਅਤੇ ਦੂਜੇ ਸੰਸਾਰ ਯੁੱਧ ਮਗਰੋਂ ਦੁਨੀਆਂ ਵਿੱਚ ਸਿਵਲ ਡਿਫੈਂਸ ਭਾਵ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਜੰਗਾਂ ਮਹਾਂਮਾਰੀਆਂ ਸਮੇਂ ਸਿਖਿਅਤ ਲੋਕਾਂ ਰਾਹੀਂ ਪੀੜਤ ਲੋਕਾਂ ਦੀ ਸੁਰੱਖਿਆ ਬਚਾਉ ਮਦਦ ਲਈ ਨਾਗਰਿਕਾਂ ਵਿਦਿਆਰਥੀਆਂ ਕਰਮਚਾਰੀਆਂ ਨੂੰ ਤਿਆਰ ਬਰ ਤਿਆਰ ਰੱਖਣਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ਼ ਹਰ ਵਿਦਿਆਰਥੀ ਅਧਿਆਪਕ ਨਾਗਰਿਕ ਕਰਮਚਾਰੀ ਨੂੰ ਸਿਵਲ ਡਿਫੈਂਸ ਆਫ਼ਤ ਪ੍ਰਬੰਧਨ ਫ਼ਸਟ ਏਡ ਫਾਇਰ ਸੇਫਟੀ ਅਤੇ ਆਵਾਜਾਈ ਨਿਯਮਾਂ ਕਾਨੂੰਨਾਂ ਅਤੇ ਚੰਗੀ ਸਿਹਤ ਤਦੰਰੁਸਤੀ ਬਾਰੇ ਟਰੇਨਿੰਗ ਲੈਣੀ ਚਾਹੀਦੀ ਹੈ ਤਾਂ ਜੋ ਐਮਰਜੈਂਸੀ ਸਮੇਂ ਸੜਕਾਂ ਘਰਾਂ ਵਿਉਪਾਰਕ ਅਦਾਰਿਆਂ ਆਦਿ ਵਿਖੇ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਸਥਾਨਕ ਆਮ ਲੋਕਾਂ ਵਲੋਂ ਬਚਾਇਆਂ ਜਾਵੇ। ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਸਾਕੇਤ ਹਸਪਤਾਲ ਦੇ ਕਾਉਂਸਲਰ ਪਰਵਿੰਦਰ ਕੌਰ ਵਰਮਾ ਨੇ ਨਸ਼ਿਆਂ ਬਾਰੇ, ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਨੇ ਆਵਾਜਾਈ ਨਿਯਮਾਂ ਕਾਨੂੰਨਾਂ ਅੱਗਾਂ ਲਗਣ ਗੈਸਾਂ ਲੀਕ ਹੋਣ ਬਿਜਲੀ ਕਰੰਟ ਸਮੇਂ ਜਾਨੀ ਮਾਲੀ ਨੁਕਸਾਨ ਰੋਕਣ ਲਈ ਟਰੇਨਿੰਗ ਲੈਣ ਅਭਿਆਸ ਅਤੇ ਮੌਕ ਡਰਿੱਲਾਂ ਕਰਵਾਉਣ ਤੇ ਜ਼ੋਰ ਦਿੱਤਾ।

ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਨੇ ਵਾਤਾਵਰਨ ਭੋਜਨ ਪਾਣੀ ਹਵਾਵਾਂ ਦੀ ਸੁਰੱਖਿਆ ਸ਼ੁਧਤਾ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਿੰਸੀਪਲ ਸ਼੍ਰੀਮਤੀ ਪੂਨਮਦੀਪ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੈਕਟਿਕਲ ਕਰਵਾਕੇ ਵਿਦਿਆਰਥੀਆਂ ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਜਾਗਰੂਕ ਕਰਨ ਲਈ ਸ਼੍ਰੀ ਕਾਕਾ ਰਾਮ ਵਰਮਾ ਅਤੇ ਇਨ੍ਹਾਂ ਦੇ ਸਾਥੀਆਂ ਵਲੋਂ ਪ੍ਰਸੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ।

# ਗਰਮ ਦੇਸ਼ਾਂ ਦੇ ਕੀਟ ਸਮਾਜਾਂ ਵਿੱਚ ਸਹਿਯੋਗ ਅਤੇ ਸੰਘਰਸ਼ ਬਾਰੇ ਪ੍ਰੋ. ਰਘਵੇਂਦਰ ਵੱਲੋਂ ਪੰਜਾਬੀ ਯੂਨੀਵਰਸਿਟੀ 'ਚ ਲੈਕਚਰ



**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਇੰਸਟੀਚੂਟ ਆਫ਼ ਸਾਇੰਸ, ਬੰਗਲੌਰ ਦੇ ਪ੍ਰੋ. ਰਘਵੇਂਦਰ ਗਡਗਕਰ ਨੇ ਗਰਮ ਦੇਸ਼ਾਂ ਦੇ ਕੀਟ ਸਮਾਜਾਂ ਵਿੱਚ ਸਹਿਯੋਗ ਅਤੇ ਸੰਘਰਸ਼ ਵਿਸ਼ੇ ਉੱਤੇ ਇੱਕ ਲੈਕਚਰ ਦਿੱਤਾ। ਇਹ ਲੈਕਚਰ ਪੰਜਾਬੀ ਯੂਨੀਵਰਸਿਟੀ ਵਿਖੇ ਪੰਜ ਸਾਲਾ ਏਕੀਕ੍ਰਿਤ ਕੋਰਸਾਂ ਦੇ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਗਈ ਭਾਸ਼ਣ ਲੜੀ ਤਹਿਤ ਕਰਵਾਇਆ ਗਿਆ।

ਇਸ ਲੈਕਚਰ ਦੌਰਾਨ ਪ੍ਰੋ. ਰਘਵੇਂਦਰ ਨੇ ਗਰਮ ਦੇਸ਼ਾਂ ਦੇ ਕੀਟਾਂ ਦੇ ਆਪਣੇ ਸਮਾਜ ਵਿੱਚ ਵਿਚਰਦਿਆਂ ਆਪਸ ਵਿੱਚ ਰਾਬਤਾ ਅਤੇ ਤਾਲਮੇਲ ਬਣਾ ਕੇ ਚਲਦੇ ਹੋਣ ਦਾ ਖੂਬਸੂਰਤ ਚਿਤਰਨ ਕੀਤਾ। ਉਨ੍ਹਾਂ ਨੇ ਆਪਣੀ ਗੱਲਬਾਤ ਵਿਗਿਆਨ ਨਾਲ ਸੰਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਅਤੇ ਸਮਝਾਉਣ ਲਈ ਵਿਦਿਆਰਥੀਆਂ ਵਿੱਚ ਦਿਲਚਸਪੀ ਪੈਦਾ ਕਰ ਕੇ ਉਤਸੁਕਤਾ ਜਗਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਲੈਕਚਰ ਨੂੰ ਵਿਦਿਆਰਥੀਆਂ ਨੇ ਬਹੁਤ ਗੌਹ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਕਈ ਸਵਾਲ ਵੀ ਪੁੱਛੇ।

ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪੰਜ ਸਾਲਾ ਏਕੀਕ੍ਰਿਤ ਕੋਰਸਾਂ ਦੀਆਂ ਵਿਲੱਖਣਤਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਕਲਾਸ ਵਿੱਚ ਹੁੰਦੀ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਵਿਸ਼ਾ ਮਾਹਿਰਾਂ ਦੇ ਨਾਲ ਸੰਵਾਦ ਨਾਲ ਜੋੜਨਾ ਵੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਇਸ ਦੇ ਨਾਲ ਨਾ ਕੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਸਗੋਂ ਮਾਹਿਰਾਂ ਨਾਲ ਵਾਰਤਾਲਾਪ ਕਾਰਨ ਉਨ੍ਹਾਂ ਵਿੱਚ ਸਿੱਖਣ ਦੀ ਵਧੇਰੇ ਜਗਿਆਸਾ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਜਿੱਥੇ ਵਿਦਿਆਰਥੀਆਂ ਨੂੰ ਨਵੇਂ ਗਿਆਨ ਨਾਲ ਜੋੜਦੇ ਹਨ ਉੱਥੇ ਹੀ ਪ੍ਰੇਰਣਾ ਦਾ ਸਬੱਬ ਵੀ ਬਣਦੇ ਹਨ।

ਪੰਜ ਸਾਲਾ ਏਕੀਕ੍ਰਿਤ ਕੋਰਸਾਂ ਦੇ ਡੀਨ ਪ੍ਰੋ. ਸੰਜੀਵ ਪੁਰੀ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ। ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਹਿਮੇਂਦਰ ਭਾਰਤੀ ਨੇ ਕੀਤਾ।

# ਇੰਟਰਨੈਸ਼ਨਲ ਸਕੂਲ ਸੰਗਰੂਰ ਦੇ ਅਧਿਆਪਕ



**ਸੁਨਾਮ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਦੇ ਅਧਿਆਪਕਾਂ ਨੂੰ ਚੇਅਰਮੈਨ ਦੀਪਕ ਗੁਪਤਾ ਅਤੇ ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਵਲੋਂ ਉਨ੍ਹਾਂ ਦੇ ਚੰਗੇ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ ਜੋ ਵਿਦਿਆਰਥੀਆਂ ਨੂੰ ਜੀਵਨ ਦੇ ਖੇਤਰ ਵਿਚ ਆਪਣੇ ਗਿਆਨ ਵਿਚ ਵਾਧਾ ਕਰਨ ਵਿਚ ਸਹਾਈ ਹੋਏ । ਅਧਿਆਪਕ ਵਿਦਿਆਰਥੀਆਂ ਲਈ ਅਸਲ ਸਲਾਹਕਾਰ ਅਤੇ ਪ੍ਰੇਰਨਾ ਸਰੋਤ ਹੁੰਦੇ ਹਨ ਜੋ ਹਮੇਸ਼ਾ ਉਨ੍ਹਾਂ ਦੀ ਬਿਹਤਰ ਵਿਅਕਤੀ ਬਣਨ ਵਿੱਚ ਮਦਦ ਕਰਦੇ ਹਨ। ਅਧਿਆਪਕ ਦੀ ਕੁਰਬਾਨੀ ਨੂੰ ਵਿਦਿਆਰਥੀ ਹਮੇਸ਼ਾ ਯਾਦ ਰੱਖਦੇ ਹਨ। ਸਟੀਫਨ ਇੰਟਰਨੈਸ਼ਨਲ ਸਕੂਲ ਹਮੇਸ਼ਾ ਸਕੂਲ ਦੇ ਅਸਲ ਥੰਮ੍ਹਾਂ ਦੀ ਪ੍ਰਸ਼ੰਸਾ, ਸਨਮਾਨ ਅਤੇ ਪ੍ਰੇਰਿਤ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹੈ।

ਉਨ੍ਹਾਂ ਦੀ ਅਗਵਾਈ ਹੇਠ ਬਹੁਤ ਸਾਰੇ ਵਿਦਿਆਰਥੀਆਂ ਨੇ ਅਕਾਦਮਿਕ, ਪਾਠਕ੍ਰਮ ਗਤੀਵਿਧੀਆਂ ਅਤੇ ਖੇਡਾਂ ਦੇ ਹਰ ਖੇਤਰ ਵਿੱਚ ਬਹੁਤ ਵਧੀਆ ਪ੍ਰਜੀਸ਼ਨਾਂ ਹਾਸਲ ਕੀਤੀਆਂ। ਵਿਦਿਆਰਥੀਆਂ ਨੇ ਹਮੇਸ਼ਾ ਸਕੂਲ ਦਾ ਨਾਂ ਰੌਸ਼ਨ ਕੀਤਾ ਅਤੇ ਸਮੁੱਚੇ ਸਟਾਫ ਨੂੰ ਉਨ੍ਹਾਂ 'ਤੇ ਮਾਣ ਮਹਿਸੂਸ ਹੋਇਆ।

ਵੱਖ-ਵੱਖ ਗਤੀਵਿਧੀਆਂ ਲਈ ਹੇਠ ਲਿਖੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ।

ਖੂਨਦਾਨ ਅਤੇ ਫਲ ਚੈਟ ਗਤੀਵਿਧੀ ਲਈ ਸ਼੍ਰੀਮਤੀ ਸ਼ਿਖਾ ਗੁਪਤਾ।

ਪੀਰੀਅਡਿਕ ਅਸੈਸਮੈਂਟ ਅਤੇ ਮੈਥਸ ਕੋਆਰਡੀਨੇਟਰ, ਸਿਲਵਰ ਜ਼ੋਨ ਓਲੰਪੀਆਡ ਲਈ ਸ਼੍ਰੀਮਤੀ ਅਨੀਤਾ। ਸ਼੍ਰੀਮਤੀ ਮਨਿੰਦਰ, ਸਰਵੋਤਮ ਤੀਜ ਤਿਉਹਾਰ ਦਾ ਆਯੋਜਨ, ਸ਼੍ਰੀਮਤੀ ਹਰਪ੍ਰੀਤ ਨੇ ਐੱਸ.ਐੱਸ.ਟੀ. ਕੋਆਰਡੀਨੇਟਰ, ਸਿਲਵਰ ਜ਼ੋਨ। ਸ਼੍ਰੀਮਤੀ ਰੀਮਾ, ਅੰਗਰੇਜ਼ੀ ਕੋਆਰਡੀਨੇਟਰ। ਸ੍ਰੀ ਕੁਲਦੀਪ ਨੇ ਐਸ.ਐਸ.ਟੀ. ਕੋਆਰਡੀਨੇਟਰ।

# ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਕੀਤੀ ਜਾਵੇਗੀ ਸਖਤ ਕਾਰਵਾਈ : ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ



ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ ਜੀ ਗੱਡੀਆਂ ਤੇ ਲਾਉਣ ਲਈ ਰਿਫਲੈਕਟਰ ਜਾਰੀ ਕਰਦੇ ਹੋਏ ਨਾਲ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਹੋਰ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ ਦੀ ਟੀਮ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੂਦਰਪ੍ਰਤਾਪ ਸਿੰਘ, ਜਸ਼ਨਜੋਤ ਸਿੰਘ,ਲੱਕੀ ਹਰਦਾਸਪੁਰ ਨੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਏ ਐਸ ਰਾਏ ਨਾਲ ਸੜਕੀ ਆਵਾਜਾਈ ਅਤੇ ਟ੍ਰੈਫਿਕ ਸਮੱਸਿਆਵਾਂ ਬਾਰੇ ਮੁਲਾਕਾਤ ਕੀਤੀ। ਇਸ ਮੌਕੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਏ ਐਸ ਰਾਏ ਨੇ ਕਿਹਾ ਪਟਿਆਲਾ ਦੇ ਸਮਾਜ ਸੇਵੀ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਵੱਲੋਂ ਜਿਥੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ ਉਥੇ ਹੀ ਇਸ ਟੀਮ ਵੱਲੋਂ ਪਬਲਿਕ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਰਿਫਲੈਕਟਰ ਕੇਵਲ ਹਨੇਰੇ ਵਿਚ ਲਿਸ਼ਕਣ ਵਾਲਾ ਕਾਗਜ਼ ਦਾ ਟੁਕੜਾ ਨਹੀਂ ਹੈ। ਇਹ ਲਿਸ਼ਕਦਾ ਟੁਕੜਾ ਜ਼ਿੰਦਗੀਆਂ ਬਚਾ ਸਕਦਾ ਹੈ ਅਤੇ ਇਹ ਗਹਿਰੀ ਧੁੰਦ, ਹਨੇਰੀਆਂ ਰਾਤਾਂ ਵਿੱਚ ਇਹ ਤੁਹਾਡਾ ਮਾਰਗ ਦਰਸ਼ਕ ਹੈ। ਇਸ ਲਈ ਆਪਣੀਆਂ ਗੱਡੀਆਂ ਉਪਰ ਰਿਫਲੈਕਟਰ ਜ਼ਰੂਰ ਲਗਾਓ, ਖੁਦ ਲਈ, ਪਰਿਵਾਰ ਲਈ ਹਮੇਸ਼ਾ ਸੜਕੀ ਨਿਯਮਾਂ ਦੀ ਪਾਲਣਾ ਕਰੋ। ਉਹਨਾਂ ਕਿਹਾ ਕਿ ਜ਼ਿਆਦਾਤਰ ਸੜਕੀ ਹਾਦਸੇ ਸਾਡੀ ਅਣਗਹਿਲੀ ਅਤੇ ਨਸ਼ਿਆਂ ਦੇ ਸੇਵਨ ਨਾਲ ਵਾਪਰਦੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਨਸ਼ਾ ਕਰਕੇ ਅਤੇ ਓਵਰ ਸਪੀਡ ਨਾਲ ਵਾਹਨ ਨਹੀਂ ਚਲਾਉਣੇ ਚਾਹੀਦੇ। ਉਹਨਾਂ ਕਿਹਾ ਕਿ ਵਾਹਨ ਚਾਲਕ ਆਪਣੀਆਂ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਪੂਰੀ ਸੂਝਬੂਝ ਨਾਲ ਚਲਾਉਣ ਓਵਰਟੇਕ ਨਾ ਕਰਨ ਸਪੀਡ ਹੋਲੀ ਰੱਖਣ ਅਤੇ ਟਰੈਫਿਕ ਨਿਯਮਾ ਦੀ ਪਾਲਣਾ ਕਰਦੇ ਹੋਏ ਵਹੀਕਲਜ਼ ਨੂੰ ਚਲਾਉਣ ਲਈ ਵੀ ਅਪੀਲ ਕੀਤੀ।ਇਸ ਮੌਕੇ ਏ ਡੀ ਜੀ ਪੀ ਏ ਐਸ ਰਾਏ ਜੀ ਨੇ ਗੱਡੀਆਂ ਉਪਰ ਰਿਫਲੈਕਟਰ ਲਗਾਉਣ ਲਈ ਜਾਰੀ ਕੀਤੇ।ਇਸ ਮੌਕੇ ਭਲਵਾਨ, ਗਰੇਵਾਲ, ਰੁਪਿੰਦਰ ਨੇ ਏ ਡੀ ਜੀ ਪੀ ਏ ਐਸ ਰਾਏ ਨੂੰ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਉਪਰ ਟ੍ਰੈਫਿਕ ਪੁਲਿਸ ਪਟਿਆਲਾ ਦੇ ਸਹਿਯੋਗ ਨਾਲ ਹੁਣ ਤੱਕ 3500 ਸੋ ਤੋਂ ਉਪਰ ਰਿਫਲੈਕਟਰ ਲਗਾਏ ਜਾ ਚੁੱਕੇ ਹਨ ਅਤੇ ਇਹ ਰਿਫਲੈਕਟਰ ਲਗਾਉਣ ਦੀ ਮੁਹਿੰਮ ਲਗਾਤਾਰ ਜਾਰੀ ਹੈ।

# ਭਾਜਪਾ ਲੋਕ ਸਭਾ ਫ਼ਿਰੋਜ਼ਪੁਰ ਕੋਰ ਗਰੁੱਪ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਕਾ ਕੰਬੋਜ ਦੇ ਗ੍ਰਹਿ ਵਿਖੇ ਸੰਪੰਨ



**ਜਲਾਲਾਬਾਦ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤੀ ਜਨਤਾ ਪਾਰਟੀ ਲੋਕ ਸਭਾ ਫ਼ਿਰੋਜ਼ਪੁਰ ਕੋਰ ਗਰੁੱਪ ਦੀ ਮੀਟਿੰਗ ਜਲਾਲਾਬਾਦ, ਭਾਰਤੀਆ ਜਨਤਾ ਪਾਰਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿੱਚ ਜਨਤਾ ਪਾਰਟੀ ਜਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਸੁਖਵਿੰਦਰ ਸਿੰਘ, ਪ੍ਰਦੇਸ਼ ਭਾਜਪਾ ਸੰਗਠਨ ਮੰਤਰੀ ਸ੍ਰੀ ਮੰਥਾਰੀ ਸ਼੍ਰੀਨਿਵਾਸਲੂ, ਲੋਕ ਸਭਾ ਇੰਚਾਰਜ ਅਤੇ ਸਾਬਕਾ ਵਿਧਾਇਕ ਕੇ.ਡੀ.ਭੰਡਾਰੀ ਅਤੇ ਲੋਕ ਸਭਾ ਕਨਵੀਨਰ ਫਿਰੋਜ਼ਪੁਰ ਵਿਸ਼ਨੂੰ ਭਗਵਾਨ ਡੇਲੂ, ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ ਨੇ ਸੰਬੋਧਨ ਕੀਤਾ।

ਸੂਬਾ ਮੀਤ ਪ੍ਰਧਾਨ ਸੁਰਜੀਤ ਜਿਆਣੀ ਮੋਨਾ ਜੈਸਵਾਲ, ਸੂਬਾ ਸੈਲ ਦੇ ਕਨਵੀਨਰ ਰੰਜਮ ਕਾਮਰਾ, ਸੂਬਾ ਸਕੱਤਰ ਵੰਦਨਾ ਸੰਘਵਾਲ ਸ਼ਿਵਰਾਜ ਗੋਇਲ ਸਟੇਟ ਮੀਡੀਆ ਇੰਚਾਰਜ ਸੁਬੋਧ ਵਰਮਾ ਫਾਜ਼ਿਲਕਾ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਸਤੀਸ਼ ਅਸੀਜਾ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਸ਼ਮਸ਼ੇਰ ਸਿੰਘ ਕੱਕੜ ਸਿੰਘ ਸਮੇਤ ਮੀਟਿੰਗ ਵਿੱਚ ਕੋਰ ਗਰੁੱਪ ਦੇ ਸਾਰੇ ਮੈਂਬਰ ਭਾਜਪਾ ਲੋਕ ਸਭਾ ਫ਼ਿਰੋਜ਼ਪੁਰ ਚੋਣਾਂ ਦੀ ਤਿਆਰੀ ਲਈ ਜਥੇਬੰਦਕ ਸਰਗਰਮੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

# ਬੱਚਿਆਂ ਨੂੰ ਸਕਾਊਟ ਗਾਈਡਜ਼ ਬਣਾਉਣ ਲਈ ਜੰਗੀ ਪੱਧਰ ਤੇ ਯਤਨ ਜ਼ਰੂਰੀ: ਰੋਸ਼ਨ ਸੂਦ



**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲਾਂ ਦੇ ਵਿਦਿਆਰਥੀਆਂ ਨੂੰ ਸਕਾਊਟ ਗਾਈਡਜ਼ ਗਤੀਵਿਧੀਆਂ ਨਾਲ ਜੋੜਕੇ ਮਾਨਵਤਾ ਵਾਤਾਵਰਨ ਪੀੜਤਾਂ ਅਤੇ ਮਾਪਿਆਂ ਦੇ ਸਿਹਤਮੰਦ ਤਦਰੁੰਸਤ ਵਫ਼ਾਦਾਰ ਇਮਾਨਦਾਰ ਜੁਮੇਵਾਰ ਮਿੱਤਰ ਬਣਾਉਣ ਲਈ ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ, ਜਿਸ ਹਿੱਤ ਜ਼ਿਲਾ ਸਿੱਖਿਆ ਅਫ਼ਸਰਾਂ ਜੋਂ ਭਾਰਤ ਸਕਾਊਟ ਗਾਈਡਜ਼ ਦੇ ਜ਼ਿਲ੍ਹਾ ਚੀਫ਼ ਕਮਿਸ਼ਨਰ ਹਨ, ਦੀ ਅਗਵਾਈ ਹੇਠ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ ਇਹ ਵਿਚਾਰ ਭਾਰਤ ਸਕਾਊਟ ਗਾਈਡਜ਼, ਪੰਜਾਬ ਦੇ ਸਕੱਤਰ ਸ਼੍ਰੀ ਰੋਸਨ ਸੂਦ ਅਤੇ ਸ਼੍ਰੀ ਉਂਕਾਰ ਸਿੰਘ, ਐਸ ਓ ਸੀ, ਨੇ ਰਾਜ ਪੱਧਰੀ ਵਿਸ਼ਵ ਸੋਚ ਦਿਵਸ਼ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਟੌਹੜਾ ਵਿਖੇ ਪ੍ਰਗਟ ਕੀਤੇ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸੰਜੀਵ ਸ਼ਰਮਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀ ਰਾਵਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਖੇ ਸਕਾਊਟ ਗਾਈਡਜ਼ ਕੈਂਪ ਲਗਾਏ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਰਾਜ, ਰਾਸ਼ਟਰੀ ਪੱਧਰੀ ਕੈਂਪਾਂ ਅਤੇ ਜਬੂੰਰੀ ਸਮੇਂ ਰਾਜਸਥਾਨ ਵਿਖੇ ਵਿਦਿਆਰਥੀਆਂ ਨੂੰ ਭੇਜਿਆ ਗਿਆ ਸੀ। ਅਤੇ ਅਗਲੇ ਸੈਸ਼ਨ ਵਿੱਚ ਪਟਿਆਲਾ ਵਲੋਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਊਟ ਗਾਈਡਜ਼ ਬਣਾਇਆ ਜਾਵੇਗਾ। ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਲੈਫਟੀਨੈਂਟ ਜਨਰਲ ਸੇਵਾ ਮੁਕਤ ਇੰਗਲੈਂਡ ਬੈਡਨ ਪਾਵਲ ਜੀ ਨੇ ਆਰਮੀ ਤੋਂ ਸੇਵਾ ਮੁਕਤ ਹੋਕੇ ਵਿਦਿਆਰਥੀਆਂ ਅਧਿਆਪਕਾਂ ਅਤੇ ਨੌਜਵਾਨਾਂ ਵਿਚ ਫੌਜੀਆਂ ਵਰਗੇ ਗੁਣ ਗਿਆਨ ਭਾਵਨਾਵਾਂ ਵਿਚਾਰਧਾਰਾ ਹਿੰਮਤ ਜ਼ਿੰਦਾਦਿਲੀ ਆਤਮ ਵਿਸ਼ਵਾਸ ਹੌਸਲੇ ਪੈਦਾ ਕਰਨ ਲਈ ਸਕਾਊਟ ਗਾਈਡਜ਼ ਗਤੀਵਿਧੀਆਂ ਸ਼ੁਰੂ ਕੀਤੀਆਂ ਸਨ ਅਤੇ ਅੱਜ ਦੁਨੀਆਂ ਦੇ ਵੱਧ ਦੇਸ਼ਾਂ ਦੇ ਸਕੂਲਾਂ ਕਾਲਜਾਂ ਵਿਖੇ ਜ਼ੰਗੀ ਪੱਧਰ ਤੇ ਚਲ ਰਹੀਆਂ ਹਨ। ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਨੇ ਆਪਣੇ ਸਕੂਲ ਵਿਖੇ ਚਲ ਰਹੀਆਂ ਗਤੀਵਿਧੀਆਂ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਦਸਿਆ ਕਿ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਸਕਾਊਟ ਲੈਕਚਰਾਰ ਹਰਜੀਤ ਸਿੰਘ ਨੂੰ ਤਾਰਾਦੇਵੀ ਕੈਂਪ ਅਤੇ ਨੈਸ਼ਨਲ ਜਬੂੰਰੀ ਵਿਖੇ ਪ੍ਰਸ਼ੰਸਾਯੋਗ ਸਨਮਾਨ ਮਿਲੇ ਹਨ। ਇਸ ਮੌਕੇ ਰਾਸ਼ਟਰਪਤੀ ਐਵਾਰਡੀ ਐਲ ਟੀ ਜਸਪਾਲ ਸਿੰਘ, ਰਣਜੀਤ ਸਿੰਘ, ਜਗਮੋਹਨ ਸਿੰਘ, ਜ਼ਿਲਾ ਪ੍ਰਬੰਧਕ ਕਮਿਸ਼ਨਰ, ਸੁਰਜੀਤ ਕੌਰ ਤੋਂ ਇਲਾਵਾ ਮੰਡੋਰ,ਤਰਖੇੜੀ ਭਾਦਸੋਂ ਆਲੋਵਾਲ, ਲੋਟ ਚੰਨੋਂ ਕਲਾ ਦੇ ਸਕੂਲਾਂ ਦੇ ਸਕਾਊਟ ਗਾਈਡਜ਼ ਅਤੇ ਅਧਿਆਪਕਾਂ ਨੇ ਭਾਗ ਲਿਤਾ। ਇਸ ਮੌਕੇ ਸਕੂਲ ਵਿਖੇ ਫ਼ਲਦਾਰ ਬੂਟੇ ਵੀ ਲਗਾਏ ਗਏ। ਮਾਨਵਤਾ ਪੀੜਤਾਂ ਵਾਤਾਵਰਨ ਦੀ ਸੇਵਾ ਸੰਭਾਲ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਪਾਲਣਾ ਕਰਨ ਦਾ ਪ੍ਰਣ ਕੀਤਾ।

# ਪੰਜਾਬ ਸਰਕਾਰ ਗਤਕਾ ਖੇਡ ਅਤੇ ਖਿਡਾਰੀਆਂ ਨਾਲ ਕਰ ਰਹੀ ਵਿਤਕਰਾ : ਬਲਜਿੰਦਰ ਸਿੰਘ ਤੂਰ

**ਮਾਛੀਵਾੜਾ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਧਰਮ ਦੀ ਵਿਰਾਸਤੀ ਅਤੇ ਪੰਜਾਬ ਦੀ ਜੰਗਜੂ ਖੇਡ ਗਤਕਾ ਜੋ ਪੁਰਾਤਨ ਸਮੇਂ ਤੋਂ ਹੀ ਇਹ ਨਗਰ ਕੀਰਤਨਾਂ ਅਤੇ ਸਿੱਖ ਧਰਮ ਦੇ ਮਹਾਨ ਸਮਾਗਮਾਂ ਵਿੱਚ ਪੰਜਾਬੀਆਂ ਦੀ ਬਹਾਦਰੀ ਅਤੇ ਯੁੱਧ ਕਲਾਂ ਦੀ ਤਰਜਮਾਨੀ ਕਰਦੀ ਆ ਰਹੀ ਹੈ।ਸਾਲ 2008 ਵਿੱਚ ਪੰਜਾਬ ਗਤਕਾ ਐਸੋਸੀਏਸ਼ਨ ਦੀ ਅਗਵਾਈ ਹੇਠ ਇਸ ਗਤਕਾ ਕਲਾਂ ਨੂੰ ਖੇਡ ਦੇ ਰੂਪ ਵਿੱਚ ਪ੍ਰਫੁਲਿਤ ਕਰਨ ਲਈ ਪਹਿਲਕਦਮੀ ਕੀਤੀ। ਜਿਸ ਨਾਲ ਗਤਕਾ ਖੇਡ ਹੁਣ ਪੰਜਾਬ ਦੇ ਹਰ ਜਿਲ੍ਹੇ ਦੇ ਪਿੰਡਾਂ ਸ਼ਹਿਰਾ ਅਤੇ ਸਕੂਲ, ਕਾਲਜ਼, ਯੂਨੀਵਰਸਿਟੀਆ ਦੀ ਖੇਡਾਂ ਦਾ ਸ਼ਿਗਾਰ ਬਣੀ ਹੈ ਅਤੇ ਇਸ ਖੇਡ ਨੂੰ ਪੰਜਾਬ ਸਪੋਰਟਸ ਕੌਂਸਲ ਅਤੇ ਪੰਜਾਬ ਉਲੰਪਿਕ ਐਸੋਸੀਏਸ਼ਨ ਵੱਲੋ ਵੀ ਮਾਨਤਾ ਪ੍ਰਾਪਤ ਹੈ। ਗਤਕਾ ਫੈਡਰੇਸ਼ਨ ਆਫ਼ ਇੰਡੀਆ ਜੋ ਕਿ ਰਾਸ਼ਟਰ ਪੱਧਰ ਦੀ ਫੈਡਰੈਸ਼ਨ ਹੈ, ਦੀ ਅਗਵਾਈ ਹੇਠ ਗਤਕਾ ਖੇਡ ਨੂੰ ਰਾਸ਼ਟਰ ਪੱਧਰ ਤੇ ਖੇਲੋ ਇੰਡੀਆ ਯੂਥ ਗੇਮਜ਼, ਰਾਸ਼ਟਰੀ ਖੇਡਾ, ਆਲ ਇੰਡੀਆ ਇੰਟਰ ਯੂਨੀਵਰਸਿਟੀ ਅਤੇ ਸਕੂਲ ਗੇਮਜ਼ ਫੈਡਰੇਸ਼ਨ ਆਫ਼ ਇੰਡੀਆ ਦੀਆ ਖੇਡਾਂ ਵਿੱਚ ਸ਼ਾਮਲ ਹੈ।

ਪਿਛਲੇ ਸਮੇਂ ਵਿੱਚ ਰਾਸ਼ਟਰ ਪੱਧਰ ਤੇ ਹੋਏ ਮੁਕਾਬਲਿਆਂ ਵਿੱਚ ਪੰਜਾਬ ਦੇ ਗਤਕਾ ਖਿਡਾਰੀਆਂ ਨੇ ਪੰਜਾਬ ਰਾਜ ਦੀ ਮੇਜਬਾਨੀ ਕਰਦਿਆਂ ਖੇਲੋ ਇੰਡੀਆ ਯੂਥ ਗੇਮਜ਼-2022 ਵਿੱਚ 3 ਸੋਨੇ ਅਤੇ 2 ਚਾਂਦੀ ਦੇ ਤਗਮੇ , ਖੇਲੋ ਇੰਡੀਆ ਯੂਥ ਗੇਮਜ਼-2023 ਵਿੱਚ 4 ਸੋਨੇ ਅਤੇ 2 ਚਾਂਦੀ ਦੇ ਤਗਮੇ, 37ਵੀਆਂ ਰਾਸ਼ਟਰੀ ਖੇਡਾਂ ਵਿੱਚ ਚ 3 ਸੋਨੇ ਅਤੇ 6 ਚਾਂਦੀ 1 ਕਾਂਸੀ ਦੇ ਤਗਮੇ, ਪੰਜਾਬ ਦੀ ਝੋਲੀ ਪਾ ਕੇ ਬਣਦਾ ਸਥਾਨ ਦਿਵਾਇਆਂ ਅਤੇ ਹਾਲ ਹੀ ਛੱਤੀਸਗੜ੍ਹ ਵਿਖੇ ਹੋਈਆਂ ਰਾਸ਼ਟਰੀ ਸਕੂਲ ਖੇਡਾਂ ਵਿੱਚ ਪੰਜਾਬ ਦੇ ਗਤਕਾ ਖਿਡਾਰੀਆਂ 11 ਸੋਨੇ ਅਤੇ 1 ਚਾਂਦੀ 1 ਕਾਂਸੀ ਦੇ ਤਗਮੇ ਜਿਤ ਕੇ ਪੰਜਾਬ ਦੀ ਝੋਲੀ ਪਾਏ ਹਨ। ਇਹ ਜਾਣਕਾਰੀ ਪੰਜਾਬ ਗਤਕਾ ਐਸੋਸੀਏਸ਼ਨ ਅਤੇ ਗਤਕਾ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ



ਵੱਲੋ ਸਾਂਝੀ ਕਰਦਿਆਂ ਅਫ਼ਸੋਸ ਜ਼ਾਹਿਰ ਕੀਤਾ ਕਿ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਦੇ ਕਿਸੇ ਵੀ ਅਧਿਕਾਰੀ ਵੱਲੋਂ ਰਾਸ਼ਟਰ ਪੱਧਰ ਦੇ ਜੇਤੂ ਗਤਕਾ ਖਿਡਾਰੀਆਂ ਦਾ ਅੱਜ ਤੱਕ ਗਤਕਾ ਖਿਡਾਰੀਆਂ ਦਾ ਕੋਈ ਵੀ ਮਾਣ ਸਨਮਾਨ ਨਹੀਂ ਦਿਤਾ ਗਿਆ ਅਤੇ ਨਾ ਹੀ ਕੋਈ ਸਹੂਲਤ ਪ੍ਰਦਾਨ ਕੀਤੀ ਗਈ ਹੈ। ਪਿਛਲੇ ਮਹੀਨੇ ਪੰਜਾਬ ਸਰਕਾਰ ਵੱਲੋ 37ਵੀਆ ਰਾਸ਼ਟਰੀ ਖੇਡਾਂ ਦੇ ਜੈਤੂ ਖਿਡਾਰੀਆਂ ਲਈ ਸਨਮਾਨ ਸਮਾਰੋਹ ਕਰਵਾਇਆਂ ਗਿਆ। ਜਿਸ ਵਿੱਚ ਬਾਕੀ ਖੇਡਾਂ ਦੇ ਜੈਤੂ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਸਨਮਾਨਿਤ ਕੀਤਾ ਗਿਆ। ਪਰ ਗਤਕਾ ਖੇਡ ਦੇ ਜੈਤੂ ਖਿਡਾਰੀਆਂ ਨੂੰ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਤੱਕ ਨਹੀਂ ਦਿੱਤਾ ਗਿਆ ।ਇਸ ਤੋਂ ਪਹਿਲਾਂ ਰਾਸ਼ਟਰੀ ਖੇਡਾਂ ਵਿੱਚ ਭਾਗ ਲੈਣ ਸਮੇਂ ਗਤਕਾ ਖਿਡਾਰੀਆਂ ਨੂੰ ਕੋਈ ਵੀ ਸਪੋਰਟਸ ਕਿਟ ਅਤੇ ਹੋਰ ਲੋੜੀਂਦੀ ਸਹੂਲਤਾਂ ਵੀ ਪ੍ਰਦਾਨ ਨਹੀਂ ਕੀਤੀ ਗਈ ਸੀ। ਪਰ ਬਿਲਕੁਲ ਮੌਕੇ ਤੇ ਪੰਜਾਬ ਗਤਕਾ ਐਸੋਸੀਏਸ਼ਨ ਵੱਲੋ ਪੰਜਾਬ ਰਾਜ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਪੱਧਰ ਤੇ ਖਿਡਾਰੀਆਂ ਨੂੰ ਸਪੋਰਟਸ ਕਿਟ ਅਤੇ ਹੋਰ ਲੋੜੀਂਦੀ ਸਹੂਲਤ ਪ੍ਰਦਾਨ ਕੀਤੀ ਗਈ ਜੋ ਕਿ ਇਹ ਖੇਡ ਵਿਭਾਗ ਪੰਜਾਬ ਦੀ ਜਿਮੇਦਾਰੀ ਬਣਦੀ ਸੀ।ਹੁਣ ਹਾਲ ਹੀ ਡਾਇਰੈਕਟਰ ਖੇਡ ਵਿਭਾਗ ਵੱਲੋਂ 14 ਖੇਡਾਂ ਦੀਆਂ ਖੇਡ ਨਰਸਰੀਆਂ ਲਈ ਕੋਚਾਂ ਦੀ ਮੰਗ ਕੀਤੀ ਗਈ ਹੈ ਪ੍ਰੰਤੂ ਪਿਛਲੇ ਦੋ ਸਾਲ 'ਚ ਸਭ ਤੋਂ ਵੱਧ ਮੈਡਲ ਪੰਜਾਬ ਦੀ ਝੋਲੀ ਪਾਉਣ ਵਾਲੀ ਖੇਡ ਗਤਕਾ ਨੂੰ ਅਣਗੌਲਿਆਂ ਕਰਕੇ ਖੇਡ ਨਰਸਰੀਆਂ ਦੀ ਪ੍ਰਵੀਜ਼ਨ ਤੋਂ ਬਾਹਰ ਰੱਖਿਆ ਗਿਆ ਹੈ। ਪੰਜਾਬ ਸਰਕਾਰ ਅਤੇ ਖੇਡ ਵਿਭਾਗ ਵੱਲੋ ਪੰਜਾਬ ਦੀ ਵਿਰਾਸਤੀ ਖੇਡ ਗਤਕਾ ਅਤੇ ਖਿਡਾਰੀਆਂ ਨਾਲ ਕੀਤਾ ਜਾ ਰਿਹਾ ਵਿਤਕਰਾ ਸਮਝ ਤੋਂ ਪਰੇ ਹੈ। ਬਲਜਿੰਦਰ ਸਿੰਘ ਤੂਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਤੋ ਮੰਗ ਕਰਦੇ ਹਾਂ ਕਿ ਦੂਸਰੀਆਂ ਖੇਡਾਂ ਵਾਂਗ ਗਤਕਾ ਖਿਡਾਰੀਆਂ ਨੂੰ ਬਣਦਾ ਮਾਣ ਸਨਮਾਨ ਅਤੇ ਨਕਦ ਰਾਸ਼ੀ ਇਨਾਮ ਅਤੇ ਸਹੂਲਤਾਂ ਦਿੱਤੀਆਂ ਜਾਣ।ਖੇਡ ਵਿਭਾਗ ਵੱਲੋਂ ਖੇਡੀਆਂ ਜਾ ਰਹੀਆਂ ਖੇਡ ਨਰਸਰੀਆਂ ਦਾ ਅਸੀਂ ਤਹਿ ਦਿਲੋਂ ਸਵਾਗਤ ਕਰਦੇ ਹਾਂ ਪਰ ਖੇਡ ਨਰਸਰੀਆਂ ਦੀ ਪ੍ਰਵੀਜ਼ਨ ਵਿੱਚ ਗਤਕਾ ਖੇਡ ਦੀਆਂ ਖੇਡ ਨਰਸਰੀਆਂ ਦੀ ਪ੍ਰਵੀਜ਼ਨ ਨੂੰ ਵੀ ਸ਼ਾਮਲ ਕੀਤਾ ਜਾਵੇ ਅਤੇ ਪੰਜਾਬ ਗਤਕਾ ਐਸੋਸੀਏਸਨ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇ ਤਾਂ ਜੋ ਗਤਕਾ ਖਿਡਾਰੀ ਅਤੇ ਗਤਕਾ ਕੋਚ ਅਤੇ ਗਤਕਾ ਮਾਹਿਰਾਂ ਦੀ ਯੋਗਤਾ ਵਿੱਚ ਹੋਰ ਸੁਧਾਰ ਕੀਤਾ ਜਾ ਸਕੇ।

# ਵੋਟਰਾਂ ਨੂੰ ਜਾਗਰੂਕ ਕਰਨ ਲਈ ਐਸ.ਡੀ.ਐਮ ਵੱਲੋਂ ਈ.ਵੀ.ਐਮ ਜਾਗਰੂਕਤਾ ਵੈਨ ਝੰਡੀ ਦਿਖਾ ਕੇ ਰਵਾਨਾ



**ਸ੍ਰੀ ਅਨੰਦਪੁਰ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਭੇਜੀ ਗਈ ਈ.ਵੀ.ਐਮ ਜਾਗਰੂਕਤਾ ਵੈਨ ਨੂੰ ਅੱਜ ਹਰਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਸਬੰਧੀ ਉਹਨਾਂ ਕਿਹਾ ਕਿ ਇਹ ਜਾਗਰੂਕਤਾ ਵੈਨ 05 ਮਾਰਚ ਤੋਂ 03 ਮਾਰਚ ਤੱਕ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਹਿੱਸਿਆਂ ਵਿੱਚ ਘੁੰਮੇਗੀ ਅਤੇ ਇਸ ਵਿੱਚ ਲੱਗੀ ਐਲਈਡੀ ਰਾਹੀਂ ਆਮ ਲੋਕਾਂ ਨੂੰ ਈਵੀਐਮ ਸਬੰਧੀ ਜਾਗਰੂਕ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਦੋ ਹੋਰ ਈਵੀਐਮ ਜਾਗਰੂਕਤਾ ਵੈਨਾਂ ਵੀ ਈਵੀਐਮ ਸਬੰਧੀ ਜਾਣਕਾਰੀ ਦੇਣ ਲਈ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ 171 ਤੋਂ ਵੱਧ ਥਾਵਾਂ ਉੱਤੇ ਘੁੰਮ ਰਹੀਆਂ ਹਨ। ਇਹਨਾਂ ਵੈਨਾਂ ਵਿੱਚ ਈਵੀਐਮ ਮਸ਼ੀਨਾਂ ਰੱਖੀਆਂ ਗਈਆਂ ਹਨ ਅਤੇ ਆਮ ਲੋਕ ਇਹਨਾਂ ਮਸ਼ੀਨਾਂ ਰਾਹੀਂ ਆਪਣੇ ਵੋਟ ਨੂੰ ਪਾਉਣ ਦਾ ਤਰੀਕਾ ਅਤੇ ਵੀਵੀਪੈਟ ਰਾਹੀਂ ਵੋਟ ਕਿਸ ਨੂੰ ਪਈ ਹੈ ਚੈੱਕ ਕਰ ਸਕਦੇ ਹਨ।

ਇਹ ਈਵੀਐਮ ਜਾਗਰੂਕਤਾ ਅਭਿਆਨ 7 ਮਾਰਚ ਤੱਕ ਚੱਲੇਗਾ। ਉਹਨਾਂ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਵੋਟਰਾਂ ਨੂੰ ਇਹ ਅਪੀਲ ਕੀਤੀ ਕਿ ਉਹ ਇਹਨਾਂ ਜਾਗਰੂਕਤਾ ਵੈਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਅਤੇ ਵੋਟਿੰਗ ਪ੍ਰਕ੍ਰਿਆ ਨੂੰ ਸਮਝਣ ਤਾਂ ਜੋ ਵੋਟ ਪਾਉਣ ਵਾਲੇ ਦਿਨ ਉਹਨਾਂ ਨੂੰ ਕਿਸੇ ਤਰਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਵੀਪ ਨੋਡਲ ਅਫ਼ਸਰ ਰਣਜੀਤ ਸਿੰਘ, ਜਤਿੰਦਰ ਸਿੰਘ ਇੰਚਾਰਜ ਚੋਣਾਂ, ਜਸਦੀਪ ਸਿੰਘ ਜੂਨੀਅਰ ਸਹਾਇਕ, ਚੰਦਰ ਸ਼ੇਖਰ, ਤੇਜਿੰਦਰਪਾਲ ਸਿੰਘ ਲਾਡੀ ਹਾਜਰ ਸਨ।

# ਨਗਰ ਕੌਂਸਲ ਵੱਲੋਂ ਹੌਲੇ ਮੱਹੱਲੇ ਦੇ ਕੌਮੀ ਤਿਉਹਾਰ ਕਰਕੇ ਸਫਾਈ ਮੁਹਿੰਮ ਜ਼ੋਰ ਤੇ

**ਸ੍ਰੀ ਅਨੰਦਪੁਰ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਤੇ ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਹੋਲੇ ਮਹੱਲੇ ਦੇ ਕੌਮੀ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਣ ਲਈ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਸਬੰਧ ਵਿੱਚ ਅੱਜ ਸ਼ਹਿਰ ਦੇ ਅਲੱਗ ਅਲੱਗ ਵਾਰਡਾਂ ਦੀ ਸਫਾਈ ਕੀਤੀ ਗਈ ਤਾਂ ਕਿ ਦੇਸ਼ ਵਿਦੇਸ਼ਾਂ ਤੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆ ਰਹੀ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਹੋਵੇ। ਚਰਨ ਗੰਗਾ ਸਟੇਡੀਅਮ ਤੇ ਖੱਡ ਦੇ ਬੰਨ ਦੀ ਸਫਾਈ ਵੀ ਕੀਤੀ ਜਾ ਰਹੀ ਹੈ। ਨਗਰ ਕੌਂਸਲ ਵੱਲੋਂ ਇਹ ਅਪੀਲ ਕੀਤੀ ਗਈ ਕਿ



ਬਾਹਰੋਂ ਆ ਰਹੀ ਸੰਗਤ ਅਤੇ ਸ਼ਹਿਰ ਵਾਸੀਆਂ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਨਗਰ ਕੌਂਸਲ ਨੂੰ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਤੇ ਸੰਗਤ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਲੰਗਰਾਂ ਵਿੱਚ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ। ਪਲਾਸਟਿਕ ਤੋਂ ਬਣੇ ਹੋਏ ਬਰਤਨ ਅਤੇ ਕਿਸੇ ਵੀ ਤਰੀਕੇ ਦੇ ਮੋਮੀ ਲਿਫਾਫੇ ਦਾ ਪ੍ਰਯੋਗ ਵੀ ਨਾ ਕੀਤਾ ਜਾਵੇ। ਗਿੱਲੇ ਸੁੱਕੇ ਕੂੜੇ ਲਈ ਅਲੱਗ ਅਲੱਗ ਕੂੜੇਦਾਨ ਲਾਏ ਜਾਣ। ਇਸ ਮੌਕੇ ਤੇ ਪਰਮਜੀਤ ਸੋਨੂੰ , ਰਜਿੰਦਰ ਕਾਲਾ,ਹਰਦੇਵ ਸਿੰਘ, ਗੋਬਿੰਦ ਸਿੰਘ, ਭਗਵੰਤ ਸਿੰਘ, ਵਿਨੋਦ ਕੁਮਾਰ ਬਿੰਦਰ ਚੰਦਪੁਰ , ਰਿੰਕਾ ਆਦਿ ਹਾਜਰ ਸਨ।

# ਬੇਲਾ ਕਾਲਜ ਦੀ ਵਿਦਿਆਰਥਣ ਦਾ ਸ਼ਾਨਦਾਰ ਪ੍ਰਦਰਸ਼ਨ

**ਚਮਕੌਰ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਬੀਏ ਤੀਜੇ ਸਾਲ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਚੌਥੀ- ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ ਜੋ ਕਿ ਗੁਹਾਟੀ ਤੇ ਆਸਾਮ ਵਿੱਚ ਹੋਈਆਂ, ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ 25 ਮੀਟਰ ਏਅਰ ਪਿਸਟਲ ਮੁਕਾਬਲਿਆਂ ਵਿੱਚ ਅਰਸ਼ਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਦੀ ਪ੍ਰਤੀਨਿਧਤਾ ਕਰਦਿਆਂ ਸੋਨ ਤਗਮਾ ਜਿੱਤ ਕੇ ਸਾਰੇ ਪੰਜਾਬ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਦੇ ਨਾਲ ਹੀ ਉਕਤ ਵਿਦਿਆਰਥਣ ਨੇ 10 ਮੀਟਰ ਏਅਰ ਪਿਸਟਲ ਮੁਕਾਬਲਿਆਂ ਵਿੱਚ ਮਿਕਸਡ ਟੀਮ ਪ੍ਰਤੀਨਿਧਤਾ



ਕਰਦਿਆਂ ਸੋਨ ਤਗਮਾ ਜਿੱਤ ਕੇ ਸਾਰੇ ਪੰਜਾਬ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਦੇ ਨਾਲ ਹੀ ਉਕਤ ਵਿਦਿਆਰਥਣ ਨਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਸ ਵਿੱਚ ਵੀ ਸੋਨ ਤਗਮਾ ਜਿੱਤਿਆ।

# 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵਿਸ਼ੇਸ਼ ਕੈਂਪਾਂ ਨੂੰ ਲੋਕਾਂ ਵਲੋਂ ਮਿਲ ਰਿਹਾ ਭਰਵਾਂ ਹੁੰਗਾਰਾ



ਪਿੰਡ ਫੈਜਗੜ੍ਹ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਵਿਸ਼ੇਸ਼ ਕੈਂਪਾਂ ਮੌਕੇਂ ਮੇਘ ਚੰਦ ਸ਼ੇਰ ਮਾਜਰਾ ਅਤੇ ਉਨ੍ਹਾਂ ਦੀ ਟੀਮ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰੀ ਸੇਵਾਵਾਂ ਲੋਕਾਂ ਨੂੰ ਲੋਕਾਂ ਦੇ ਘਰਾਂ ਨੇੜੇ ਹੀ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵਿਸ਼ੇਸ਼ ਕੈਂਪਾਂ ਦਾ ਲਾਭ ਲੈਣ ਲਈ ਕਰੀਬ ਸੈਂਕੜੇ ਲੋਕ ਜਿਲ੍ਹਾ ਦਿਹਾਤੀ ਦੇ ਪ੍ਰਧਾਨ ਅਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਪਟਿਆਲਾ ਮੇਘ ਚੰਦ ਸ਼ੇਰ ਮਾਜਰਾ ਦੀ ਅਗਵਾਈ ਵਿੱਚ ਪਿੰਡ ਫੈਜਗੜ੍ਹ ਲੱਗੇ ਕੈਂਪ ਵਿੱਚ ਪੁੱਜੇ। ਇਸ ਮੌਕੇ ਉਨ੍ਹਾ ਜ਼ਿਲ੍ਹਾ ਨਿਵਾਸੀਆਂ ਨੂੰ ਇਨ੍ਹਾਂ ਕੈਂਪਾਂ ਦਾ ਹੋਰ ਵੀ ਲਾਭ ਲੈਣ ਦੀ ਅਪੀਲ ਵੀ ਕੀਤੀ।

ਮੇਘ ਚੰਦ ਸ਼ੇਰ ਮਾਜਰਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਮੁੱਖ ਤੌਰ 'ਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ 'ਤੇ ਹੱਲ ਕਰਨ ਅਤੇ ਤੁਰੰਤ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਵੱਖ-ਵੱਖ ਸਰਕਾਰੀ ਸੇਵਾਵਾਂ ਲਈ ਫਾਰਮ ਭਰੇ ਜਾ ਰਹੇ ਹਨ।

ਜਦਕਿ ਬੁਢਾਪਾ ਪੈਨਸ਼ਨਾਂ, ਵਿਦਿਆਰਥੀਆਂ ਲਈ ਵਜੀਫੇ, ਸ਼ਿਕਾਇਤਾਂ, ਜਾਤੀ ਸਰਟੀਫਿਕੇਟ, ਜਨਮ ਤੇ ਮੌਤ ਸਰਟੀਫਿਕੇਟ, ਉਸਾਰੀ ਕਾਮਿਆਂ ਦੀ ਰਜਿਸਟ੍ਰੇਸ਼ਨ ਸਮੇਤ 45 ਤਰ੍ਹਾਂ ਦੀਆਂ ਸੇਵਾਵਾਂ ਤੋਂ ਇਲਾਵਾ ਸਾਂਝ ਕੇਂਦਰ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵੀ ਲੋਕਾਂ ਨੂੰ ਇਕੋ ਛੱਤ ਥੱਲੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਰੋਜ਼ਾਨਾ ਜ਼ਿਲ੍ਹੇ ਵਿੱਚ ਕੈਂਪ ਲੱਗ ਰਹੇ ਹਨ। ਇਸ ਮੌਕੇ ਕਪਿਲ ਦੇਵ ਮਾਨ ,ਗੁਰਪ੍ਰੀਤ ਸਿੰਘ ਗੋਪੀ ਬਲਾਕ ਪ੍ਰਧਾਨ, ਤੇਜਿੰਦਰ ਖਹਿਰਾ, ਗੁਰਲਾਲ ਸਿੰਘ ਡਾਇਰੈਕਟਰ, ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ, ਹਿਮਾਂਸ਼ੂ ਸ਼ਰਮਾ ਹੋਰ ਨਾਭਾ ਟੀਮ ਆਦਿ ਮੌਜੂਦ ਸਨ

# ਪੋਲੀਓ ਜਾਗਰੂਕਤਾ ਲਈ ਰਿਕਸ਼ਿਆਂ ਨੂੰ ਕੀਤਾ ਰਵਾਨਾ

## ਐਤਵਾਰ ਨੂੰ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਲਈ ਲੱਗਣਗੇ ਜਗ੍ਹਾ-ਜਗ੍ਹਾ ਪੋਲੀਓ ਕੈਂਪ : ਸਿਵਲ ਸਰਜਨ ਡਾ. ਰਮਿੰਦਰ ਕੌਰ



ਸਿਵਲ ਸਰਜਨ ਡਾ. ਰਮਿੰਦਰ ਕੋਰ ਪਲਸ ਪੋਲੀਓ ਮੁਹਿੰਮ ਦੇ ਪ੍ਰਚਾਰ ਲਈ ਰਿਕਸ਼ਿਆ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦੇ ਹੋਏ।

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਏ ਜਾ ਰਹੇ ਰਾਸ਼ਟਰੀ ਟੀਕਾਕਰਣ ਦਿਵਸ ਤਹਿਤ ਪਲਸ ਪੋਲੀਓ ਮੁਹਿੰਮ 03 ਤੋਂ 05 ਮਾਰਚ ਦੇ ਸਬੰਧ ਵਿਚ ਸਿਵਲ ਸਰਜਨ ਡਾ. ਰਮਿੰਦਰ ਕੌਰ ਵੱਲੋਂ ਅੱਜ ਪਲਸ ਪੋਲੀਓ ਮੁਹਿੰਮ ਦੇ ਪ੍ਰਚਾਰ ਲਈ ਦਫਤਰ ਸਿਵਲ ਸਰਜਨ ਤੋਂ ਰਿਕਸ਼ਿਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਡਾ. ਰਮਿੰਦਰ ਕੌਰ ਨੇ ਦੱਸਿਆ ਕਿ ਇਨ੍ਹਾਂ ਰਿਕਸ਼ਿਆ ਦਾ ਪ੍ਰਬੰਧ ਸਿਹਤ ਵਿਭਾਗ ਵੱਲੋ ਵੱਖ-ਵੱਖ ਮੁਹੱਲਿਆਂ, ਸਲੱਮ ਏਰੀਆ, ਫੈਕਟਰੀ ਏਰੀਆ, ਕਲੋਨੀਆਂ ਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਪੋਲੀਓ ਮੁਹਿੰਮ ਦਾ ਪ੍ਰਚਾਰ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਜ਼ਿਲ੍ਹੇ ਵਿਚ 0-5 ਸਾਲ ਤੱਕ ਦੇ ਸਾਰੇ 1,83,478 ਬੱਚਿਆਂ ਨੂੰ ਪੋਲੀਓ ਵੈਕਸੀਨ ਦੀਆਂ ਬੂੰਦਾਂ ਪਿਲਾਉਣ ਦਾ ਟੀਚਾ ਰੱਖਿਆ ਗਿਆ ਹੈ ਅਤੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ 03 ਮਾਰਚ ਦਿਨ ਐਤਵਾਰ ਨੂੰ ਜਿਲ੍ਹੇ ਵਿੱਚ ਜਗ੍ਹਾ ਜਗ੍ਹਾ ਬੱਚਿਆਂ ਨੂੰ ਦਵਾਈ ਪਿਲਾਉਣ ਲਈ 922 ਬੂਥ ਲਗਾਏ ਜਾਣਗੇ ਅਤੇ 32 ਟਰਾਂਜਿਟ ਪੁਆਇੰਟ ਬਣਾਏ ਜਾਣਗੇ ।ਇਸ ਤੋ ਇਲਾਵਾ 25 ਮੋਬਾਇਲ ਟੀਮਾਂ ਵੀ ਬਣਾਈਆਂ ਗਈਆਂ ਹਨ, ਜਿਹੜੀਆਂ ਝੁੰਗੀ ਝੋਪੜੀਆਂ, ਮੈਰਿਜ ਪੈਲੇਸਾ, ਭੱਠਿਆਂ, ਪਥੇਰਾਂ, ਦਾਣਾਂ ਮੰਡੀਆਂ, ਸ਼ੈਲਰਾਂ ਤੇ ਨਵੀਆਂ ਉਸਾਰੀ ਅਧੀਨ ਇਮਾਰਤਾਂ ਵਿਚ ਰਹਿੰਦੇ ਮਜਦੂਰਾਂ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾਂ ਪਿਲਾਉਣਗੀਆਂ। ਇਹਨਾਂ ਦੇ ਕੰਮ ਕਾਜ ਦੀ ਦੇਖਰੇਖ ਕਰਨ ਲਈ 194 ਸੁਪਰਵਾਈਜਰ ਲਗਾਏ ਗਏ ਹਨ।

ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਗੁਰਪ੍ਰੀਤ ਕੌਰ ਨੇ ਅਪੀਲ ਕੀਤੀ ਕਿ ਉਹ ਮੁਹਿੰਮ ਦੋਰਾਨ ਆਪਣੇ 0-5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਦੀ ਨਾ-ਮੁਰਾਦ ਬਿਮਾਰੀ ਤੋਂ ਬਚਾਉਣ ਲਈ ਪੋਲੀਓ ਵੈਕਸੀਨ ਜਰੂਰ ਪਿਲਾਉਣ। ਉਹਨਾਂ ਦੱਸਿਆ ਕਿ 03 ਮਾਰਚ ਦਿਨ ਐਤਵਾਰ ਨੂੰ ਹਰੇਕ ਪਿੰਡ/ਸ਼ਹਿਰ, ਜਨਤਕ ਥਾਂਵਾ ਤੇਂ ਲੋੜ ਅਨੁਸਾਰ ਬੂਥ ਲਗਾਏ ਜਾਣਗੇ ਅਤੇ ਜ਼ੋ ਬੱਚੇ ਕਿਸੇ ਕਾਰਣ 03 ਮਾਰਚ ਦਿਨ ਐਤਵਾਰ ਨੂੰ ਇਹਨਾਂ ਬੂਥਾਂ ਤੇ ਬੂੰਦਾਂ ਪੀਣ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਨੂੰ 04 ਤੋਂ 05 ਮਾਰਚ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਪੋਲੀਓ ਰੋਕੂ ਵੈਕਸੀਨ ਦੀਆਂ ਬੂੰਦਾਂ ਪਿਲਾਈਆਂ ਜਾਣਗੀਆ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਗੁਰਪ੍ਰੀਤ ਕੌਰ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਐਸ.ਜੇ ਸਿੰਘ,ਜਿਲ੍ਹਾ ਡੈਂਟਲ ਸਿਹਤ ਅਫਸਰ ਡਾ. ਸੁਨੰਦਾ, ਜਿਲ੍ਹਾ ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ, ਡਿਪਟੀ ਮਾਸ ਮੀਡੀਆ ਅਫਸਰ ਜਸਜੀਤ ਕੋਰ, ਗੀਤਾ ਰਾਣੀ , ਕੁਲਦੀਪ ਕੋਰ, ਜਸਪਾਲ ਕੋਰ ਅਤੇ ਸਟਾਫ ਹਾਜਰ ਸੀ ।

# ਸ਼੍ਰੋਮਣੀ ਕਮੇਟੀ ਨੇ ਸਾਹਿਬਜ਼ਾਦਿਆਂ ਦੀ ਯਾਦਗਾਰ ਬਣਾਉਣ ਲਈ ਭੇਜੀ ਸਹਾਇਤਾ : ਜਥੇਦਾਰ ਕਰਤਾਰਪੁਰ

## ਸਾਹਿਬਜ਼ਾਦਿਆਂ ਦੀ ਯਾਦਗਾਰ ਨੂੰ ਮੁਕੰਮਲ ਕਰਨ ਦੀ ਸੇਵਾ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੌਂਪੀ



ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਪਿੰਡ ਸ਼ਾਦੀਪੁਰ ਵਿਖੇ ਸਾਹਿਬਜ਼ਾਦਿਆਂ ਦੀ ਯਾਦਗਾਰ ਸਥਾਪਿਤ ਕਰਨ ਲਈ ਪ੍ਰਬੰਧਕਾਂ ਨੂੰ ਸਹਾਇਤਾ ਰਾਸ਼ੀ ਦਾ ਚੈਕ ਸੌਂਪਦੇ ਹੋਏ।

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਹਲਕਾ ਸਨੌਰ ਦੀ ਸੰਗਤ ਵੱਲੋਂ ਕੀਤੀ ਮੰਗ ਦੇ ਆਧਾਰ 'ਤੇ ਪਿੰਡ ਸ਼ਾਦੀਪੁਰ ਵਿਚ ਸਾਹਿਬਜ਼ਾਦਿਆਂ ਦੀ ਯਾਦਗਾਰ ਬਣਾਉਣ ਲਈ ਸਹਾਇਤਾ ਰਾਸ਼ੀ ਭੇਜੀ ਗਈ ਹੈ। ਇਸ ਸਬੰਧੀ ਜਾਣਕਾਰੀ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਸਾਂਝੀ ਕੀਤਾ। ਜਥੇਦਾਰ ਕਰਤਾਰਪੁਰ ਨੇ ਦੱਸਿਆ ਕਿ ਪਿੰਡ ਸ਼ਾਦੀਪੁਰ ਵਿਚ ਸਬੰਧਤ ਜੋਗਾ ਸਿੰਘ ਦੇ ਪਰਿਵਾਰ ਵੱਲੋਂ ਸਾਹਿਬਜ਼ਾਦਿਆਂ ਦੀ ਯਾਦਗਾਰ ਸਥਾਪਤ ਕਰਨ ਲਈ ਜ਼ਮੀਨ ਦਾ ਦਿੱਤੀ ਗਈ, ਜਿਥੇ ਨਵ ਨਿਰਮਾਣ ਉਸਾਰੀ ਲਈ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੇਵਾ ਦੀ ਜ਼ਿੰਮੇਵਾਰੀ ਸੌਂਪੀ ਗਈ। ਸਾਹਿਬਜ਼ਾਦਿਆਂ ਦੀ ਯਾਦਗਾਰ ਸਥਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਕੋਲ ਇਲਾਕੇ ਦੀ ਸੰਗਤ ਦੀ ਪਹੁੰਚ ਕੀਤੀ ਸੀ, ਜਿਸ ਨੂੰ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੋਰਨਾਂ ਨੇ ਪ੍ਰਵਾਨ ਕਰਦਿਆਂ ਧਰਮ ਪ੍ਰਚਾਰ ਕਮੇਟੀ ਵੱਲੋਂ ਪੰਜਾਹ ਹਜ਼ਾਰ ਰੁਪਏ ਰਾਸ਼ੀ ਦਾ ਚੈਕ ਭੇਜਿਆ ਅਤੇ ਪ੍ਰਬੰਧਕਾਂ ਨੂੰ ਸਹਾਇਤਾ ਰਾਸ਼ੀ ਪਹੁੰਚਾ ਦਿੱਤਾ ਗਈ ਹੈ। ਜਥੇਦਾਰ ਕਰਤਾਰਪੁਰ ਨੇ ਕਿਹਾ ਕਿ ਸਿੱਖ ਇਤਿਹਾਸ ਅੰਦਰ ਸਾਹਿਬਜਾਦਿਆਂ ਦੀ ਅਦੁੱਤੀ ਸ਼ਹਾਦਤ ਹੋਈ, ਜਿਸ ਨੂੰ ਸਮੁੱਚੀ ਲੋਕਾਈ ਸਿਜਦਾ ਕਰਦੀ ਹੈ ਅੱਜ ਉਨ੍ਹਾਂ ਦੀਆਂ ਵੱਡਮੁੱਲੀਆਂ ਕੁਰਬਾਨੀਆਂ ਦੀ ਯਾਦ ਵਿਚ ਯਾਦਗਾਰ ਸਥਾਪਤ ਕਰਨ ਲਈ ਜੋਗਾ ਸਿੰਘ ਦੇ ਪਰਿਵਾਰ ਨੇ ਜ਼ਮੀਨ ਦਾਨ ਕੀਤੀ ਤਾਂ ਸ਼੍ਰੋਮਣੀ ਕਮੇਟੀ ਵੀ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੀ ਹੈ। ਜਥੇਦਾਰ ਕਰਤਾਰਪੁਰ ਨੇ ਦੱਸਿਆ ਕਿ ਯਾਦਗਾਰ ਨੂੰ ਮੁਕੰਮਲ ਕਰਨ ਦੀ ਸੇਵਾ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਸੰਭਾਲੀ ਹੋਈ ਹੈ, ਜੋ ਜਲਦ ਹੀ ਇਤਿਹਾਸਕ ਯਾਦਗਾਰ ਸੰਗਤਾਂ ਨੂੰ ਸਮਰਪਿਤ ਕਰਨਗੇ।

ਇਸ ਮੌਕੇ ਸ੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਜਥੇਦਾਰ ਗੁਰਜੀਤ ਸਿੰਘ ਉਪਲੀ, ਚੇਅਰਮੈਨ ਪਰਮਜੀਤ ਸਿੰਘ ਮਹਿਮੂਦਪੁਰ, ਜਸਪ੍ਰੀਤ ਸਿੰਘ ਬਾਬਾ ਪਿੱਪਲ, ਪ੍ਰੀਤਮ ਸਿੰਘ ਸਾਦੀਪੁਰ, ਮਨਜੀਤ ਸਿੰਘ,ਗੁਰਬਾਜ ਸਿੰਘ ਦੌਲਤਪੁਰ ਆਦਿ ਮੌਜੂਦ ਸਨ।

# ਰੱਖਿਆ ਮੰਤਰਾਲੇ ਨੇ 39,125 ਕਰੋੜ ਰੁਪਏ ਦੇ ਖਰੀਦ ਸੌਦਿਆਂ 'ਤੇ ਸਹੀ ਪਾਈ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਮੰਤਰਾਲੇ ਨੇ ਅੱਜ 39,125 ਕਰੋੜ ਰੁਪਏ ਦੇ ਪੰਜ ਫੌਜੀ ਖਰੀਦ ਸੌਦਿਆਂ 'ਤੇ ਦਸਤਖਤ ਕੀਤੇ। ਮੰਤਰਾਲੇ ਮੁਤਾਬਕ ਇਨ੍ਹਾਂ 'ਚੋਂ ਇਕ ਸਮਝੌਤਾ ਹਿੰਦੁਸਤਾਨ ਐਰੋਨਾਟਿਕਸ ਲਿਮਟਿਡ (ਐਚਏਐਲ) ਨਾਲ ਹੋਇਆ ਹੈ, ਜਿਸ ਤਹਿਤ ਮਿਗ-29 ਜਹਾਜ਼ਾਂ ਲਈ ਇੰਜਣ ਖਰੀਦੇ ਜਾਣਗੇ। ਮੰਤਰਾਲੇ ਨੇ ਰਿਲੀਜ਼ ਵਿੱਚ ਕਿਹਾ ਕਿ ਲਾਰਸਨ ਐਂਡ ਟੂਬਰੋ ਲਿਮਟਿਡ ਨਾਲ ਦੋ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਹਨ, ਜਿਸ ਤਹਿਤ 'ਕਲੋਜ਼-ਇਨ ਵੈਪਨ ਸਿਸਟਮ' (ਸੀਆਈਡਬਲਿਊਐੱਸ) ਅਤੇ ਉੱਚ ਪੱਧਰੀ ਰਾਡਾਰ ਦੀ ਖਰੀਦ ਕੀਤੀ ਜਾਵੇਗੀ। ਮੰਤਰਾਲੇ ਅਨੁਸਾਰ ਬ੍ਰਹਮੋਸ ਮਿਜ਼ਾਈਲਾਂ ਦੀ ਖਰੀਦ ਲਈ ਬ੍ਰਹਮੋਸ ਏਰੋਸਪੇਸ ਪ੍ਰਾਈਵੇਟ ਲਿਮਟਿਡ ਨਾਲ ਦੋ ਸੌਦਿਆਂ 'ਤੇ ਸਹੀ ਪਾਈ ਗਈ ਹੈ।

# ਰਾਮਗੜ੍ਹ ਸਕੂਲ ਵਿਖੇ ਮਨਾਇਆ ਗਿਆ ਸਾਇੰਸ ਡੇ



**ਮਾਛੀਵਾੜਾ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਨਜ਼ਦੀਕ ਸੱਤਿਆ ਭਾਰਤੀ ਸਕੂਲ ਰਾਮਗੜ੍ਹ ਵਿਖੇ ਨੈਸ਼ਨਲ ਸਾਇੰਸ ਡੇ ਮਨਾਇਆ ਗਿਆ। ਜਿਸ ਵਿੱਚ ਸਕੂਲੀ ਵਿਦਿਆਰਥੀਆਂ ਨੇ ਸਾਇੰਸ ਦੇ ਕਈ ਤਰ੍ਹਾਂ ਦੇ ਮਾਡਲ ਤਿਆਰ ਕੀਤੇ ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਲਿਵਜੀਤ ਕੌਰ ਨੇ ਕਿਹਾ ਕਿ ਸੱਤਿਆ ਭਾਰਤੀ ਸਕੂਲ ਦੇ ਵਿਦਿਆਰਥੀ ਪੜ੍ਹਾਈ,ਖੇਡਾਂ ਅਤੇ ਹੋਰ ਕਈ ਗਤੀਵਿਧੀਆਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਰੋਸ਼ਨ ਕਰ ਰਹੇ ਹਨ। ਇਸ ਮੌਕੇ ਸਕੂਲ ਦੇ ਸਟਾਫ ਦੇ ਨਾਲ ਸਕੂਲੀ ਵਿਦਿਆਰਥੀਆਂ ਦੇ ਮਾਪੇ ਵੀ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਦੀ ਬਹਾਲੀ ਅਤੇ ਡੀ.ਏ. ਪੈਨਸ਼ਨਰਾਂ ਨੇ ਬਕਾਇਆ ਕਿਸ਼ਤਾਂ ਜਾਰੀ ਕਰਨ ਦੀ ਮੰਗ





**ਜਲਾਲਾਬਾਦ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਦੇਸ ਰਾਜ ਗਾਂਧੀ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਸੇਵਾਮੁਕਤ ਪੈਨਸ਼ਨਰਾਂ ਨੇ ਵਿਚਾਰ ਪ੍ਰਗਟ ਕੀਤੇ। ਮੀਟਿੰਗ ਵਿੱਚ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਪੈਨਸ਼ਨ ਵਿਰੋਧੀ ਨੀਤੀ ਦੀ ਸਖ਼ਤ ਨਿਖੇਧੀ ਕਰਦਿਆਂ ਉਨ੍ਹਾਂ ਦੀਆਂ ਹੱਕੀ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸਰਕਾਰ ਦੇ ਬਜਟ ਸੈਸ਼ਨ ਦੌਰਾਨ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਸੰਘਰਸ਼ ਦੀ ਸਾਰੀ ਜ਼ਿੰਮੇਵਾਰੀ । ਪੰਜਾਬ ਸਰਕਾਰ ਦੀ ਹੋਵੇਗੀ। ਪੈਨਸ਼ਨਰਜ਼ ਯੂਨੀਅਨ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਛਾਬੜਾ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਨੀਤੀ ਤੁਰੰਤ ਬਹਾਲ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਮੀਟਿੰਗ ਵਿੱਚ ਬਲਬੀਰ ਸਿੰਘ ਪਵਾਰ ਨੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਪੈਨਸ਼ਨਰਾਂ ਅਤੇ ਸੀਨੀਅਰ ਸਿਟੀਜ਼ਨਾਂ ਦੇ ਹੱਕ ਵਿੱਚ ਦਿੱਤੇ ਫੈਸਲੇ ਦੀ ਸ਼ਲਾਘਾ ਕੀਤੀ। ਨਿਰਮਲਜੀਤ ਸਿੰਘ ਬਰਾੜ ਨੇ ਪੰਜਾਬ ਸਰਕਾਰ ਤੋਂ ਪੈਨਸ਼ਨ ਮੰਗਾਂ ਤੁਰੰਤ ਪੂਰੀਆਂ ਕਰਨ ਦੀ ਮੰਗ ਕੀਤੀ। ਮੀਟਿੰਗ ਵਿੱਚ ਦੁਨੀ ਚੰਦ ਬੱਤਰਾ ਨੇ ਪੈਨਸ਼ਨਰਾਂ ਨੂੰ ਆਪਣੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਲਈ ਧਰਨੇ-ਮੁਜ਼ਾਹਰੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਦੇਸ ਰਾਜ ਸੁੱਲਾ ਨੇ ਵਧਦੀ ਮਹਿੰਗਾਈ ਦੇ ਮੱਦੇਨਜ਼ਰ ਪੈਨਸ਼ਨਰਾਂ ਦੇ ਡੀ.ਏ. ਦੀ ਬਕਾਇਆ ਕਿਸ਼ਤ ਸਬੰਧੀ ਜ਼ਰੂਰੀ ਨੋਟੀਫਿਕੇਸ਼ਨ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਪੈਨਸ਼ਨਰਜ਼ ਸੁਭਾਸ਼ ਮਦਾਨ ਨੇ ਪੈਨਸ਼ਨਰਾਂ ਨੂੰ 5 ਮਾਰਚ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸੰਗੀਤ, ਖੇਡਾਂ ਅਧਾਰਿਤ ਗਤੀਵਿਧੀਆਂ ਅਤੇ ਸੁਆਦਲੇ ਪਕਵਾਨਾਂ ਦਾ ਸ਼ਾਨਦਾਰ ਕਾਰਨੀਵਲ ਆਯੋਜਿਤ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਨੇ ਅੱਜ ਬਸੰਤ ਦੇ ਮੌਸਮ ਦੇ ਜੀਵੰਤ ਰੰਗਾਂ ਨੂੰ ਮਾਨਣ ਅਤੇ ਵਿਦਿਆਰਥੀ ਕੇਂਦਰਿਤ ਗਤੀਵਿਧੀਆਂ ਤੇ ਅਧਾਰਿਤ 'ਮੋਦੀ ਕਾਰਨੀਵਲ' ਆਯੋਜਿਤ ਕੀਤਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਕਾਰਨੀਵਲ ਲਈ ਕਾਲਜ ਕੈਂਪਸ ਨੂੰ ਤਿਉਹਾਰ ਵਾਂਗ ਸਜਾਇਆ ਗਿਆ ਸੀ। ਕਾਰਨੀਵਲ ਦੌਰਾਨ ਬਹੁਤ ਸਾਰੀਆਂ ਇੰਨਡੋਰ ਖੇਡਾਂ, ਆਨਲਾਈਨ ਪ੍ਰਤੀਯੋਗਤਾਵਾਂ ਵਰਗੀਆਂ ਦਿਲਚਸਪ ਗਤੀਵਿਧੀਆਂ ਤੋਂ ਇਲਾਵਾ ਵਿਦਿਆਰਥੀਆਂ ਨੂੰ ਖੁਦ ਸਟਾਲਾਂ ਲਗਾਉਣ ਦਾ ਮੌਕਾ ਵੀ ਮਿਲਿਆ ਜਿਹਨਾਂ ਵਿੱਚ ਸੁਆਦੀ ਪਕਵਾਨਾਂ, ਕੱਪੜੇ, ਹੱਥੀ ਬਣਾਈਆਂ ਵਸਤੂਆਂ ਅਤੇ ਕਲਾਤਮਿਕ ਆਈਟਮਾਂ ਦੀ ਪੇਸ਼ਕਾਰੀ ਕੀਤੀ ਗਈ।ਇਸ ਤੋਂ ਇਲਾਵਾ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਕਾਲਜ ਨੇ ਸੈਲਫੀ ਪੁਆਇੰਟ, ਆਕਰਸ਼ਕ ਫੋਟੋ ਬੂਥ, ਕੱਪੜਿਆਂ ਦੀਆਂ ਨਿੱਕੀਆਂ ਦੁਕਾਨਾਂ , ਡਾਂਸ ਅਤੇ ਸੰਗੀਤ ਦਾ ਪ੍ਰਬੰਧ ਕੀਤਾ।



ਕੈਂਪਸ ਦੇ ਜੀਵੰਤ ਮਾਹੌਲ ਨੇ ਵਿਦਿਆਰਥੀਆਂ ਨੂੰ ਮੰਨੋਰੰਜਨ ਤੇ ਸੰਗੀਤ ਮਾਨਣ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕੀਤੇ। ਕਾਰਨੀਵਲ ਦਾ ਮੁੱਖ ਆਕਰਸ਼ਨ ਕਾਲਜ ਦੇ ਪੁਰਾਣੇ ਵਿਦਿਆਰਥੀ ਜਸਵੰਤ ਖਾਨੇਵਾਲ ਵੱਲੋਂ ਪੇਸ਼ ਜੁਗਣੀ ਅਤੇ ਹੋਰ ਪੇਸ਼ਕਾਰੀਆਂ ਨੇ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਕਾਰਨੀਵਲ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਕੀਤਾ।

ਉਨ੍ਹਾਂ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਅਤੇ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਵਿਕਾਸ ਅਤੇ ਸਫਲਤਾ ਲਈ ਅਜਿਹੇ ਸਮਾਗਮਾਂ, ਮੁਕਾਬਲਿਆਂ ਅਤੇ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਾਲਜ ਵੱਲੋਂ ਇਸ ਤਰ੍ਹਾਂ ਦਾ ਮੇਲੇ ਦਾ ਆਯੋਜਨ ਪਹਿਲਾ ਉਪਰਾਲਾ ਸੀ, ਜੋ ਕਿ ਬਹੁਤ ਸਫ਼ਲ ਸਿੱਧ ਹੋਇਆ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦੇ ਜੀਵਨ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਕਾਲਜ ਦਾ ਸਾਰਾ ਸਟਾਫ਼ ਅਤੇ ਵਿਦਿਆਰਥੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੀ ਅਣਥੱਕ ਮਿਹਨਤ ਨਾਲ ਇਸ ਮੇਲੇ ਦਾ ਸਫ਼ਲ ਆਯੋਜਨ ਹੋਇਆ।

ਕਾਰਨੀਵਲ ਦੌਰਾਨ ਕ੍ਰੇਜ਼ੀ ਬੰਡਲਜ਼, ਦੀ ਸੀਕਰੇਟ ਚੈਂਬਰ, ਖੇਲ-ਖਜ਼ਾਨਾ, ਪਲੇ ਲੈਂਡ, ਛਪਾਕ, ਪਿੱਕ ਐਂਡ ਡਰਾਪ , ਏ.ਟੀ.ਸੀ ਵਰਗੀਆਂ ਮਨੋਰੰਜਕ ਖੇਡਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।

ਫੈਸ਼ਨ ਟੈਕਨਾਲੋਜੀ ਵਿਭਾਗ ਅਤੇ ਫੂਡ ਐਂਡ ਨਿਊਟ੍ਰੀਸ਼ਨ ਵਿਭਾਗ ਨੇ ਆਪਣੇ ਡਿਜ਼ਾਈਨਾਂ, ਕਲਾ, ਸ਼ਿਲਪਕਾਰੀ ਅਤੇ ਪੌਸ਼ਟਿਕ ਭੋਜਨ ਪਦਾਰਥਾਂ ਨੂੰ ਪ੍ਰਦਰਸ਼ਿਤ ਕਰਨ ਲਈ ਵਿਸ਼ੇਸ਼ ਸਟਾਲ ਲਗਾਏ।

ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਨੌਜਵਾਨ ਪੀੜ੍ਹੀ ਦੇ ਮਨਭਾਉਂਦੇ ਸ਼ਬਦ, ਗੀਤ-ਗਜ਼ਲਾਂ, ਲੋਕ-ਗੀਤ ਅਤੇ ਹੋਰ ਬਹੁਤ ਸਾਰੀਆਂ ਸੰਗੀਤਕ ਵੰਨਗੀਆਂ ਪੇਸ਼ ਕੀਤੀਆਂ.

ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਪੰਜਾਬੀ ਵਿਭਾਗ ਤੋਂ ਡਾ: ਰੁਪਿੰਦਰ ਸਿੰਘ ਢਿੱਲੋਂ ਨੇ ਕੀਤਾ। ਇਸ ਕਾਰਨੀਵਲ ਨੇ ਵਿਦਿਆਰਥੀਆਂ 'ਤੇ ਅਭੁੱਲ ਛਾਪ ਛੱਡੀ ਅਤੇ ਲੰਬੇ ਸਮੇਂ ਲਈ ਸੁੰਦਰ ਯਾਦਾਂ ਪ੍ਰਦਾਨ ਕੀਤੀਆਂ।

# ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਸਦਨ 'ਚ ਵੋਟਿੰਗ ਜਾਂ ਭਾਸ਼ਣ ਲਈ ਰਿਸ਼ਵਤ ਲੈਣ 'ਤੇ ਮੁਕੱਦਮੇ ਤੋਂ ਛੋਟ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਵੋਟਿੰਗ ਜਾਂ ਸਦਨ ਵਿੱਚ ਭਾਸ਼ਣ ਦੇਣ ਲਈ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਮੁਕੱਦਮੇ ਤੋਂ ਛੋਟ ਨਹੀਂ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਸੱਤ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਝਾਰਖੰਡ ਮੁਕਤੀ ਮੋਰਚਾ (ਜੇਐਮਐਮ) ਰਿਸ਼ਵਤ ਮਾਮਲੇ ਵਿੱਚ ਪੰਜ ਜੱਜਾਂ ਦੇ ਬੈਂਚ ਵੱਲੋਂ ਦਿੱਤੇ 1998 ਦੇ ਫੈਸਲੇ ਨੂੰ ਸਰਬਸੰਮਤੀ ਨਾਲ ਉਲਟਾ ਦਿੱਤਾ। ਪੰਜ ਜੱਜਾਂ ਦੇ ਬੈਂਚ ਦੇ ਫੈਸਲੇ ਤਹਿਤ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਵੋਟਿੰਗ ਜਾਂ ਸਦਨ ਵਿੱਚ ਭਾਸ਼ਣ ਲਈ ਰਿਸ਼ਵਤ ਲੈਣ ਦੇਣ ਦੇ ਮਾਮਲਿਆਂ ਵਿੱਚ ਮੁਕੱਦਮੇ ਤੋਂ ਛੋਟ ਦਿੱਤੀ ਗਈ ਸੀ। ਚੀਫ ਜਸਟਿਸ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਰਿਸ਼ਵਤਖੋਰੀ ਦੇ ਮਾਮਲੇ ਸੰਸਦੀ ਕਾਨੂੰਨਸਾਜ਼ ਵਿਸ਼ੇਸ਼ ਅਧਿਕਾਰ ਤਹਿਤ ਸੁਰੱਖਿਅਤ ਨਹੀਂ ਹਨ ਅਤੇ 1998 ਦੇ ਫੈਸਲੇ ਦੀ ਵਿਆਖਿਆ ਸੰਵਿਧਾਨ ਦੀ ਧਾਰਾ 105 ਅਤੇ 194 ਦੇ ਉਲਟ ਹੈ।

# ਰਾਜਪਾਲ ਦੇ ਭਾਸ਼ਣ ਤੋਂ ਭੱਜ ਜਾਣ 'ਤੇ ਵਿਰੋਧੀ ਧਿਰ ਉਤੇ ਜੰਮ ਕੇ ਵਰ੍ਹੇ ਮੁੱਖ ਮੰਤਰੀ

**➢ ਪੰਜਾਬ ਤੇ ਪੰਜਾਬੀਆਂ ਦੀ ਤਰੱਕੀ ਤੇ ਖੁਸ਼ਹਾਲੀ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੀ ➢ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਸਦਨ ਵਿੱਚੋਂ ਭੱਜ ਜਾਣ ਤੋਂ ਡੱਕਣ ਲਈ ਵਿਧਾਨ ਸਭਾ ਦੇ ਸਪੀਕਰ ਨੂੰ ਤੋਹਫੇ ਵਜੋਂ ਜਿੰਦਰਾ ਭੇਟ ਕੀਤਾ**

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਰਾਜਪਾਲ ਦੇ ਭਾਸ਼ਣ ਤੋਂ ਭੱਜ ਜਾਣ ਲਈ ਵਿਰੋਧੀ ਧਿਰ ਉਤੇ ਜੰਮ ਕੇ ਵਰ੍ਹਦਿਆਂ ਕਿਹਾ ਕਿ ਅਸਲ ਵਿੱਚ ਸੂਬੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੀਤੇ ਜਾ ਰਹੇ ਉਪਰਾਲੇ ਵਿਰੋਧੀ ਪਾਰਟੀ ਦੇ ਵਿਧਾਇਕਾਂ ਨੂੰ ਹਜ਼ਮ ਨਹੀਂ ਹੋ ਰਹੇ। ਸਦਨ ਵਿੱਚ ਰਾਜਪਾਲ ਦੇ ਭਾਸ਼ਣ ਉਤੇ ਚਰਚਾ ਵਿੱਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਨੇਤਾਵਾਂ ਨੂੰ ਸੂਬੇ ਦੀ ਭੋਰਾ ਵੀ ਪ੍ਰਵਾਹ ਨਹੀਂ ਸਗੋਂ ਇਹ ਲੋਕ ਕਿਸੇ ਨਾ ਕਿਸੇ ਢੰਗ ਨਾਲ ਸਿਆਸੀ ਚੌਧਰੀ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਅਣਥੱਕ ਯਤਨ ਕਰ ਰਹੀ ਹੈ ਤਾਂ ਵਿਰੋਧੀ ਪਾਰਟੀ ਅੰਨਦਾਤਿਆਂ ਦੇ ਮੁੱਦਿਆਂ ਉਤੇ ਸਿਰਫ ਮਗਰਮੱਛ ਦੇ ਹੰਝੂ ਵਹਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਲੀਡਰਾਂ ਦੇ ਸ਼ੱਕੀ ਕਿਰਦਾਰ ਕਰਕੇ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਨੇ ਮੂੰਹ ਨਹੀਂ ਲਾਇਆ ਅਤੇ ਹੁਣ ਅਗਾਮੀ ਲੋਕ ਸਭਾ ਚੋਣਾਂ ਵਿੱਚ ਵੀ ਇਹ ਪੰਜਾਬ ਵਾਸੀ ਇਨ੍ਹਾਂ ਨੂੰ ਸਬਕ ਸਿਖਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਸੂਬਾ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਬੇਮਿਸਾਲ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਲੋਕਾਂ ਦੀ ਭਲਾਈ ਜਾਂ ਲੋਕਾਂ ਦੀ ਖੁਸ਼ਹਾਲੀ ਨਾਲ ਕੋਈ ਲੈਣਾ-ਦੇਣਾ ਨਹੀਂ ਸਗੋਂ ਇਨ੍ਹਾਂ ਆਗੂਆਂ ਨੂੰ ਸਿਰਫ਼ ਸੱਤਾ ਹਾਸਲ ਕਰਨ ਦੀ ਚਿੰਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, ਇਨ੍ਹਾਂ ਲੋਕਾਂ ਦੀਆਂ ਮਾੜੀਆਂ ਨੀਤੀਆਂ ਨੇ ਸੂਬੇ ਦਾ ਭਵਿੱਖ ਤਬਾਹ ਕਰ ਦਿੱਤਾ ਹੈ। ਲੋਕਾਂ ਨੂੰ ਦੋ ਡੰਗ ਦੀ ਰੋਟੀ ਦਾ ਬੰਦੋਬਸਤ ਕਰਨ ਲਈ ਮਾਮੂਲੀ ਜਿਹੀਆਂ ਨੌਕਰੀਆਂ ਕਰਨੀਆਂ ਪਈਆਂ ਹਨ, ਜਦੋਂ ਕਿ ਇਨ੍ਹਾਂ ਲੋਕਾਂ ਨੇ ਆਪਣੇ ਪਿਓ-ਦਾਦਿਆਂ ਦੇ ਤਸਕਰੀ ਦੇ 'ਸੋਨੇ ਦੇ ਬਿਸਕੁਟਾਂ' ਦੇ ਸਹਾਰੇ ਜ਼ਿੰਦਗੀ ਦਾ ਆਨੰਦ ਮਾਣਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਸਰਕਾਰ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਸੂਬੇ ਦਾ ਖਜ਼ਾਨਾ ਖਾਲੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦਾ ਇਕ-ਇਕ ਪੈਸਾ ਲੋਕਾਂ ਦੀ ਭਲਾਈ ਲਈ ਸੂਝ-ਬੂਝ ਨਾਲ ਵਰਤਿਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਸੂਬੇ ਨੇ ਬੇਮਿਸਾਲ ਤਰੱਕੀ ਅਤੇ ਵਿਕਾਸ ਕੀਤਾ ਹੈ ਜਿਸ ਨੂੰ ਇਹ ਆਗੂ ਹਜ਼ਮ ਨਹੀਂ ਕਰ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਆਮ ਆਦਮੀ ਕਲੀਨਿਕ, ਤੀਰਥ ਯਾਤਰਾ ਯੋਜਨਾ, ਸਕੂਲ ਆਫ਼ ਐਮੀਨੈਂਸ, ਮੁਫ਼ਤ ਬਿਜਲੀ, ਬੁਨਿਆਦੀ ਢਾਂਚੇ ਦਾ ਵੱਡੇ ਪੱਧਰ 'ਤੇ ਵਿਕਾਸ ਜਾਂ ਹੋਰ ਲੋਕ ਪੱਖੀ ਪਹਿਲਕਦਮੀਆਂ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਲਸੀ ਲੀਡਰਾਂ ਨੂੰ ਸਿਰਫ਼ ਸੱਤਾ ਦੀ ਭੁੱਖ ਹੈ ਕਿਉਂਕਿ ਇਹ ਲੋਕ ਇਸ ਤੋਂ ਬਿਨਾਂ ਨਹੀਂ ਰਹਿ ਸਕਦੇ ਅਤੇ ਵਿਰੋਧੀ ਧਿਰ ਵਿੱਚ ਰਹਿ ਕੇ ਇਨ੍ਹਾਂ ਦਾ ਗੁਜ਼ਾਰਾ ਹੁਣ ਬਹੁਤ ਔਖਾ ਹੋ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਤੋਂ ਤੰਗ ਆ ਕੇ ਲੋਕਾਂ ਨੇ ਸਾਲ 2022 ਵਿੱਚ ਗੈਰ-ਸਿਆਸੀ ਪਿਛੋਕੜ ਵਾਲੇ 95 ਫੀਸਦੀ ਲੋਕਾਂ ਨੂੰ ਆਪਣੇ ਵਿਧਾਇਕ ਚੁਣਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 1080 ਕਰੋੜ ਰੁਪਏ ਦੀ ਲਾਗਤ ਨਾਲ ਨਿੱਜੀ ਕੰਪਨੀ ਦੇ ਜੀ.ਵੀ.ਕੇ. ਪਾਵਰ ਪਾਵਰ ਦੀ ਮਾਲਕੀ ਵਾਲੇ ਗੋਇੰਦਵਾਲ ਪਾਵਰ ਪਲਾਂਟ ਨੂੰ ਖਰੀਦ ਕੇ ਸਫਲਤਾ ਦੀ ਨਵੀਂ ਕਹਾਣੀ ਲਿਖੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਹਿਲੀ ਵਾਰ ਉਲਟਾ ਰੁਝਾਨ ਦੇਖਣ ਨੂੰ ਮਿਲਿਆ ਹੈ ਕਿਉਂਕਿ ਸਰਕਾਰ ਨੇ ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ ਜਦਕਿ ਪਹਿਲੀ ਸੂਬਾ ਸਰਕਾਰਾਂ ਆਪਣੀਆਂ ਜਾਇਦਾਦਾਂ ਚਹੇਤੇ ਵਿਅਕਤੀਆਂ ਨੂੰ ਕੌਡੀਆਂ ਦੇ ਭਾਅ ਵੇਚਦੀਆਂ ਸਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਥਰਮਲ ਪਲਾਂਟ ਦਾ ਨਾਂ ਤੀਜੇ ਸਿੱਖ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਨ੍ਹਾਂ ਨੇ ਆਪਣਾ ਜ਼ਿਆਦਾਤਰ ਸਮਾਂ ਗੋਇੰਦਵਾਲ ਸਾਹਿਬ ਵਿਖੇ ਬਿਤਾਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤੇ ਆਗੂ 'ਮੌਕਾਪ੍ਰਸਤ ਅਤੇ ਦਲ-ਬਦਲੂ' ਹਨ ਜੋ ਆਪਣੇ ਸਵਾਰਥਾਂ ਅਨੁਸਾਰ ਵਫ਼ਾਦਾਰੀ ਬਦਲ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਕਦੇ ਵੀ ਆਮ ਆਦਮੀ ਦੀ ਭਲਾਈ ਦੀ ਪ੍ਰਵਾਹ ਨਹੀਂ ਕੀਤੀ ਅਤੇ ਹਮੇਸ਼ਾ ਆਪਣੇ ਹਿੱਤਾਂ ਨੂੰ ਪਹਿਲ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸਿਰਫ਼ ਆਪਣੀ ਹਾਈਕਮਾਨ ਨੂੰ ਖ਼ੁਸ਼ ਕਰਨ ਲਈ ਪੰਜਾਬ ਦਾ ਪੈਸਾ ਦੂਜੇ ਸੂਬਿਆਂ ਵਿੱਚ ਲੁਟਾ ਦਿੱਤਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।

# ਭਾਰਤ ਫੌਜੀ ਸਾਜ਼ੋ-ਸਾਮਾਨ ਲਈ ਦਰਾਮਦ 'ਤੇ ਨਿਰਭਰ ਨਹੀਂ ਰਹਿ ਸਕਦਾ: ਰਾਜਨਾਥ ਸਿੰਘ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨ ਦੀ ਨਰਿੰਦਰ ਮੋਦੀ ਸਰਕਾਰ ਦੀ ਤਰਜੀਹ 'ਤੇ ਜ਼ੋਰ ਦਿੰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਭਾਰਤ ਵਰਗਾ ਵੱਡਾ ਦੇਸ਼ ਫੌਜੀ ਸਾਜ਼ੋ-ਸਾਮਾਨ ਦੀ ਦਰਾਮਦ 'ਤੇ ਨਿਰਭਰ ਨਹੀਂ ਰਹਿ ਸਕਦਾ ਕਿਉਂਕਿ ਅਜਿਹੀ ਨਿਰਭਰਤਾ ਉਸ ਦੀ ਰਣਨੀਤਕ ਖੁਦਮੁਖਤਿਆਰੀ ਦੇ ਖਿਲਾਫ 'ਘਾਤਕ' ਹੋ ਸਕਦੀ ਹੈ। 'ਡੇਫਕਨੈਕਟ 2024' ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਜਨਾਥ ਨੇ ਦਾਅਵਾ ਕੀਤਾ ਕਿ ਰੱਖਿਆ ਦਰਾਮਦਾਂ 'ਤੇ ਨਿਰਭਰਤਾ ਕਾਰਨ ਭਾਰਤ ਨੂੰ ਅਤੀਤ 'ਚ ਮੁਸ਼ਕਲ ਸਮਿਆਂ ਦਾ ਸਾਹਮਣਾ ਕਰਨਾ ਪਿਆ ਹੈ। ਰਾਜਨਾਥ ਸਿੰਘ ਨੇ ਕਿਹਾ ਕਿ ਅਸੀਂ ਰਣਨੀਤਕ ਖੁਦਮੁਖਤਿਆਰੀ ਤਾਂ ਹੀ ਬਰਕਰਾਰ ਰੱਖ ਸਕਾਂਗੇ ਜਦੋਂ ਹਥਿਆਰ ਅਤੇ ਉਪਕਰਨ ਸਾਡੇ ਦੇਸ਼ 'ਚ ਸਾਡੇ ਆਪਣੇ ਲੋਕਾਂ ਵਲੋਂ ਬਣਾਏ ਜਾਣਗੇ। ਅਸੀਂ ਇਸ ਦਿਸ਼ਾ 'ਚ ਕੰਮ ਕੀਤਾ ਅਤੇ ਅਸੀਂ ਸਕਾਰਾਤਮਕ ਨਤੀਜੇ ਵੀ ਦੇਖੇ। ਉਨ੍ਹਾਂ ਕਿਹਾ ਕਿ ਸਾਲ 2014 ਦੇ ਆਲੇ-ਦੁਆਲੇ ਸਾਡਾ ਘਰੇਲੂ ਰੱਖਿਆ ਉਤਪਾਦਨ 44,000 ਕਰੋੜ ਰੁਪਏ ਸੀ, ਅੱਜ ਸਾਡਾ ਘਰੇਲੂ ਰੱਖਿਆ ਉਤਪਾਦਨ 1 ਲੱਖ ਕਰੋੜ ਰੁਪਏ ਦੇ ਰਿਕਾਰਡ ਅੰਕੜੇ ਨੂੰ ਪਾਰ ਕਰ ਗਿਆ ਹੈ ਅਤੇ ਇਹ ਲਗਾਤਾਰ ਵਧ ਰਿਹਾ ਹੈ।

ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਕਿਸੇ ਵੀ ਮਹੱਤਵਪੂਰਨ ਖੇਤਰ 'ਚ ਦਰਾਮਦ 'ਤੇ ਨਿਰਭਰ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਵਰਗਾ ਵੱਡਾ ਦੇਸ਼ ਕਿਸੇ ਵੀ ਮਹੱਤਵਪੂਰਨ ਖੇਤਰ 'ਚ ਦਰਾਮਦ 'ਤੇ ਨਿਰਭਰ ਨਹੀਂ ਹੋ ਸਕਦਾ। ਜੇਕਰ ਅਸੀਂ ਫੌਜੀ ਸਾਜ਼ੋ-ਸਾਮਾਨ ਅਤੇ ਹਥਿਆਰਾਂ ਦੀ ਦਰਾਮਦ 'ਤੇ ਨਿਰਭਰ ਰਹਿੰਦੇ ਹਾਂ ਤਾਂ ਇਹ ਨਿਰਭਰਤਾ ਸਾਡੀ ਰਣਨੀਤਕ ਖੁਦਮੁਖਤਿਆਰੀ ਲਈ ਘਾਤਕ ਹੋ ਸਕਦੀ ਹੈ।

# ਕੇਜਰੀਵਾਲ ਸਰਕਾਰ ਦਾ ਬਜਟ 'ਚ ਐਲਾਨ, ਔਰਤਾਂ ਨੂੰ ਹਰ ਮਹੀਨੇ ਮਿਲਣਗੇ 1000 ਰੁਪਏ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਸੋਮਵਾਰ ਨੂੰ ਰਾਜ ਵਿਧਾਨ ਸਭਾ 'ਚ ਵਿੱਤ ਸਾਲ 2024-25 ਲਈ 76,000 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। ਆਪਣੇ ਪਹਿਲੇ ਬਜਟ ਭਾਸ਼ਣ 'ਚ ਆਤਿਸ਼ੀ ਨੇ ਕਿਹਾ ਕਿ ਸਰਕਾਰ ਰਾਮ ਰਾਜ ਦੇ ਸੁਫ਼ਨੇ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਕਿਵੇਂ ਆਮ ਆਦਮੀ ਪਾਰਟੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕਾਰਜਕਾਲ 'ਚ ਦਿੱਲੀ ਦੀ ਤਸਵੀਰ ਬਦਲੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਮੁੱਖ ਮੰਤਰੀ ਮਹਿਲਾ ਸਨਮਾਨ ਯੋਜਨਾ ਦੇ ਅਧੀਨ 18 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਏ ਦੇਵੇਗੀ।

ਵਿੱਤ ਮੰਤਰੀ ਆਤਿਸ਼ੀ ਨੇ ਬਜਟ 'ਚ ਸਿੱਖਿਆ ਖੇਤਰ ਲਈ 16,396 ਕਰੋੜ ਰੁਪਏ ਵੰਡ ਦਾ ਪ੍ਰਸਤਾਵ ਰੱਖਇਆ ਹੈ। ਉਨ੍ਹਾਂ ਕਿਹਾ,"ਇਹ ਮਾਣ ਦੀ ਗੱਲ ਹੈ ਕਿ ਅਰਵਿੰਦ ਕੇਜਰੀਵਾਲ ਸਰਕਾਰ ਆਪਣਾ 10ਵਾਂ ਬਜਟ ਪੇਸ਼ ਕਰ ਰਹੀ ਹੈ। ਮੈਂ ਸਿਰਫ਼ 10ਵਾਂ ਬਜਟ ਨਹੀਂ ਸਗੋਂ ਬਦਲਦੀ ਦਿੱਲੀ ਦੀ ਤਸਵੀਰ ਪੇਸ਼ ਕਰ ਰਹੀ ਹਾਂ। ਕੇਜਰੀਵਾਲ ਆਸ ਦੀ ਕਿਰਨ ਬਣ ਕੇ ਆਏ। ਅਸੀਂ ਸਾਰੇ ਰਾਜ ਰਾਜ ਤੋਂ ਪ੍ਰੇਰਿਤ ਹਾਂ। ਅਸੀਂ ਰਾਮ ਰਾਜ ਦੇ ਸੁਫ਼ਨੇ ਨੂੰ ਸਾਕਾਰ ਕਰਨ ਲਈ ਮਿਹਨਤ ਨਾਲ ਕੰਮ ਕਰ ਰਹੇ ਹਾਂ।" ਆਤਿਸ਼ੀ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਯੂਨੀਵਰਸਿਟੀਆਂ ਅਤੇ ਆਈਟੀਆਈ 'ਚ 'ਬਿਜਨੈੱਸ ਬਲਾਸਟਰ' ਯੋਜਨਾ ਲਾਗੂ ਕਰੇਗੀ। ਇਸ ਲਈ ਬਜਟ 'ਚ 15 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਦਿੱਲੀ ਕੋਲ 2025 ਤੱਕ ਜਨਤਕ ਟਰਾਂਸਪੋਰਟ ਲਈ 10 ਹਜ਼ਾਰ ਬੱਸਾਂ ਹੋਣਗੀਆਂ। ਇਨ੍ਹਾਂ 'ਚੋਂ 80 ਫ਼ੀਸਦੀ ਈ-ਬੱਸਾਂ ਹੋਣਗੀਆਂ। ਦਿੱਲੀ ਬਜਟ 'ਚ ਅਣਅਧਿਕਾਰਤ ਕਾਲੋਨੀਆਂ ਦੇ ਵਿਕਾਸ ਲਈ 902 ਕਰੋੜ ਰੁਪਏ ਦਾ ਪ੍ਰਬੰਧ ਹੈ।

# ਮੋਦੀ ਦੇ ਸਮਰਥਨ ਵਿਚ ਜਲੰਧਰ ਦੀਆਂ ਔਰਤਾਂ ਨੇ ਕਰਵਾਈ ਮੈਰਾਥਨ



**ਜਲੰਧਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਮੋਦੀ ਦੇ ਸਮਰਥਨ 'ਚ ਜਲੰਧਰ ਦੀਆਂ ਔਰਤਾਂ ਨੇ ਮੈਰਾਥਨ ਦਾ ਆਯੋਜਨ ਕੀਤਾ। ਜਿਸ ਦੀ ਪ੍ਰਧਾਨਗੀ ਆਰਤੀ ਰਾਜਪੂਤ ਨੇ ਕੀਤੀ ਅਤੇ ਇਹ ਮੈਰਾਥਨ ਭਗਵਾਨ ਸ਼੍ਰੀ ਰਾਮ ਚੌਂਕ ਤੋਂ ਸ਼ੁਰੂ ਹੋ ਕੇ ਪ੍ਰਤਾਪ ਬਾਗ ਵਿਖੇ ਸਮਾਪਤ ਹੋਈ । ਇਸ ਵਿੱਚ ਸਵੈ-ਸਹਾਇਤਾ ਸਮੂਹਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਸੰਸਥਾਵਾਂ ਸਮੇਤ ਜਲੰਧਰ ਦੀਆਂ 250 ਤੋਂ ਵੱਧ ਔਰਤਾਂ ਨੇ ਭਾਗ ਲਿਆ। ਇਸ ਸਮਾਗਮ ਰਾਹੀਂ ਔਰਤਾਂ ਨੇ ਮੋਦੀ ਸਰਕਾਰ ਵੱਲੋਂ ਔਰਤਾਂ ਦੇ ਵਿਕਾਸ ਲਈ ਚੁੱਕੇ ਗਏ ਕਦਮਾਂ ਅਤੇ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ। ਆਰਤੀ ਰਾਜਪੂਤ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਮੋਦੀ ਸਰਕਾਰ 'ਚ ਜਿਸ ਤਰ੍ਹਾਂ ਮਹਿਲਾ ਸ਼ਕਤੀ ਨੂੰ ਅੱਗੇ ਵਧਾਇਆ ਗਿਆ ਹੈ, ਉਸ ਦਾ ਪ੍ਰਤੀਬਿੰਬ ਪੂਰੇ ਦੇਸ਼ 'ਚ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ 2014-15 ਵਿੱਚ ਹਥਿਆਰਬੰਦ ਬਲਾਂ ਵਿੱਚ ਸਿਰਫ਼ 3 ਹਜ਼ਾਰ ਮਹਿਲਾ ਅਧਿਕਾਰੀ ਸਨ ਅਤੇ ਅੱਜ ਇਨ੍ਹਾਂ ਦੀ ਗਿਣਤੀ 10 ਹਜ਼ਾਰ ਤੋਂ ਵੱਧ ਹੈ।ਉਜਵਲਾ ਯੋਜਨਾ ਤਹਿਤ 12 ਕਰੋੜ ਤੋਂ ਵੱਧ ਔਰਤਾਂ ਨੂੰ ਮੁਫ਼ਤ ਗੈਸ ਕੁਨੈਕਸ਼ਨ ਦਿੱਤੇ ਗਏ ਹਨ ਅਤੇ ਪ੍ਰਧਾਨ ਮੰਤਰੀ ਆਵਾਸ ਦੇ ਅਧੀਨ ਯੋਜਨਾ ਤਹਿਤ 4 ਕਰੋੜ ਤੋਂ ਵੱਧ ਔਰਤਾਂ ਨੂੰ ਮੁਫ਼ਤ ਗੈਸ ਕੁਨੈਕਸ਼ਨ ਦਿੱਤੇ ਗਏ ਹਨ।ਜਿਆਦਾ ਘਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ 66 ਫ਼ੀਸਦੀ ਤੋਂ ਵੱਧ ਔਰਤਾਂ ਹਨ।ਜਨ ਧਨ ਯੋਜਨਾ ਵਿੱਚ ਵੀ ਔਰਤਾਂ ਲਈ 55 ਫ਼ੀਸਦੀ ਤੋਂ ਵੱਧ ਖਾਤੇ ਖੋਲ੍ਹੇ ਗਏ ਹਨ।ਉਨ੍ਹਾਂ ਕਿਹਾ ਕਿ ਸੰਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੱਲ ਹੈ ਕਿ ਜੇਕਰ ਦੇਸ਼ ਦੀਆਂ ਔਰਤਾਂ ਸਸ਼ਕਤ ਹੋਣਗੀਆਂ ਤਾਂ ਸਾਡਾ ਸਮਾਜ ਹੋਰ ਮਜ਼ਬੂਤ ਹੋਵੇਗਾ।ਉਨ੍ਹਾਂ ਕਿਹਾ ਕਿ ਪੀ.ਐਮ ਮੋਦੀ ਦੀ ਅਗਵਾਈ 'ਚ ਮਹਿਲਾ ਸ਼ਕਤੀ ਪੂਰੀ ਤਰ੍ਹਾਂ ਸੁਰੱਖਿਅਤ ਹੈ।ਸ਼ੈਲੀ ਖੰਨਾ ਨੇ ਕਿਹਾ ਕਿ ਵਿਕਸਿਤ ਭਾਰਤ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੱਲ ਨਾਰੀ ਸ਼ਕਤੀ ਦੇ ਆਸ਼ੀਰਵਾਦ ਨਾਲ ਹੀ ਸੰਭਵ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਉਹ ਲਗਾਤਾਰ ਯਤਨਸ਼ੀਲ ਹੈ। ਸ਼ਮਾ ਚੌਹਾਨ ਅਤੇ ਸ਼ਾਲੂ ਨੇ ਕਿਹਾ ਕਿ ਮੋਦੀ ਸਰਕਾਰ ਔਰਤਾਂ ਲਈ ਬਹੁਤ ਸਾਰੇ ਕੰਮ ਕਰ ਰਹੀ ਹੈ ਜਿਸ ਲਈ ਸਾਨੂੰ ਭਵਿੱਖ ਵਿੱਚ ਵੀ ਮੋਦੀ ਸਰਕਾਰ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕੀਤਾ ਹੈ।

# ਗੁਰਜੰਟ ਸਿਵੀਆਂ ਅਤੇ ਬਲਕਾਰ ਭੋਖੜਾ ਨੇ ਪਿੰਡਾਂ ਦਾ ਕੀਤਾ ਤੂਫਾਨੀ ਦੌਰਾ

**ਬਠਿੰਡਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿੱਛਲੇ ਦਿਨੀਂ ਬਠਿੰਡਾ ਜਿਲ੍ਹੇ ਦੇ ਵਿੱਚ ਹੋਈ ਭਾਰੀ ਗੜ੍ਹੇਮਾਰੀ ਕਾਰਨ ਕਿਸਾਨਾਂ ਦੀ ਫ਼ਸਲ ਅਤੇ ਗਗੁਰਜੰਟ ਸਿਵੀਆਂ ਅਤੇ ਬਲਕਾਰ ਭੋਖੜਾ ਨੇ ਪਿੰਡਾਂ ਦਾ ਕੀਤਾ ਤੂਫਾਨੀ ਦੌਰਰੀਬ ਲੋਕਾਂ ਦੇ ਘਰਾਂ ਦੇ ਹੋਏ ਭਿਆਨਕ ਨੁਕਸਾਨ ਦਾ ਜ਼ਾਇਜਾ ਲੈਣ ਦਾ ਕੰਮ ਗੁਰਜੰਟ ਸਿੰਘ ਸਿਵੀਆਂ ਵਾਈਸ ਚੇਅਰਮੈਨ ਐਸ. ਸੀ. ਫਾਇਨਾਂਸ ਕਾਰਪੋਰੇਸ਼ਨ ਅਤੇ ਮੰਡੀਕਰਨ ਬੋਰਡ ਦੇ ਮੈਂਬਰ ਬਲਕਾਰ ਸਿੰਘ ਭੋਖੜਾ ਨੇ 2 ਮਾਰਚ ਜਿਸ ਦਿਨ ਗੜ੍ਹੇਮਾਰੀ ਹੋਈ ਸੀ ਉਸੇ ਦਿਨ ਸ਼ਾਮ ਤੋ ਹੀ ਪਿੰਡਾ ਦੇ ਲੋਕਾਂ ਵਿੱਚ ਜਾ ਕੇ ਓਹਨਾ ਦੇ ਹੋਏ ਨੁਕਸਾਨ ਦਾ ਜਾਇਜਾ ਲੈਣ ਦਾ ਕੰਮ ਜਾਰੀ ਹੈ ਅੱਜ ਇਸੇ ਲੜੀ ਤਹਿਤ ਪਿੰਡ ਆਕਲੀਆ ਕਲਾਂ, ਅਕਲੀਆ ਖ਼ੁਰਦ, ਬ ?ਲਾਹੜ ਮਹਿਮਾਂ ਕੋਠੇ ਮਨਸੁਰਕੇ, ਕੋਠੇ ਇੰਦਰ ਸਿੰਘ ਵਾਲੇ, ਕੋਠੇ ਨੱਥਾ ਸਿੰਘ ਵਾਲੇ, ਆਦਿ ਪਿੰਡਾਂ ਦਾ ਦੌਰਾ ਕਰਕੇ ਫ਼ਸਲਾਂ ਦੇ ਹੋਏ ਨੁਕਸਾਨ ਦਾ ਖੇਤਾਂ ਵਿੱਚ ਜਾ ਕੇ ਮੌਕਾ ਦੇਖਿਆ ਗਿਆ ਅਤੇ ਲੋਕਾਂ ਦੇ ਹੋਏ ਨੁਕਸਾਨ ਕਾਰਨ ਹਮਦਰਦੀ ਪ੍ਰਗਟਾਈ।

ਇਸ ਮੌਕੇ ਕਿਸਾਨਾਂ ਵਲੋ ਅਪਣੇ ਫ਼ਸਲੀ ਨੁਕਸਾਨ ਸੰਬੰਧੀ ਮੰਗ ਪੱਤਰ ਵੀ ਦਿੱਤੇ ਗਏ ਮੰਗ ਪੱਤਰ ਲੈਕੇ ਓਹਨਾ ਨੂੰ ਗੁਰਜੰਟ ਸਿਵੀਆਂ ਅਤੇ ਬਲਕਾਰ ਸਿੰਘ ਭੋਖੜਾ ਨੇ ਵਿਸਵਾਸ਼ ਦਵਾਇਆ ਕੇ ਇਸ ਸਬੰਧੀ ਪੂਰੀ ਜਾਣਕਾਰੀ ਸਰਕਾਰ ਤੱਕ ਪਹੁੰਚਾਈ ਜਾਵੇਗੀ।

# ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਲਖਨਊ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਪੁਲਸ ਨੇ ਸੋਮਵਾਰ ਨੂੰ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਇਕ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਅਨੁਸਾਰ, ਧਮਕੀ ਭਰਿਆ ਫੋਨ 2 ਮਾਰਚ ਨੂੰ ਸੁਰੱਖਿਆ ਹੈੱਡ ਕੁਆਰਟਰ 'ਚ ਤਾਇਨਾਤ ਇਕ ਚੀਫ਼ ਕਾਂਸਟੇਬਲ ਨੂੰ ਕੀਤਾ ਗਿਆ ਸੀ। ਅਧਿਕਾਰੀਆਂ ਨੇ ਕਿਹਾ,"ਫੋਨ ਕਰਨ ਵਾਲੇ ਨੇ ਚੀਫ਼ ਕਾਂਸਟੇਬਲ ਨੂੰ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ ਅਤੇ ਫੋਨ ਕੱਟ ਦਿੱਤਾ।" ਪੁਲਸ ਨੇ ਕਿਹਾ ਕਿ ਫੋਨ ਕਰਨ ਵਾਲੇ ਖ਼ਿਲਾਫ਼ ਮਹਾਨਗਰ ਪੁਲਸ ਸਟੇਸ਼ਨ 'ਚ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਜਾਂਚ ਜਾਰੀ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਯੋਗੀ ਅਤੇ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਜਾ ਚੁੱਕੀ ਹੈ। ਧਮਕੀ ਦੇਣ ਵਾਲੇ 2 ਦੋਸ਼ੀਆਂ ਨੂੰ ਉੱਤਰ ਪ੍ਰਦੇਸ਼ ਐੱਸ.ਟੀ.ਐੱਫ. ਨੇ ਰਾਜਧਾਨੀ ਲਖਨਊ ਦੇ ਗੋਮਤੀ ਨਗਰ ਸਥਿਤ ਵਿਭੂਤੀ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਸੀ। ਦੋਸ਼ੀਆਂ ਦੇ ਨਾਂ ਤਾਹਰ ਸਿੰਘ ਅਤੇ ਓਮਪ੍ਰਕਾਸ਼ ਮਿਸ਼ਰਾ ਸਨ ਅਤੇ ਦੋਵੇਂ ਹੀ ਰਾਜ ਦੇ ਗੋਂਡਾ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਗ੍ਰਿਫ਼ਤਾਰ ਦੋਸ਼ੀਆਂ ਨੇ ਪੁੱਛ-ਗਿੱਛ 'ਚ ਦੱਸਿਆ ਕਿ ਉਹ ਇਕ ਪੈਰਾਮੈਡੀਕਲ ਇੰਸਟੀਚਿਊਟ 'ਚ ਕੰਮ ਕਰਦੇ ਸਨ।

# ਮੁਹਾਲੀ 'ਚ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ, 15 ਰਾਊਂਡ ਹੋਏ ਫਾਇਰ

**ਮੁਹਾਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦਿਨ ਦਿਹਾੜੇ ਮੁਹਾਲੀ 'ਚ ਵੱਡੀ ਵਾਰਦਾਤ ਵਾਪਰੀ ਹੈ। ਸ਼ਾਪਿੰਗ ਮਾਲ 'ਚ ਗਏ ਇਕ ਨੌਜਵਾਨ ਦਾ ਸ਼ਰੇਆਮ ਕਤਲ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਜੰਮੂ ਦਾ ਰਹਿਣ ਵਾਲਾ ਸੀ ਅਤੇ ਉਹ ਅੱਜ ਸਵੇਰੇ ਸੈਕਟਰ 67 ਦੇ ਸੀ.ਪੀ. ਮਾਲ 'ਚ ਸ਼ਾਪਿੰਗ ਕਰਨ ਗਿਆ ਸੀ, ਜਿਵੇਂ ਹੀ ਨੌਜਵਾਨ ਬਾਹਰ ਆਇਆ, ਹਮਲਾਵਰਾਂ ਵਲੋਂ ਉਸ 'ਤੇ 15 ਰਾਊਂਡ ਫਾਇਰ ਕੀਤੇ ਗਏ, ਜਿਸ ਮਗਰੋਂ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਰਾਜੇਸ਼ ਡੋਗਰਾ ਵਜੋਂ ਹੋਈ ਹੈ, ਜੋ ਜੰਮੂ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਫਿਲਹਾਲ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ।

# ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਆਦਮਪੁਰ ਸ਼ਹਿਰ 'ਚ 6.45 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ



**ਆਦਮਪੁਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਆਦਮਪੁਰ ਸ਼ਹਿਰ ਵਿੱਚ 6.45 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਵਾਲੇ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ 14 ਕਿਲੋਮੀਟਰ ਲੰਬੀ ਸੀਵਰੇਜ ਲਾਈਨ ਨਾਲ ਆਦਮਪੁਰ ਸ਼ਹਿਰ ਦੇ ਲੋਕਾਂ ਦੀਆਂ ਸੀਵਰੇਜ ਸਬੰਧੀ ਵੱਡੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਰਾਹਤ ਮਿਲੇਗੀ।

ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਇਲਾਕੇ ਵਿੱਚ ਸੀਵਰੇਜ ਕਵਰੇਜ 60 ਤੋਂ ਵਧ ਕੇ 90 ਫੀਸਦੀ ਹੋ ਜਾਵੇਗੀ ਅਤੇ 2940 ਘਰਾਂ ਦੇ 14000 ਤੋਂ ਵੱਧ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਵੱਲੋਂ ਲੋੜੀਂਦੇ ਫੰਡ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਇਸ ਕੰਮ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਲਗਾਤਾਰ ਰੱਖੇ ਜਾ ਰਹੇ ਹਨ ਅਤੇ ਜੋ ਕੰਮ ਮੁਕੰਮਲ ਹੋ ਚੁੱਕੇ ਹਨ, ਉਨ੍ਹਾਂ ਨੂੰ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ।

# ਹਿੰਦੂ ਨਹੀਂ ਹਨ ਨਰਿੰਦਰ ਮੋਦੀ, ਪਲਟੂਰਾਮ ਹਨ ਨਿਤੀਸ਼ : ਲਾਲੂ ਯਾਦਵ

**ਪਟਨਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਬਿਹਾਰ ਦੀ ਰਾਜਧਾਨੀ ਪਟਨਾ 'ਚ ਮਹਾਗੱਠਜੋੜ ਦੀ ਵੱਡੀ ਰੈਲੀ 'ਚ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਪ੍ਰਧਾਨ ਲਾਲੂ ਯਾਦਵ ਨੇ ਇਥੇ ਰੈਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਜੰਮ ਕੇ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ 'ਨਰਿੰਦਰ ਮੋਦੀ ਅੱਜਕੱਲ ਪਰਿਵਾਰਵਾਦ ਦੀਆਂ ਗੱਲਾਂ ਕਰ ਰਹੇ ਹਨ। ਤੁਹਾਡੇ ਕੋਲ ਕੋਈ ਪਰਿਵਾਰ ਨਹੀਂ ਹੈ। ਤੁਸੀਂ ਹਿੰਦੂ ਵੀ ਨਹੀਂ ਹੋ।' ਉਨ੍ਹਾਂ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਅਤੇ ਉਨ੍ਹਾਂ ਨੂੰ 'ਪਲਟੂਰਾਮ' ਦੱਸਿਆ।

ਲਾਲੂ ਯਾਦਵ ਨੇ ਕਿਹਾ, "ਮੋਦੀ ਕੀ ਕੋਈ ਚੀਜ਼ ਹੈ ? ਇਹ ਅੱਜਕੱਲ ਪਰਿਵਾਰਵਾਦ 'ਤੇ ਹਮਲਾ ਕਰ ਰਹੇ ਹਨ। ਕਹਿੰਦੇ ਹਨ ਕਿ ਲੋਕ ਪਰਿਵਾਰ ਲਈ ਲੜ ਰਹੇ ਹਨ। ਤੁਹਾਡੇ ਮਾਤਾ ਜੀ ਦਾ ਜਦੋਂ ਦਿਹਾਂਤ ਹੋਇਆ। ਹਰ ਹਿੰਦੂ ਆਪਣੀ ਮਾਂ ਦੇ ਸੋਗ 'ਚ ਵਾਲ ਤੇ ਦਾੜੀ ਮੁੰਡਵਾਉਂਦੇ ਹਨ। ਤੁਸੀਂ ਦੱਸੋ ਕਿ ਤੁਸੀਂ ਕਿਉਂ ਨਹੀਂ ਮੁੰਡਵਾਏ ? ਰਾਮ-ਰਹੀਮ ਦੇ ਬੰਦਿਆਂ 'ਚ, ਦੇਸ਼ 'ਚ ਨਫ਼ਰਤ ਫੈਲਾ ਰਹੇ ਹੋ।" ਰਾਜਦ ਦੇ ਮੁਖੀ ਲਾਲੂ ਯਾਦਵ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਲੈ ਕੇ ਕਿਹਾ ਕਿ ਉਨ੍ਹਾਂ ਨਾਲ ਅਸੀਂ ਕੋਈ ਦੁਰਵਿਵਹਾਰ ਨਹੀਂ ਕੀਤਾ। ਉਹ ਪਹਿਲੀ ਵਾਰ ਵੀ ਜਦੋਂ ਨਿਕਲੇ ਸਨ ਤਾਂ ਅਸੀਂ ਉਸ ਗਾਲ੍ਹ ਨਹੀਂ ਕੱਢੀ, ਬੱਸ ਅਸੀਂ ਇਹੀ ਕਿਹਾ ਕਿ ਉਹ ਪਲਟੂਰਾਮ ਹਨ। ਨਹੀਂ ਪਲਟਣਾ ਚਾਹੀਦਾ ਸੀ ਪਰ ਦੁਬਾਰਾ ਸਾਡੇ ਕੋਲੋਂ ਗਲਤੀ ਹੋ ਗਈ।

# ਇਨੈਲੋ ਨੇਤਾ ਰਾਠੀ ਹੱਤਿਆ ਕਾਂਡ 'ਚ ਦੋ ਮੁਲਜ਼ਮ ਗੋਆ ਤੋਂ ਗ੍ਰਿਫ਼ਤਾਰ



**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਆਗੂ ਨਫੇ ਸਿੰਘ ਰਾਠੀ ਦੇ ਕਤਲ ਕੇਸ ਵਿੱਚ ਗੋਆ ਤੋਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨੈਲੋ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਰਾਠੀ ਅਤੇ ਪਾਰਟੀ ਵਰਕਰ ਜੈਕਿਸ਼ਨ ਦੀ 25 ਫਰਵਰੀ ਨੂੰ ਝੱਜਰ ਦੇ ਬਹਾਦਰਗੜ੍ਹ 'ਚ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾ ਕੇ ਹੱਤਿਆ ਕਰ ਦਿੱਤੀ। ਆਸ਼ੀਸ਼ ਅਤੇ ਸੌਰਭ ਨੂੰ ਹਰਿਆਣਾ ਪੁਲੀਸ ਦੀ ਸਪੈਸ਼ਲ ਟਾਸਕ ਫੋਰਸ, ਜ਼ਿਲ੍ਹਾ ਪੁਲੀਸ ਅਤੇ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਸਾਂਝੇ ਅਪਰੇਸ਼ਨ ਦੌਰਾਨ ਉੱਤਰੀ ਗੋਆ ਦੇ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਇਥੇ ਠਹਿਰੇ ਹੋਏ ਸਨ।

# ਕਰਨਾਟਕ ਵਿਖੇ ਕਾਲਜ 'ਚ 3 ਲੜਕੀਆਂ 'ਤੇ ਨੌਜਵਾਨ ਨੇ ਤੇਜ਼ਾਬ ਸੁੱਟਿਆ, ਪੀੜਤਾਂ ਦੇ ਚਿਹਰੇ ਝੁਲਸੇ




**ਮੰਗਲੌਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ ਕੰਨੜ ਜ਼ਿਲ੍ਹੇ ਦੇ ਕੜਾਬਾ ਕਸਬੇ ਵਿੱਚ ਸਥਿਤ ਸਰਕਾਰੀ ਕਾਲਜ ਵਿੱਚ ਨੌਜਵਾਨ ਨੇ ਤਿੰਨ ਵਿਦਿਆਰਥਣਾਂ 'ਤੇ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਨ੍ਹਾਂ ਦੇ ਚਿਹਰੇ ਬੁਰੀ ਤਰ੍ਹਾਂ ਝੁਲਸ ਗਏ। ਇਸ ਘਟਨਾ ਤੋਂ ਬਾਅਦ ਲੜਕੀਆਂ ਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਵਿਦਿਆਰਥਣਾਂ ਕਾਲਜ ਦੇ ਗਲਿਆਰੇ ਵਿੱਚ ਬੈਠੀਆਂ ਪ੍ਰੀ-ਯੂਨੀਵਰਸਿਟੀ ਕੋਰਸ (ਪੀਯੂਸੀ) ਦੀ ਪ੍ਰੀਖਿਆ ਦੀ ਤਿਆਰੀ ਕਰ ਰਹੀਆਂ ਸਨ, ਜਦੋਂ ਨੌਜਵਾਨ ਨੇ ਉਨ੍ਹਾਂ ਉੱਤੇ ਤੇਜ਼ਾਬ ਸੁੱਟ ਦਿੱਤਾ। ਨੌਜਵਾਨ ਨੇ ਆਪਣੀ ਪਛਾਣ ਛੁਪਾਉਣ ਲਈ ਮਾਸਕ ਅਤੇ ਟੋਪੀ ਪਾਈ ਹੋਈ ਸੀ। ਉਹ ਤੇਜ਼ਾਬ ਨਾਲ ਭਰੀ ਬੋਤਲ ਲੈ ਕੇ ਵਿਦਿਆਰਥਣਾਂ ਦੇ ਨੇੜੇ ਆਇਆ ਅਤੇ ਤੇਜ਼ਾਬ ਉਨ੍ਹਾਂ ਦੇ ਮੂੰਹ 'ਤੇ ਸੁੱਟ ਦਿੱਤਾ। ਮੁਲਜ਼ਮ ਦੀ ਪਛਾਣ ਕੇਰਲ ਦੇ ਕਾਸਰਗੋਡ ਜ਼ਿਲ੍ਹੇ ਦੇ ਰਹਿਣ ਵਾਲੇ ਅਬੀਨ ਵਜੋਂ ਹੋਈ ਹੈ। ਹਮਲੇ ਤੋਂ ਬਾਅਦ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਘਟਨਾ ਨੂੰ ਅੱਖੀਂ ਦੇਖਣ ਵਾਲੇ ਸਥਾਨਕ ਲੋਕਾਂ ਨੇ ਉਸ ਦਾ ਪਿੱਛਾ ਕਰਕੇ ਉਸ ਨੂੰ ਫੜ ਲਿਆ ਅਤੇ ਪੁਲੀਸ ਹਵਾਲੇ ਕਰ ਦਿੱਤਾ।

# ਸੜਕ 'ਤੇ ਖੜ੍ਹੇ ਕੰਟੇਨਰ ਦਾ ਕਾਰ ਟਕਰਾਈ, ਪਰਿਵਾਰ ਦੇ 5 ਜੀਆਂ ਦੀ ਮੌਤ

**ਵਡੋਦਰਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੇ ਵਡੋਦਰਾ ਸ਼ਹਿਰ ਨੇੜੇ ਹਾਈਵੇਅ 'ਤੇ ਖੜ੍ਹੇ ਕੰਟੇਨਰ ਨਾਲ ਕਾਰ ਦੀ ਟੱਕਰ ਹੋ ਗਈ, ਜਿਸ ਕਾਰਨ ਉਸ ਵਿੱਚ ਸਵਾਰ ਦੋ ਜੋੜਿਆਂ ਅਤੇ ਇੱਕ ਬੱਚੇ ਦੀ ਮੌਤ ਹੋ ਗਈ। ਇਹ ਹਾਦਸਾ ਐਤਵਾਰ ਦੇਰ ਰਾਤ ਉਸ ਸਮੇਂ ਵਾਪਰਿਆ ਜਦੋਂ ਇੱਕੋ ਪਰਿਵਾਰ ਦੇ ਦੋ ਵਿਅਕਤੀ ਆਪਣੀਆਂ ਪਤਨੀਆਂ ਅਤੇ ਦੋ ਬੱਚਿਆਂ ਸਮੇਤ ਵਡੋਦਰਾ ਜ਼ਿਲ੍ਹੇ ਦੇ ਕਰਜ਼ਨ ਤਾਲੁਕਾ ਤੋਂ ਕਾਰ ਵਿੱਚ ਵਾਪਸ ਆ ਰਹੇ ਸਨ।

ਕਾਰ ਸੜਕ ਕਿਨਾਰੇ ਖੜ੍ਹੇ ਕੰਟੇਨਰ ਨਾਲ ਟਕਰਾ ਗਈ। ਦੋ ਜੋੜਿਆਂ ਅਤੇ ਇਕ ਸਾਲ ਦੇ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਚਾਰ ਸਾਲ ਦਾ ਇਕ ਹੋਰ ਬੱਚਾ ਜ਼ਖਮੀ ਹੋ ਗਿਆ।

# ਚੰਡੀਗੜ੍ਹ ਸੀਨੀਅਰ ਡਿਪਟੀ ਮੇਅਰ ਚੋਣਾਂ 'ਚ ਭਾਜਪਾ ਦੀ ਜਿੱਤ, ਕਾਂਗਰਸ-ਆਪ ਗਠਜੋੜ ਨੂੰ ਮਿਲੀਆਂ 16 ਵੋਟਾਂ



**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਸੀਨੀਅਰ ਡਿਪਟੀ ਮੇਅਰ ਚੋਣ ਵਿਚ ਭਾਰਤੀ ਜਨਤਾ ਪਾਰਟੀ ਨੇ ਜਿੱਤ ਹਾਸਲ ਕਰ ਲਈ ਹੈ। ਭਾਜਪਾ ਵੱਲੋਂ 'ਇੰਡੀਆ' ਗਠਜੋੜ ਨੂੰ ਸ਼ਿਕਸਤ ਦੇ ਕੇ ਜਿੱਤ ਆਪਣੇ ਨਾਂ ਕੀਤੀ ਗਈ ਹੈ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕੁਲਜੀਤ ਸਿੰਘ ਸੰਧੂ ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਹੋਣਗੇ।

ਭਾਰਤੀ ਜਨਤਾ ਪਾਰਟੀ ਨੂੰ ਇਸ ਚੋਣ ਵਿਚ 19 ਵੋਟਾਂ ਮਿਲੀਆਂ। ਉੱਥੇ ਹੀ 'ਇੰਡੀਆ' ਗਠਜੋੜ ਦੀਆਂ ਭਾਈਵਾਲ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ 16 ਵੋਟਾਂ ਮਿਲੀਆਂ, ਉੱਥੇ ਹੀ 1 ਵੋਟ ਇਨਵੈਲਿਡ ਹੋ ਗਈ। ਇੱਥੇ ਇਹ ਵੀ ਦੱਸ ਦਈਏ ਕਿ ਚੰਡੀਗੜ੍ਹ ਭਾਜਪਾ ਦੇ ਕਿਸਾਨਾਂ ਬਾਰੇ ਦਿੱਤੇ ਵਿਵਾਦਤ ਬਿਆਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਇੱਕੋ-ਇਕ ਕੌਂਸਲਰ ਵੱਲੋਂ ਚੋਣਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਸੀ।

# ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੀ ਮੀਟਿੰਗ 'ਚ ਜਲ ਜੀਵਨ ਮਿਸ਼ਨ ਦੀਆਂ ਸਕੀਮਾਂ ਨੂੰ ਪ੍ਰਵਾਨਗੀ

**ਪਟਿਆਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਹੇਠ ਅੱਜ ਇੱਥੇ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੀ ਹੋਈ ਮੀਟਿੰਗ ਮੌਕੇ ਜ਼ਿਲ੍ਹੇ ਅੰਦਰ ਜਲ ਜੀਵਨ ਮਿਸ਼ਨ ਤੇ ਸਵੱਛ ਭਾਰਤ ਮਿਸ਼ਨ ਸਮੇਤ ਜਲ ਸਪਲਾਈ ਤੇ ਸੈਨੀਟੇਸ਼ਨ ਨਾਲ ਸਬੰਧਤ ਹੋਰ ਫਲੈਗਸ਼ਿਪ ਸਕੀਮਾਂ ਨੂੰ ਲਾਗੂ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਲ ਜੀਵਨ ਮਿਸ਼ਨ ਤਹਿਤ ਪੀਣ ਵਾਲਾ ਸ਼ੁੱਧ ਪਾਣੀ ਸਪਲਾਈ ਕਰਨ ਦੀਆਂ ਸਕੀਮਾਂ ਨੂੰ ਪ੍ਰਵਾਨਗੀ ਦਿੱਤੀ ਗਈ।

ਡਿਪਟੀ ਕਮਿਸ਼ਨਰ, ਜੋਕਿ ਅਹੁਦੇ ਵਜੋਂ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਦੇ ਚੇਅਰਮੈਨ ਹੁੰਦੇ ਹਨ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜ਼ਿਲ੍ਹੇ ਦੇ ਵਸਨੀਕਾਂ ਨੂੰ ਪੀਣ ਵਾਲਾ ਸਵੱਛ ਜਲ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਜਲ ਸੈਨੀਟੇਸ਼ਨ ਮਿਸ਼ਨ ਵੱਲੋਂ ਜ਼ਿਲ੍ਹੇ ਅੰਦਰ ਜਲ ਜੀਵਨ ਮਿਸ਼ਨ ਤੇ ਸਵੱਛ ਭਾਰਤ ਮਿਸ਼ਨ ਤਹਿਤ ਜਲ ਸਪਲਾਈ ਦੇ ਸਾਰੇ ਪ੍ਰੋਗਰਾਮਾਂ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਜਲ ਸਪਲਾਈ ਦੇ ਕੁਨੈਕਸ਼ਨ ਉਪਲੱਬਧ ਕਰਵਾ ਦਿੱਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪਟਿਆਲਾ ਤੇ ਫ਼ਤਿਹਗੜ੍ਹ ਸਾਹਿਬ ਦੇ ਫਲੋਰਾਈਡ ਮਿਲੇ ਪਾਣੀ ਵਾਲੇ 392 ਪਿੰਡਾਂ ਵਿੱਚ ਨਹਿਰੀ ਪਾਣੀ ਸਪਲਾਈ ਦਾ ਸਰਫ਼ੇਸ ਵਾਟਰ ਪ੍ਰਾਜੈਕਟ, ਹਲਕਾ ਰਾਜਪੁਰਾ ਦੇ ਪਿੰਡ ਪੱਬਰਾ ਵਿਖੇ 204 ਪਿੰਡਾਂ ਦੇ ਵਸਨੀਕਾਂ ਅਤੇ ਹਲਕਾ ਘਨੌਰ ਦੇ ਪਿੰਡ ਮੰਡੌਲੀ ਵਿਖੇ 112 ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਵਾਲੇ ਕਰੀਬ 300 ਕਰੋੜ ਰੁਪਏ ਦੀ ਲਾਗਤ ਵਾਲੇ ਨਹਿਰੀ ਪਾਣੀ 'ਤੇ ਅਧਾਰਤ ਪ੍ਰਾਜੈਕਟ ਅੰਤਲੇ ਪੜਾਅ 'ਤੇ ਹਨ ਤੇ ਇਹ ਬਹੁਤ ਜਲਦ ਲੋਕਾਂ ਨੂੰ ਸਮਰਪਿਤ ਕੀਤੇ ਜਾਣੇ।

ਮੀਟਿੰਗ ਮੌਕੇ ਹਰ ਘਰ ਵਿੱਚ ਪਾਈਪ ਰਾਹੀਂ ਪੀਣ ਵਾਲਾ ਸਾਫ਼ ਪਾਣੀ ਪਹੁੰਚਾਉਣਾ, ਮੀਂਹ ਦਾ ਪਾਣੀ ਰੀਚਾਰਜ ਕਰਨਾ, ਗੰਦੇ ਪਾਣੀ ਨੂੰ ਸੋਧਣ ਦਾ ਪ੍ਰਬੰਧਨ ਆਦਿ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜ਼ਿਲ੍ਹੇ ਵਿੱਚ 2649.72 ਲੱਖ ਰੁਪਏ ਦੀ ਲਾਗਤ ਨਾਲ ਜਲ ਜੀਵਨ ਮਿਸ਼ਨ 151 ਸਕੀਮਾਂ ਲਾਗੂ ਕੀਤੀਆਂ ਗਈਆਂ ਹਨ।

ਮੀਟਿੰਗ ਮੌਕੇ ਜਲ ਸਪਲਾਈ ਵਿਭਾਗ ਰਾਜਪੁਰਾ ਦੇ ਕਾਰਜਕਾਰੀ ਇੰਜੀਨੀਅਰ ਜਸਇੰਦਰ ਸਿੰਘ ਸਿੱਧੂ, ਕਾਰਜਕਾਰੀ ਇੰਜੀਨੀਅਰ ਮਕੈਨੀਕਲ ਇਸ਼ਾਨ ਕੌਸ਼ਲ, ਕਾਰਜਕਾਰੀ ਇੰਜੀਨੀਅਰ ਡਿਵੀਜਨ ਨੰਬਰ 1 ਵਿਪਨ ਰਜੇਸ਼, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਮਨਦੀਪ ਕੌਰ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ, ਡੀ.ਡੀ.ਐਫ ਨਿਧੀ ਮਲਹੋਤਰਾ ਤੇ ਹੋਰ ਮੌਜੂਦ ਸਨ।

## ਫਰਵਰੀ 'ਚ ਜੀਐੱਸਟੀ ਕਲੈਕਸ਼ਨ 12.5 ਫੀਸਦੀ ਵਧ ਕੇ 1.68 ਲੱਖ ਕਰੋੜ ਰੁਪਏ ਤੋਂ ਹੋਇਆ ਜਿਆਦਾ

ਨਵੀਂ ਦਿੱਲੀ 5 ਮਾਰਚ। ਵਿੱਤ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਘਰੇਲੂ ਲੈਣ-ਦੇਣ ਅਤੇ ਦਰਾਮਦ ਵਧਣ ਕਾਰਨ ਫਰਵਰੀ 'ਚ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐੱਸਟੀ) ਕੁਲੈਕਸਨ 12.5 ਫੀਸਦੀ ਵਧ ਕੇ 1.68 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ। ਇਹ ਹੁਣ ਤੱਕ ਦਾ ਚੌਥਾ ਸਭ ਤੋਂ ਵੱਧ ਮਹੀਨਾਵਾਰ ਸੰਗ੍ਰਹਿ ਹੈ। ਇਸ ਨਾਲ ਚਾਲੂ ਵਿੱਤੀ ਸਾਲ ਦੇ ਪਹਿਲੇ 11 ਮਹੀਨਿਆਂ 'ਚ ਕੁੱਲ ਜੀਐੱਸਟੀ ਕੁਲੈਕਸਨ 18.40 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ




ਹੈ। ਦੱਸ ਦੇਈਏ ਕਿ ਇਹ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੌਰਾਨ ਹੋਈ ਟੈਕਸ ਉਗਰਾਹੀ ਨਾਲੋਂ 11.7 ਫੀਸਦੀ ਜ਼ਿਆਦਾ ਹੈ। ਵਿੱਤ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਫਰਵਰੀ 2024 ਵਿੱਚ ਕੁੱਲ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਦਾ ਮਾਲੀਆ ਸੰਗ੍ਰਹਿ 1,68,337 ਕਰੋੜ ਰੁਪਏ ਰਿਹਾ, ਜੋ ਕਿ 2023 ਦੇ ਇਸੇ ਮਹੀਨੇ ਦੀ ਤੁਲਣਾ ਨਾਲੋਂ 12.5 ਫੀਸਦੀ ਵੱਧ ਹੈ। ਇਸ ਦੌਰਾਨ ਘਰੇਲੂ ਲੈਣ-ਦੇਣ 'ਤੇ ਜੀਐੱਸਟੀ 13.9 ਫੀਸਦੀ ਵਧਿਆ ਹੈ। ਮਾਲ ਦੀ ਦਰਾਮਦ 'ਤੇ ਜੀਐਸਟੀ 8.5 ਫੀਸਦੀ ਵਧਿਆ ਹੈ।" ਦੂਜੇ ਪਾਸੇ ਚਾਲੂ ਵਿੱਤੀ ਸਾਲ 'ਚ ਔਸਤ ਮਾਸਿਕ ਕੁਲ ਕੁਲੈਕਸਨ 1.67 ਲੱਖ ਕਰੋੜ ਰੁਪਏ ਰਹੀ ਹੈ, ਜੋ ਪਿਛਲੇ ਵਿੱਤੀ ਸਾਲ ਦੇ 1.5 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੈ। ਕੇਂਦਰ ਸਰਕਾਰ ਨੇ ਏਕੀਕ੍ਰਿਤ ਜੀਐੱਸਟੀ ਕੁਲੈਕਸਨ ਤੋਂ ਕੇਂਦਰੀ ਜੀਐੱਸਟੀ ਲਈ 41,856 ਕਰੋੜ ਰੁਪਏ ਅਤੇ ਰਾਜ ਜੀਐੱਸਟੀ ਲਈ 35,794 ਕਰੋੜ ਰੁਪਏ ਦਾ ਨਿਪਟਾਰਾ ਕੀਤਾ। ਇਸ ਤਰ੍ਹਾਂ, ਫਰਵਰੀ ਦੇ ਨਿਯਮਤ ਨਿਪਟਾਰੇ ਤੋਂ ਬਾਅਦ, ਸੀਜੀਐੱਸਟੀ ਕੁਲੈਕਸਨ 73,641 ਕਰੋੜ ਰੁਪਏ ਅਤੇ ਐੱਸਜੀਐੱਸਟੀ 75,569 ਕਰੋੜ ਰੁਪਏ ਰਿਹਾ। ਅਪ੍ਰੈਲ 2023 ਵਿੱਚ ਸਭ ਤੋਂ ਵੱਧ ਜੀਐੱਸਟੀ ਕੁਲੈਕਸਨ 1.87 ਲੱਖ ਕਰੋੜ ਰੁਪਏ ਸੀ। ਜਦੋਂ ਕਿ ਜਨਵਰੀ 2024 ਵਿੱਚ ਇਹ 1.74 ਲੱਖ ਕਰੋੜ ਰੁਪਏ ਸੀ ਅਤੇ ਅਕਤੂਬਰ 2023 ਵਿੱਚ ਇਹ 1.72 ਲੱਖ ਕਰੋੜ ਰੁਪਏ ਸੀ। ਫਰਵਰੀ 2024 ਵਿੱਚ ਕੁਲੈਕਸਨ 1.68 ਲੱਖ ਕਰੋੜ ਰੁਪਏ ਸੀ, ਜੋ ਚੌਥਾ ਸਭ ਤੋਂ ਵੱਧ ਮਹੀਨਾਵਾਰ ਸੰਗ੍ਰਹਿ ਹੈ। ਡੈਲੋਇਟ ਇੰਡੀਆ ਦੇ ਪਾਰਟਨਰ ਐੱਮ.ਐੱਸ. ਮਨੀ ਨੇ ਕਿਹਾ ਕਿ ਤੀਜੀ ਤਿਮਾਹੀ ਲਈ ਮਜਬੂਤ ਜੀਡੀਪੀ ਅੰਕੜਿਆਂ ਤੋਂ ਬਾਅਦ ਚੰਗਾ ਜੀਐੱਸਟੀ ਕੁਲੈਕਸਨ ਸਾਰੇ ਸੈਕਟਰਾਂ ਵਿੱਚ ਵਿਆਪਕ-ਆਧਾਰਿਤ ਖਪਤ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਲਗਭਗ ਸਾਰੇ ਵੱਡੇ ਰਾਜਾਂ ਵਿੱਚ ਅੱਠ ਤੋਂ 21 ਫੀਸਦੀ ਤੱਕ ਜੀਐੱਸਟੀ ਕੁਲੈਕਸਨ ਵਿੱਚ ਸਾਨਦਾਰ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਸਾਰੇ ਰਾਜਾਂ ਵਿੱਚ ਖਪਤ ਵੱਧ ਰਹੀ ਹੈ। ਅਭਿਸੇਕ ਜੈਨ, ਪਾਰਟਨਰ ਅਤੇ ਨੈਸਨਲ ਹੈੱਡ (ਅਪ੍ਰਤੱਖ ਟੈਕਸ), ਕੇਪੀਐਮਜੀ ਇੰਡੀਆ ਨੇ ਕਿਹਾ ਕਿ ਜੀਡੀਪੀ ਵਾਧਾ ਅਤੇ ਜੀਐੱਸਟੀ ਮਾਲੀਆ ਅੰਕੜੇ ਭਾਰਤੀ ਅਰਥਵਿਵਸਥਾ ਦੀ ਮਜਬੂਤੀ ਅਤੇ ਘਰੇਲੂ ਖਪਤ ਵਿੱਚ ਵਾਧਾ ਦਰਸਾਉਂਦੇ ਹਨ।

# ਧਰਮਕੋਟ ਨੂੰ ਮਿਲਿਆ 1 ਕਰੋੜ ਰੁਪਏ ਨਾਲ ਬਣਿਆ ਨਵਾਂ ਬੱਸ ਸਟੈਂਡ, ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਕੀਤਾ ਉਦਘਾਟਨ

**ਕਿਸ਼ਨ ਪਾਲ**

ਧਰਮਕੋਟ 5 ਮਾਰਚ। ਸਥਾਨਕ ਸਰਕਾਰਾਂ ਵਿਭਾਗ ਅਤੇ ਸੰਸਦੀ ਮਾਮਲਿਆਂ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਵੱਲੋਂ ਧਰਮਕੋਟ ਲਈ ਬਣਾਏ ਗਏ 1 ਕਰੋੜ ਤੋਂ ਵਧੇਰੇ ਦੀ ਲਾਗਤ ਵਾਲੇ ਬੱਸ ਸਟੈਂਡ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਭਾਰੀ ਬਹੁਮਤ ਨਾਲ ਲੋਕਾਂ ਨੇ ਬਣਾਈ ਆਮ ਆਦਮੀ ਪਾਰਟੀ ਦੇ ਰਾਜ ਵਿਚ, ਖਜਾਨੇ ਦਾ ਮੂੰਹ ਵਿਕਾਸ ਕਾਰਜਾਂ ਲਈ ਹਮੇਸਾ ਖੁੱਲ੍ਹਾ ਰਹੇਗਾ। ਆਉਣ ਵਾਲੇ ਸਮੇਂ ਵਿਚ ਜਲਦੀ ਹੀ ਪੂਰੇ ਪੰਜਾਬ ਨੂੰ ਸੀਵਰੇਜਾਂ ਦੀ ਸਫਾਈ ਲਈ 570 ਸੁਪਰ ਸੈਕਸਨ ਮਸੀਨਾਂ ਦਿੱਤੀਆਂ ਜਾਣਗੀਆਂ, ਇਨ੍ਹਾਂ ਵਿਚੋਂ ਇਕ ਮਸੀਨ ਧਰਮਕੋਟ ਨੂੰ ਭੇਂਟ ਕੀਤੀ ਜਾਵੇਗੀ ਤਾਂ ਕਿ ਧਰਮਕੋਟ ਵਾਸੀਆਂ ਨੂੰ ਸੀਵਰੇਜ ਦੀ ਸਮੱਸਿਆ ਨਾ ਆ ਸਕੇ। ਇਸ ਸਕਤੀਸਾਲੀ ਤੇ ਆਧੁਨਿਕ ਤਕਨੀਕ ਵਾਲੀ ਮਸੀਨ ਨਾਲ ਧਰਮਕੋਟ ਤੋਂ ਇਲਾਵਾ ਕੋਟ ਈਸੇ ਖਾਂ ਤੇ ਫਤਹਿਗੜ੍ਹ ਪੰਜਤੂਰ ਵਿਚ ਸੀਵਰੇਜ ਦੀ ਪ੍ਰਭਾਵਸਾਲੀ ਢੰਗ ਨਾਲ ਸਫਾਈ ਹੋ ਸਕੇਗੀ। ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਧਰਮਕੋਟ ਵਾਸੀਆਂ ਨੂੰ ਨਵੇਂ ਬੱਸ ਸਟੈਂਡ ਦੀ ਵਧਾਈ ਦਿੰਦਿਆਂ ਦੱਸਿਆ ਕਿ ਇਸ ਨਵੇਂ ਬੱਸ ਸਟੈਂਡ ਨਾਲ ਹੁਣ ਲੋਕਾਂ ਦੀ ਖੱਜਲ ਖੁਆਰੀ ਬੰਦ ਹੋ ਜਾਵੇਗੀ ਅਤੇ ਲੋਕ ਬਿਨਾ ਕਿਸੇ ਮੁਸਕਿਲ ਤੋਂ ਬੱਸ ਸਟੈਂਡ ਵਿਚ ਬੱਸ ਸੇਵਾਵਾਂ ਲੈਣਗੇ। ਉਨ੍ਹਾਂ ਦੱਸਿਆ ਕਿ ਆਮ ਤੌਰ 'ਤੇ ਅਜਿਹੇ ਵਿਕਾਸ ਕਾਰਜ ਹੋਰ ਸਰਕਾਰਾਂ ਵੱਲੋਂ ਆਪਣੇ ਕਾਰਜਕਾਲ ਦੇ ਆਖਰੀ ਸਮਿਆਂ ਵਿਚ ਕੀਤੇ ਜਾਂਦੇ ਸਨ ਪ੍ਰੰਤੂ ਆਮ ਆਦਮੀ ਪਾਰਟੀ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਤੋਂ ਲੋਕ ਸੇਵਾ ਸੁਰੂ ਕਰ ਦਿੱਤੀ ਸੀ ਜਿਹੜੀ ਕਿ ਨਿਰੰਤਰ ਜਾਰੀ ਹੈ। ਪੰਜਾਬ ਸਰਕਾਰ ਨੇ ਹੁਣ ਤੱਕ 40 ਹਜਾਰ ਤੋਂ ਉੱਪਰ ਨੌਕਰੀਆਂ ਮੁਹੱਈਆ ਕਰਵਾ ਦਿੱਤੀਆਂ ਹਨ,



ਬਿਨਾ ਕਿਸੇ ਸਿਫਾਰਿਸ ਦੇ ਆਮ ਘਰਾਂ ਦੇ ਯੋਗ ਬੱਚਿਆਂ ਨੂੰ ਨੌਕਰੀਆਂ ਮਿਲ ਰਹੀਆਂ ਹਨ। 650 ਤੋਂ ਉੱਪਰ ਮੁਹੱਲਾ ਕਲੀਨਿਕ ਬਣ ਚੁੱਕੇ ਹਨ ਅਤੇ ਹੋਰ ਵੀ ਬਹੁਤ ਸਾਰੇ ਮੁਹੱਲਾ ਕਲਿਨਿਕਾਂ ਦਾ ਉਦਘਾਟਨ ਕੀਤਾ ਜਾਵੇਗਾ। ਸਿੱਖਿਆ ਖੇਤਰ ਦੀ ਗੱਲ ਕਰੀਏ ਤਾਂ ਸਰਕਾਰ ਵੱਲੋਂ 117 ਸਕੂਲ ਆਫ ਐਮੀਨੇਸ ਬਣਾਏ ਗਏ ਹਨ। "ਆਪ ਸਰਕਾਰ ਆਪ ਦੇ ਦੁਆਰ" ਪ੍ਰੋਗਰਾਮ ਕਾਰਗਰ ਸਿੱਧ ਹੋ ਰਿਹਾ ਹੈ ਜਿਸ ਨਾਲ ਮੌਕੇ ਉੱਪਰ ਹੀ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿਚ ਹੁਣ ਰੰਗਲੇ ਪੰਜਾਬ ਦੇ ਰੰਗ ਫਿਰ ਤੋਂ ਚਮਕਣੇ ਸੁਰੂ ਹੋ ਚੁੱਕੇ ਹਨ। ਇਸ ਮੌਕੇ ਹਲਕਾ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਦੱਸਿਆ ਕਿ ਨਵੇਂ ਬੱਸ ਸਟੈਂਡ ਦਾ ਨੀਂਹ ਪੱਥਰ ਅੱਜ ਤੋਂ ਪੰਜ ਸਾਲ ਪਹਿਲਾਂ ਉਸ ਸਮੇਂ ਦੇ ਵਿੱਤ ਮੰਤਰੀ ਵੱਲੋਂ ਰੱਖਿਆ ਗਿਆ ਸੀ ਪ੍ਰੰਤੂ ਅਫਸੋਸ ਦੀ ਗੱਲ ਹੈ ਕਿ ਇਹ ਸਿਰਫ ਨੀਂਹ ਪੱਥਰ ਹੀ ਰਿਹਾ। ਆਮ ਆਦਮੀ ਪਾਰਟੀ ਦੀ ਸਾਂਝ ਲੋਕਾਂ ਨਾਲ ਸਿਰਫ ਵੋਟਾਂ ਤਕ ਸੀਮਤ ਨਹੀਂ ਹੈ, ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਵੱਲ ਸਰਕਾਰ ਖਾਸ ਧਿਆਨ ਕੇਂਦਰਿਤ ਕਰ ਰਹੀ ਹੈ। ਇਸੇ ਸਦਕਾ ਅੱਜ ਲੋਕਾਂ ਨੂੰ ਨਵਾਂ ਬੱਸ ਸਟੈਂਡ ਅਰਪਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਦੀ ਪੰਜਾਬ ਪ੍ਰਤੀ ਸਹੀ ਸੋਚ ਸਦਕਾ ਧਰਮਕੋਟ ਹਲਕੇ ਵਿਚ 10 ਕਰੋੜ 16 ਲੱਖ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਮੰਤਰੀ ਜੀ ਦਾ ਧਰਮਕੋਟ ਲਈ ਸੁਪਰ ਸੈਕਸਨ ਮਸੀਨ ਦੇਣ ਦੇ ਐਲਾਨ ਲਈ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਧਰਮਕੋਟ ਲਈ ਫਾਇਰ ਬ੍ਰਿਗੇਡ ਮੰਗੀ ਗਈ ਸੀ ਮੰਤਰੀ ਨੇ ਇਕੱਲੀਆਂ 3 ਗੱਡੀਆਂ ਹੀ ਨਹੀਂ ਸਗੋਂ ਸਟਾਫ ਵੀ ਮੁਹੱਈਆ ਕਰਵਾਇਆ। ਧਰਮਕੋਟ ਵਿਚ ਫਾਇਰ ਸਟੇਸਨ ਵੀ ਬਣ ਚੁੱਕਾ ਹੈ। ਕੋਟ ਈਸੇ ਖਾਂ ਵਿਚ 40 ਕਰੋੜ ਰੁਪਏ ਦੀ ਲਾਗਤ ਵਾਲਾ ਸੀਵਰੇਜ ਦਾ ਪ੍ਰਾਜੈਕਟ ਜਲਦੀ ਮੁਕੰਮਲ ਕਰ ਲਿਆ ਜਾਵੇਗਾ। ਫਤਹਿਗੜ੍ਹ ਪੰਜਤੂਰ ਵਿਚ ਦੋ ਕਰੋੜ ਦੀ ਲਾਗਤ ਨਾਲ ਇਨਡੋਰ ਤੇ ਆਊਟਡੋਰ ਸਟੇਡੀਅਮ ਜਿਸ ਵਿਚ ਬੈਡਮਿੰਟਨ, ਵਾਲੀਬਾਲ, ਸਿੰਥੈਟਿਕ ਟਰੈਕ ਆਉਂਦਾ ਹੈ ਦਾ ਵੀ ਨੀਂਹ ਪੱਥਰ ਰੱਖਿਆ ਜਾ ਚੁੱਕਾ ਹੈ। ਵਿਧਾਇਕ ਸਮੇਤ ਧਰਮਕੋਟ ਵਾਸੀਆਂ ਨੇ ਹਲਕੇ ਦੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਤੇ ਸਥਾਨਕ ਸਰਕਾਰਾਂ ਵਿਭਾਗ ਅਤੇ ਸੰਸਦੀ ਮਾਮਲਿਆਂ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਦਾ ਦਿਲੋਂ ਧੰਨਵਾਦ ਕੀਤਾ।

## ਬਾਇਜੂ ਨੂੰ ਲੱਗਾ ਵੱਡਾ ਝਟਕਾ, ਮੈਕਵੇਰੀ ਕੈਪੀਟਲ ਆਪਣੇ ਨਿਵੇਸਕਾਂ ਨੂੰ ਕਰ ਰਹੀ ਰਾਈਟ ਡਾਊਨ

ਨਵੀਂ ਦਿੱਲੀ 5 ਮਾਰਚ। ਐਜੂਟੈੱਕ ਕੰਪਨੀ ਬਾਇਜੂ ਨੂੰ ਲਗਾਤਾਰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿੱਤੀ ਸਮੱਸਿਆਵਾਂ ਨਾਲ ਜੂਝ ਰਹੀ ਕੰਪਨੀ ਦੀਆਂ ਮੁਸਕਲਾਂ ਖਤਮ ਨਹੀਂ ਹੁੰਦੀਆਂ ਨਜਰ ਆ ਰਹੀਆਂ ਹਨ। ਸਾਹਮਣੇ ਆਏ ਤਾਜਾ ਮਾਮਲੇ 'ਚ ਕੰਪਨੀ ਨੂੰ ਮੁੱਲ ਨਿਰਧਾਰਨ ਦੇ ਮੋਰਚੇ 'ਤੇ ਵੱਡਾ ਝਟਕਾ ਲੱਗਾ ਹੈ। ਇਕ ਗਲੋਬਲ ਵਿਸਲੇਸਕ ਅਤੇ ਨਿਵੇਸਕ ਨੇ ਸਟਾਰਟਅਪ ਕੰਪਨੀ ਦੇ ਮੁਲਾਂਕਣ 'ਚ 98 ਫੀਸਦੀ ਦੀ ਕਟੌਤੀ ਕੀਤੀ ਹੈ। ਇਸ ਦੇ ਨਾਲ ਹੀ ਇਨਵੈਸਟਮੈਂਟ ਫਰਮ ਮੈਕਵੇਰੀ ਕੈਪੀਟਲ ਬਾਇਜੂ 'ਚ ਆਪਣੇ ਨਿਵੇਸ ਨੂੰ ਰਾਈਟ ਡਾਊਨ ਕਰ ਰਹੀ ਹੈ। ਦੱਸ ਦੇਈਏ ਕਿ ਬਲੂਮਬਰਗ ਦੀ ਇਕ ਰਿਪੋਰਟ ਮੁਤਾਬਕ ਮੈਕਵੇਰੀ ਕੈਪੀਟਲ ਬਾਈਜੂ 'ਚ ਆਪਣੀ ਹਿੱਸੇਦਾਰੀ ਦੀ ਕੀਮਤ ਨੂੰ 98 ਫੀਸਦੀ ਘਟਾ ਰਹੀ ਹੈ। ਕੰਪਨੀ ਨੇ 2021 'ਚ ਬਾਇਜੂ 'ਚ ਸੈਂਕੜੇ ਮਿਲੀਅਨ ਡਾਲਰ ਦਾ ਨਿਵੇਸ ਕੀਤਾ ਸੀ। ਹਾਲਾਂਕਿ, ਅਜੇ ਮੁਲਾਂਕਣ 'ਚ ਇਸ ਕਟੌਤੀ ਦਾ ਜਨਤਕ ਤੌਰ 'ਤੇ ਐਲਾਨ ਨਹੀਂ ਹੋਇਆ ਹੈ। ਮੈਕਵੇਰੀ ਕੈਪੀਟਲ ਨੂੰ ਬਾਇਜੂ ਦੀ ਆਪਣੀ ਹਿੱਸੇਦਾਰੀ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਵਿਸ ਬੈਂਕਿੰਗ ਫਰਮ ਜੂਲੀਅਸ ਬੇਅਰ ਨੇ ਉਸ 'ਤੇ ਦੋਸ ਲਾਇਆ ਸੀ ਕਿ ਉਹ ਆਪਣੀ ਹਿੱਸੇਦਾਰੀ ਨੂੰ ਨਵੇਂ ਸਿਰੇ ਤੋਂ ਮੁਲਾਂਕਣ ਨਹੀਂ ਕਰ ਰਹੀ ਹੈ ਅਤੇ 2022 ਦੀ ਫੰਡਿੰਗ ਰਾਊਂਡ ਦੇ ਆਧਾਰ 'ਤੇ ਗਾਹਕਾਂ ਤੋਂ ਚਾਰਜ ਵਸੂਲ ਕਰ ਰਹੀ ਹੈ। ਸਵਿਸ ਬੈਂਕ ਨੇ ਇਸ ਸਬੰਧ 'ਚ ਮੈਕਵੇਰੀ ਕੈਪੀਟਲ ਨੂੰ ਜਨਵਰੀ 'ਚ ਪੱਤਰ ਭੇਜਿਆ ਸੀ। ਸਾਲ 2022 ਦੀ ਫੰਡਿੰਗ ਰਾਊਂਡ 'ਚ ਬਾਇਜੂ ਦਾ ਮੁੱਲ 22 ਬਿਲੀਅਨ ਡਾਲਰ ਦਾ ਅਨੁਮਾਨ ਲਾਇਆ ਗਿਆ ਸੀ। ਹਾਲਾਂਕਿ ਉਸ ਤੋਂ ਬਾਅਦ ਤੋਂ ਬਾਇਜੂ ਦੀ ਹਾਲਤ ਹੁਣ ਤਕ ਬਹੁਤ ਵਿਗੜ ਗਈ ਹੈ। ਹੁਣ ਬਾਇਜੂ ਦੀ ਕੀਮਤ ਮੁਸਕਿਲ ਨਾਲ ਬਿਲੀਅਨ ਡਾਲਰ ਕਲੱਬ 'ਚ ਰਹਿ ਗਈ ਹੈ। ਬਹੁਤ ਸਾਰੇ ਨਿਵੇਸਕਾਂ ਅਤੇ ਵਿਸਲੇਸਕਾਂ ਬਾਇਜੂ ਦੇ ਮੁੱਲ ਨੂੰ ਉਸ ਤੋਂ ਬਾਅਦ 95 ਫੀਸਦੀ ਤੱਕ ਘਟ ਕਰ ਚੁੱਕੇ ਹਨ।

## ਲੁਧਿਆਣਾ ਲੋਕ ਸਭਾ ਸੀਟ ਨੂੰ ਲੈ ਕੇ ਭਾਜਪਾ ਨੇ ਖਿੱਚੀ ਤਿਆਰੀ, ਉਤਾਰ ਸਕਦੀ ਹੈ ਹਿੰਦੂ ਚਿਹਰਾ

**ਏਜੰਸੀਆਂ**

ਲੁਧਿਆਣਾ 5 ਮਾਰਚ। ਦੇਸ਼ 'ਚ ਲੋਕ ਸਭਾ ਚੋਣਾਂ ਦਾ ਕਾਊਂਟ ਡਾਊਨ ਸ਼ੁਰੂ ਹੋ ਚੁੱਕਾ ਹੈ। ਚੋਣ ਕਮਿਸ਼ਨ ਕਦੇ ਵੀ ਆਮ ਲੋਕ ਸਭਾ ਚੋਣਾਂ ਦਾ ਐਲਾਨ ਕਰ ਸਕਦਾ ਹੈ। ਇਸ ਵਾਰ ਪੰਜਾਬ 'ਚ ਭਾਜਪਾ ਦਾ ਕਿਸੇ ਵੀ ਪਾਰਟੀ ਨਾਲ ਗਠਜੋੜ ਨਹੀਂ ਹੈ। ਅਜਿਹੇ ਮੌਕੇ ਭਾਜਪਾ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਦੀ ਤਿਆਰੀ 'ਚ ਹੈ। ਲੁਧਿਆਣਾ ਲੋਕ ਸਭਾ ਚੋਣ ਖੇਤਰ ਪੰਜਾਬ ਦਾ ਮੁੱਖ ਉਦਯੋਗਿਕ ਸ਼ਹਿਰ ਹੈ ਅਤੇ ਹਿੰਦੂ ਧਰਮ ਦੀ ਵੱਡੀ ਆਬਾਦੀ ਇੱਥੇ ਰਹਿੰਦੀ ਹੈ। ਇਸ ਸੀਟ 'ਤੇ ਇਸ ਵਾਰ ਭਾਜਪਾ ਕਿਸੇ ਉੱਘੇ ਹਿੰਦੂ ਚਿਹਰੇ ਨੂੰ ਚੋਣ ਮੈਦਾਨ 'ਚ ਉਤਾਰ ਸਕਦੀ ਹੈ। ਮੁੱਖ ਤੌਰ 'ਤੇ ਜਤਿੰਦਰ ਮਿੱਤਲ, ਗੁਰਦੇਵ ਸ਼ਰਮਾ ਦੇਬੀ, ਰਜਨੀਸ਼ ਧੀਮਾਨ, ਜੀਵਨ ਗੁਪਤਾ, ਅਨਿਲ ਸਰੀਨ, ਅਰਵਿੰਦ ਖੰਨਾ, ਪ੍ਰਵੀਨ ਬਾਂਸਲ, ਪਵਨ ਪਾਠਕ, ਅਰੁਨੇਸ਼ ਮਿਸ਼ਰਾ, ਸਤੀਸ਼ ਮਲਹੋਤਰਾ, ਐੱਸ.ਐੱਸ.ਚੰਨੀ, ਕੇਵਲ ਸਿੰਘ ਢਿੱਲੋਂ, ਐਡਵੋਕੇਟ ਵਿਕਰਮ ਸਿੰਘ ਸਿੱਧੂ, ਸੁਖਵਿੰਦਰ ਸਿੰਘ ਬਿੰਦਰਾ, ਪਰਮਿੰਦਰ ਬਰਾੜ, ਸੁਖਮਿੰਦਰਪਾਲ ਸਿੰਘ ਗਰੇਵਾਲ ਦੇ ਨਾਵਾਂ ਦੀ ਚਰਚਾ ਚੱਲ ਰਹੀ ਹੈ। ਇਨ੍ਹਾਂ ਵਿਚ 10 ਹਿੰਦੂ ਉਮੀਦਵਾਰ ਹਨ, ਜਦ ਕਿ 6 ਸਿੱਖ ਉਮੀਦਵਾਰ ਵੀ ਲਾਈਨ 'ਚ ਹਨ। ਅਯੁੱਧਿਆ 'ਚ ਸ਼ਾਨਦਾਰ ਸ਼੍ਰੀ ਰਾਮ ਮੰਦਰ ਦੀ ਉਸਾਰੀ ਉਪਰੰਤ ਹਿੰਦੂਆਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੱਦ ਬਹੁਤ ਵੱਧ ਗਿਆ ਹੈ। ਰਾਮ ਮੰਦਰ ਦੀ ਉਸਾਰੀ ਤੋਂ ਮੰਨਿਆ ਜਾ ਰਿਹਾ ਹੈ ਕਿ ਨਰਿੰਦਰ ਮੋਦੀ ਹਰ ਹਿੰਦੂ ਦੀ ਅੱਖ ਦਾ ਤਾਰਾ ਬਣ ਚੁੱਕੇ ਹਨ। ਲੁਧਿਆਣਾ 'ਚ ਹਿੰਦੂਆਂ ਦੀ ਵੱਡੀ ਗਿਣਤੀ ਹੈ। ਇਸ ਲਈ ਪਾਰਟੀ ਦੇ ਸੀਨੀਅਰ ਹਿੰਦੂ ਨੇਤਾਵਾਂ ਨੂੰ ਲੱਗਦਾ ਹੈ ਕਿ ਇਸ ਸੀਟ 'ਤੇ ਆਸਾਨੀ ਨਾਲ ਵੱਡੀ ਜਿੱਤ ਹਾਸਲ ਹੋਵੇਗੀ।



ਲੁਧਿਆਣਾ ਲੋਕ ਸਭਾ ਦੇ ਕੁੱਲ 9 ਵਿਧਾਨ ਸਭਾ ਹਲਕਿਆਂ ਵਿਚ ਲੁਧਿਆਣਾ ਪੂਰਬੀ, ਪੱਛਮੀ, ਸੈਂਟ੍ਰਲ, ਉੱਤਰੀ, ਸਾਊਥ, ਆਤਮ ਨਗਰ ਸੀਟਾਂ ਸ਼ਹਿਰੀ ਇਲਾਕਿਆਂ ਵਿਚ ਪੈਂਦੀਆਂ ਹਨ, ਜੋ ਹਿੰਦੂਆਂ ਦੀ ਵੱਡੀ ਗਿਣਤੀ ਵਾਲੇ ਇਲਾਕੇ ਸਮਝੇ ਜਾਂਦੇ ਹਨ। ਲੁਧਿਆਣਾ ਵਿਚ ਜਗਰਾਓਂ ਵਿਧਾਨ ਸਭਾ ਸੀਟ ਵੀ 50 ਫੀਸਦੀ ਹਿੰਦੂ ਆਬਾਦੀ ਵਾਲੀ ਸੀਟ ਹੈ। ਗਿੱਲ ਅਤੇ ਦਾਖਾ ਹਲਕੇ ਵਿਚ ਵੀ ਕਾਫੀ ਇਲਾਕਾ ਸ਼ਹਿਰੀ ਵੋਟਰਾਂ ਦਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪਾਰਟੀ ਵੱਲੋਂ ਕਿਸੇ ਹਰਮਨ ਪਿਆਰੇ ਅਤੇ ਤਜ਼ਰਬੇਕਾਰ ਨੇਤਾ ਨੂੰ ਹੀ ਲੁਧਿਆਣਾ ਲੋਕ ਸਭਾ ਸੀਟ ਤੋਂ ਲੜਾਉਣ ਲਈ ਗੰਭੀਰਤਾ ਨਾਲ ਸਰਵੇ ਕਰਵਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਜੋ ਨੇਤਾ ਸੀਟ ਮੰਗ ਰਹੇ ਹਨ, ਉਨ੍ਹਾਂ ਵਿਚ ਗੁਰਦੇਵ ਸ਼ਰਮਾ ਦੇਬੀ, ਐਡਵੋਕੇਟ ਵਿਕਰਮ ਸਿੱਧੂ, ਪ੍ਰਵੀਨ ਬਾਂਸਲ ਆਦਿ ਵਿਧਾਨ ਸਭਾ ਦੀਆਂ ਚੋਣਾਂ ਲੜ ਚੁੱਕੇ ਹਨ ਅਤੇ ਉਨ੍ਹਾਂ ਨੂੰ ਚੋਣਾਂ ਦੀ ਸਿਆਸਤ ਦੀ ਜਾਣਕਾਰੀ ਹੈ, ਜਦ ਕਿ ਪਾਰਟੀ ਦੇ ਬੇਹੱਦ ਪੁਰਾਣੇ ਵਰਕਰ ਜਤਿੰਦਰ ਮਿੱਤਲ, ਜੋ ਸਾਬਕਾ ਲੁਧਿਆਣਾ ਭਾਜਪਾ ਪ੍ਰਧਾਨ ਰਹੇ ਹਨ ਅਤੇ ਮੌਜੂਦਾ ਸਮੇਂ ਵਿਚ ਪੰਜਾਬ ਭਾਜਪਾ ਦੇ ਉਪ ਪ੍ਰਧਾਨ ਹਨ ਅਤੇ ਆਰ.ਐੱਸ.ਐੱਸ. ਦੇ ਵਰਕਰ ਵੀ ਹਨ, ਪਾਰਟੀ ਦੇ ਵੱਖ-ਵੱਖ ਅਹੁਦਿਆਂ 'ਤੇ ਰਹਿੰਦੇ ਹੋਏ ਕਈ ਉਮੀਦਵਾਰਾਂ ਨੂੰ ਚੋਣ ਲੜਵਾ ਚੁੱਕੇ ਹਨ। ਉਨ੍ਹਾਂ ਨੂੰ ਵੀ ਚੋਣਾਂ ਦੀ ਸਿਆਸਤ ਦਾ ਡੂੰਘਾ ਤਜ਼ਰਬਾ ਹੈ। ਇਸੇ ਤਰ੍ਹਾਂ ਲੁਧਿਆਣਾ ਭਾਜਪਾ ਦੇ ਪ੍ਰਧਾਨ ਰਜਨੀਸ਼ ਧੀਮਾਨ ਵੀ ਇਕ ਮਜ਼ਬੂਤ ਉਮੀਦਵਾਰ ਹਨ, ਜੋ ਓ. ਬੀ. ਸੀ. ਚਿਹਰਾ ਹਨ ਅਤੇ ਵੱਖ-ਵੱਖ ਵਿਧਾਨ ਸਭਾ ਚੋਣਾਂ ਵਿਚ ਕੰਮ ਕਰ ਚੁੱਕੇ ਹਨ। ਇਸੇ ਤਰ੍ਹਾਂ ਜੀਵਨ ਗੁਪਤਾ ਜੋ ਪ੍ਰਦੇਸ਼ ਜ. ਸੈਕਟਰੀ ਦੇ ਮਹੱਤਵਪੂਰਨ ਅਹੁਦੇ 'ਤੇ ਰਹੇ ਹਨ ਅਤੇ ਕੋਰ ਕਮੇਟੀ ਦੇ ਮੈਂਬਰ ਹਨ, ਉਹ ਵੀ ਉਮੀਦਵਾਰ ਹਨ। ਇਨ੍ਹਾਂ ਵਿਚੋਂ ਪਾਰਟੀ ਕਿਸੇ ਇਕ ਨੂੰ ਲੋਕ ਸਭਾ ਚੋਣਾਂ ਵਿਚ ਉਤਾਰ ਸਕਦੀ ਹੈ।

## ਸਵਾਰੀਆਂ ਨੂੰ ਲੈ ਕੇ ਆਟੋ ਚਾਲਕਾਂ 'ਚ ਹੋਏ ਝਗੜੇ ਨੇ ਧਾਰਿਆ ਖੂਨੀ ਰੂਪ

ਅੰਮ੍ਰਿਤਸਰ 5 ਮਾਰਚ। ਆਟੋ ਚਾਲਕ ਸਵਾਰੀਆਂ ਲੈ ਕੇ ਕਿਸ ਹੱਦ ਤਕ ਜਾ ਸਕਦੇ ਹਨ, ਸਬੰਧੀ ਮਾਮਲਾ ਗੁਰੂ ਨਗਰੀ 'ਚ ਬੱਸ ਸਟੈਂਡ ਦੇ ਸਾਹਮਣੇ ਸਥਿਤ ਸਰੀਫਪੁਰਾ ਇਲਾਕੇ ਦੀ ਸੜਕ 'ਤੇ ਦਿਨ ਦਿਹਾੜੇ ਵੇਖਣ ਨੂੰ ਮਿਲਿਆ। ਲੋਕਾਂ ਵਲੋਂ ਬਚਾਉਣ ਦੀ ਕੋਸ਼ਿਸ ਕਰਨ ਦੇ ਬਾਵਜੂਦ ਇੱਕ ਆਟੋ ਚਾਲਕ ਆਪਣੇ ਸਾਥੀਆਂ ਨਾਲ ਮਿਲ ਕੇ ਦੂਜੇ ਆਟੋ ਚਾਲਕ 'ਤੇ ਤੇਜਧਾਰ ਹਥਿਆਰਾਂ ਨਾਲ ਸਰੇਆਮ ਹਮਲਾ ਕਰਦਾ ਰਿਹਾ। ਪੀੜਤ ਦੂਜਾ ਆਟੋ ਚਾਲਕ ਉੱਚੀ-ਉੱਚੀ ਰੌਲਾ ਪਾਉਂਦਾ ਰਿਹਾ। ਇਸ ਕਾਰਨ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ। ਉਹ ਜਖਮੀ ਨੌਜਵਾਨ ਨੂੰ ਬਚਾਉਣ ਲਈ ਦਖਲਅੰਦਾਜੀ ਕਰਦੇ ਹੋਏ ਦਿਖਾਈ ਦਿੱਤੇ ਪਰ ਇਸ ਦੇ ਬਾਵਜੂਦ ਹਮਲਾਵਰ ਹਮਲਾ ਕਰਦੇ ਰਹੇ। ਇਸ ਦੌਰਾਨ ਕਿਸੇ ਨੇ ਸਾਰੀ ਘਟਨਾ ਦੀ ਵੀਡੀਓ ਬਣਾ ਲਈ, ਜੋ ਕੁਝ ਹੀ ਦੇਰ 'ਚ ਵਾਇਰਲ ਹੋ ਗਈ। ਸੜਕ 'ਤੇ ਖੂਨ ਨਾਲ ਲਥਪਥ ਪਿਆ ਜਖਮੀ ਨੌਜਵਾਨ ਹਮਲਾਵਰਾਂ ਤੋਂ ਬਚਾਅ ਦੀ ਅਪੀਲ ਕਰਦਾ ਰਿਹਾ। ਨੌਜਵਾਨ ਹਸਪਤਾਲ 'ਚ ਇਲਾਜ ਅਧੀਨ ਹੈ। ਉਸ ਦੀ ਪਛਾਣ ਸੁਖਰਾਜ ਸਿੰਘ ਵਜੋਂ ਹੋਈ ਹੈ। ਉਹ ਭਾਈ ਲਾਲੋ ਜੀ ਨਗਰ ਦਾ ਰਹਿਣ ਵਾਲਾ ਹੈ। ਹਸਪਤਾਲ 'ਚ ਦਾਖਲ ਸੁਖਰਾਜ ਸਿੰਘ ਨੇ ਦੱਸਿਆ ਕਿ ਉਹ ਆਟੋ ਚਾਲਕ ਹੈ। ਐਤਵਾਰ ਉਹ ਬੱਸ ਸਟੈਂਡ ਦੇ ਕੋਲ ਆਪਣੇ ਵਾਲਾਂ ਦੀ ਕਟਿੰਗ ਕਰਵਾ ਰਿਹਾ ਸੀ। ਉਸ ਸਮੇਂ ਜੋਬਨ ਅਤੇ ਪਵਨ ਉੱਥੇ ਆ ਗਏ। ਉਹ ਉਸ ਨੂੰ ਉਥੋਂ ਖਿੱਚ ਕੇ ਬਾਹਰ ਲੈ ਆਏ। ਉਸ ਨੂੰ ਸੜਕ 'ਤੇ ਲਿਆਉਣ ਤੋਂ ਬਾਅਦ ਉਨ੍ਹਾਂ ਬਿਨਾਂ ਗੱਲ ਕੀਤੇ ਉਸ 'ਤੇ ਹਮਲਾ ਕਰ ਦਿੱਤਾ। ਜਖਮੀ ਹੋਣ ਕਾਰਨ ਜਦੋਂ ਉਹ ਚੀਕਣ ਲੱਗਾ ਤਾਂ ਉਥੇ ਮੌਜੂਦ ਕੁਝ ਲੋਕਾਂ ਨੇ ਦਖਲ ਦੇਣ ਦੀ ਕੋਸ਼ਿਸ ਕੀਤੀ ਪਰ ਉਕਤ ਮੁਲਜਮ ਫਿਰ ਵੀ ਨਹੀਂ ਹਟੇ ਅਤੇ ਉਸ 'ਤੇ ਹਮਲਾ ਕਰਦੇ ਰਹੇ। ਤੇਜਧਾਰ ਹਥਿਆਰਾਂ ਨਾਲ ਕੀਤੇ ਹਮਲੇ ਕਾਰਨ ਉਸ ਦਾ ਹੱਥ ਵਢਿਆ ਗਿਆ। ਉਸ ਦੇ ਸਿਰ ਦੇ ਨਾਲ ਹੀ ਹੋਰ ਥਾਵਾਂ 'ਤੇ ਵੀ ਸੱਟਾਂ ਲੱਗੀਆਂ।

## ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੇ ਮਾਮਲੇ 'ਚ ਸੁਨੀਲ ਜਾਖੜ ਦਾ ਵੱਡਾ ਬਿਆਨ

**ਏਜੰਸੀਆਂ**

ਜਲੰਧਰ/ਚੰਡੀਗੜ੍ਹ 5 ਮਾਰਚ। ਕਿਸਾਨ ਅੰਦੋਲਨ ਦਰਮਿਆਨ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਅੱਜ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਆਪਣੇ ਸੰਬੋਧਨ ਵਿਚ ਸੁਨੀਲ ਜਾਖੜ ਨੇ ਖਨੌਰੀ ਬਾਰਡਰ 'ਤੇ ਮਾਰੇ ਸ਼ੁਭਕਰਨ ਸਿੰਘ ਦੀ ਮੌਤ ਦਾ ਮੁੱਦਾ ਚੁੱਕਦੇ ਹੋਏ ਉਸ ਦੇ ਪਰਿਵਾਰ ਨਾਲ ਹਮਦਰਦੀ ਜਾਹਰ ਕੀਤੀ। ਉਨ੍ਹਾਂ ਕਿਹਾ ਕਿ ਸ਼ੁਭਕਰਨ ਸਿੰਘ ਦੇ ਮਾਮਲੇ ਵਿਚ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਲੋਕਾਂ ਸਾਹਮਣੇ ਸੱਚ ਆਉਣਾ ਚਾਹੀਦਾ ਹੈ। ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਂ ਮਲਣੀ ਚਾਹੀਦੀ ਹੈ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਸ਼ੁਭਕਰਨ ਸਿੰਘ ਨੇ ਜਿਹੜੇ ਹਾਲਾਤ ਵਿਚ ਜਾਨ ਗੁਆਈ, ਇਹ ਅੱਜ ਸਾਰੇ ਦੇਸ਼ ਵਿਚ ਵਿਸ਼ਾ ਬਣਿਆ ਹੋਇਆ ਹੈ। ਅਸੀਂ ਮੰਗ ਦਾ ਸਮਰਥਨ ਕਰਦੇ ਹਾਂ ਕਿ ਇਸ ਮਾਮਲੇ ਦੀ ਜਾਂਚ ਕਰਕੇ ਸੱਚ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਉਸ ਦੇ ਪਰਿਵਾਰ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਪੰਜਾਬ ਦੇ ਨੌਜਵਾਨ ਸ਼ੁਭਕਰਨ ਸਿੰਘ ਨੇ ਆਪਣੇ ਪੰਜਾਬੀ ਹੋਣ ਦਾ ਸਬੂਤ ਦਿੱਤਾ ਸੀ। ਉਸ ਦਾ ਮੰਨਣਾ ਸੀ ਕਿ ਅੱਜ ਪੰਜਾਬ ਦੇ ਕਿਸਾਨ ਦੀ ਬਾਂਹ ਫੜਨ ਦੀ ਲੋੜ ਹੈ। ਪੰਜਾਬ ਦੇ ਕਿਸਾਨ ਦੀ ਗੱਲ



ਲੈ ਕੇ ਉਹ ਕਿਸਾਨੀ ਸੰਘਰਸ਼ ਵਿਚ ਸ਼ਾਮਲ ਹੋਇਆ। ਉਸ ਨੇ ਆਪਣੇ ਉਨ੍ਹਾਂ ਆਗੂਆਂ 'ਤੇ ਯਕੀਨ ਕੀਤਾ, ਜਿਨ੍ਹਾਂ ਇਹ ਗੱਲ ਉਸ ਦੇ ਜਹਿਨ ਅੰਦਰ ਬਿਠਾਈ ਕਿ ਜਿਹੜੀਆਂ ਮੰਗਾਂ ਹਨ, ਉਹ ਜਾਇਜ ਅਤੇ ਹੱਕ ਦੀਆਂ ਮੰਗਾਂ ਹਨ। ਉਸ ਦੀਆਂ ਭਾਵਨਾਵਾਂ ਦੀ ਅਸੀਂ ਕਦਰ ਕਰਦੇ ਹਾਂ। ਸ਼ੁਭਕਰਨ ਸਿੰਘ ਨੇ ਕਿਸਾਨੀ ਸੰਘਰਸ਼ ਵਿਚ ਆਪਣੀ ਜਾਨ ਗੁਆਈ ਹੈ, ਉਸ ਨੇ ਕਿਸਾਨ ਆਗੂਆਂ 'ਤੇ ਭਰੋਸਾ ਕੀਤਾ ਸੀ। ਕਿਸਾਨ ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਨੌਜਵਾਨਾਂ ਨੂੰ ਸਮਝਾਉਣ ਅਤੇ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਕੋਈ ਹੋਰ ਸ਼ੁਭਕਰਨ ਸਿੰਘ ਆਪਣੀ ਜਾਨ ਨਾ ਗਵਾ ਸਕੇ। ਉਥੇ ਹੀ ਕਿਸਾਨ ਲੀਡਰਾਂ 'ਤੇ ਸਵਾਲ ਚੁੱਕਦੇ ਹੋਏ ਸੁਨੀਲ ਜਾਖੜ ਨੇ ਕਿਹਾ ਕਿ ਕਿਸਾਨ ਦੱਸਣ ਉਹ ਖੁਦ ਕਣਕ-ਝੋਨੇ ਤੋਂ ਇਲਾਨਾ ਕਿਹੜੀ ਫਸਲ ਬੀਜਣਗੇ, ਅਸੀਂ ਉਸ ਫਸਲ ਦੀ ਐੱਮ.ਐੱਸ.ਪੀ. ਗਾਰੰਟੀ ਦੇਣ ਲਈ ਤਿਆਰ ਹਾਂ। ਉਨ੍ਹਾਂ ਕਹਾ ਕਿ ਮਾਮਲਾ ਐੱਮ. ਐੱਸ. ਪੀ. ਗਾਰੰਟੀ ਦਾ ਨਹੀਂ ਸਗੋਂ ਇਨਕਮ ਗਾਰੰਟੀ ਦਾ ਹੈ। ਕਿਸਾਨ ਮੰਗ ਰਹੇ ਹਨ। ਜਾਖੜ ਨੇ ਕਿਸਾਨਾਂ ਲੀਡਰਾਂ 'ਤੇ ਨੌਜਵਾਨਾਂ ਨੂੰ ਭੜਕਾਉਣ ਦਾ ਇਲਜਾਮ ਲਾਉਂਦੇ ਹੋਏ ਕਿਹਾ ਕਿ ਪੰਜਾਬ ਦੇ ਨੌਜਵਾਨ ਬਲੀ ਦੇਣ ਵਾਸਤੇ ਨਹੀਂ ਹਨ। ਸਾਡੇ ਨੌਜਵਾਨਾਂ ਨੂੰ ਗੰਨ ਪਾਊਡਰ ਵਾਂਗ ਨਾ ਵਰਤਣ। ਜਜਬਾਤੀ ਹੋ ਕੇ ਨਹੀਂ ਸਗੋਂ ਫੈਕਟ ਸਮਝ ਕੇ ਅੱਗੇ ਵਧਣਾ ਚਾਹੀਦਾ ਹੈ।

## ਪਾਵਨ ਸੰਗ 'ਚ ਸਮੂਲੀਅਤ ਕਰਨ ਵਾਲੀ ਸੰਗਤ ਦੀ ਸੇਵਾ ਲਈ 2 ਕੁਇੰਟਲ ਡਰਾਈ ਫਰੂਟ ਦਾ ਲਾਇਆ

**ਏਜੰਸੀਆਂ**

ਟਾਂਡਾ ਉੜਮੁੜ 5 ਮਾਰਚ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਜਾਣ ਵਾਲੀ ਸਲਾਨਾ ਇਤਿਹਾਸਕ ਪੈਦਲ ਯਾਤਰਾ ਵਿੱਚ ਸਮੂਲੀਅਤ ਕਰਨ ਵਾਲੀ ਸੰਗਤ ਦੀ ਸੇਵਾਦਾਰਾਂ ਵੱਲੋਂ ਤਨ,ਮਲ,ਧਨ ਨਾਲ ਸੇਵਾ ਕੀਤੀ ਗਈ। ਸਲਾਨਾ ਪਾਵਨ ਸੰਗ ਜਦੋਂ ਵੇਟ ਖੇਤਰ ਅਧੀਨ ਪੈਂਦੇ ਪਿੰਡ ਵੱਡੀ ਮਿਆਣੀ ਪਹੁੰਚਿਆ ਤਾਂ ਪਿੰਡ ਮਿਆਣੀ ਦੇ ਪ੍ਰਵਾਸੀ ਭਾਰਤੀਆਂ ਨਾਲ ਸੰਬੰਧਿਤ ਸੇਵਾਦਾਰਾਂ ਵੱਲੋਂ ਕਰੀਬ 2 ਕੁਇੰਟਲ ਡਰਾਈ ਫਰੂਟ ਦੀ ਸੇਵਾ ਕੀਤੀ ਗਈ ਅਤੇ ਸਮੂਹ ਸੰਗਤ ਨੂੰ ਇਹ ਡਰਾਈ ਫਰੂਟ ਦਾ ਪ੍ਰਸਾਦ ਵੰਡਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੇਵਾਦਾਰ ਸਰਬਜੀਤ ਸਿੰਘ ਮਿਆਣੀ ਨੇ ਪ੍ਰਵਾਸੀ ਭਾਰਤੀ ਕਰਨੈਲ ਸਿੰਘ ਯੂ.ਐੱਸ.ਏ, ਜਰਨੈਲ ਸਿੰਘ ਯੂ.ਐੱਸ.ਏ, ਸਤਪਾਲ ਸਿੰਘ ਯੂ.ਐੱਸ.ਏ, ਕੁਲਵਿੰਦਰ ਸਿੰਘ ਯੂ.ਐੱਸ.ਏ, ,ਪ੍ਰਿੰਸ, ਲੱਖੀ, ਜੋਨੀ ਯੂ.ਐੱਸ.ਏ, ਬਲਜੀਤ ਜਰਮਨੀ, ਗੁਰਮੀਤ ਸਿੰਘ ਯੂ.ਐੱਸ.ਏ, ਇੰਦਰਜੀਤ ਸਿੰਘ ਕੈਨੇਡਾ, ਹਰਭਜਨ ਸਿੰਘ ਬੈਲਜੀਅਮ ਤੇ ਹੋਰਨਾ ਸੰਗਤਾਂ ਵੱਲੋਂ



ਦਿੱਤੇ ਗਏ ਮਾਇਆ ਦੇ ਯੋਗਦਾਨ ਸਦਕਾ ਕਰੀਬ 2 ਕੁਇੰਟਲ ਤੋਂ ਉੱਪਰ ਡਰਾਈ ਫਰੂਟ ਜਿਸ ਵਿੱਚ ਕਾਜੂ,ਬਦਾਮ, ਸੌਗੀ ਤੇ ਹੋਰ ਸਮਾਨ ਸਾਮਲ ਕਰਦਿਆਂ ਗੁਰੂ ਸਾਹਿਬ ਜੀ ਦੀ ਸਤਿਕਾਰਯੋਗ ਸੰਗਤ ਪ੍ਰਤੀ ਆਪਣੀ ਸਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਤੇ ਕਰੀਬ ਦੋ ਕੁਇੰਟਲ ਤੋਂ ਉੱਪਰ ਇਹ ਪ੍ਰਸਾਦ ਵੰਡ ਕੇ ਸੰਗਤ ਦੀ ਸੇਵਾ ਕੀਤੀ ਗਈ। ਇਸ ਸਬੰਧੀ ਪੈਦਲ ਸੰਗ ਯਾਤਰਾ ਜਥੇ ਦੇ ਜਥੇਦਾਰ ਬਾਬਾ ਰਣਧੀਰ ਸਿੰਘ ਨੇ ਜਿੱਥੇ ਵੱਖ-ਵੱਖ ਲੰਗਰ ਲਗਾ ਕੇ ਸੰਗਤ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਉੱਥੇ ਹੀ ਡਰਾਈ ਫਰੂਟ ਦਾ ਲੰਗਰ ਲਗਾਉਣ ਵਾਲੀਆਂ ਸੰਗਤਾਂ ਦਾ ਵੀ ਵਿਸੇਸ ਤੌਰ ਤੇ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪਹਿਲੀ ਰਾਤਰੀ ਦਾ ਵਿਸਰਾਮ ਕਰਨ ਉਪਰੰਤ ਜਦੋਂ ਪਾਵਨ ਸੰਗ ਵੇਟ ਖੇਤਰ ਵੱਡੀ ਮਿਆਣੀ ਤੋਂ ਹੁੰਦਾ ਹੋਇਆ ਭੇਟਾ ਪੱਤਣ ਬਿਆਸ ਦਰਿਆ ਵੱਲ ਵੱਧਦਾ ਹੈ ਤਾਂ ਰਸਤੇ ਵਿੱਚ ਤਰ੍ਹਾਂ-ਤਰ੍ਹਾਂ ਦੇ ਲੰਗਰ ਲਗਾ ਕੇ ਸੰਗਤ ਵੱਲੋਂ ਆਪਣੀ ਸਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਇਸ ਵਾਰ ਬਾਰਿਸ ਦੇ ਬਾਵਜੂਦ ਸੰਗਤ ਨੇ ਯਾਤਰਾ ਜਥੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਦੀ ਸੇਵਾ ਕੀਤੀ।

# ਪੰਜਾਬ 'ਚ ਰੱਦ ਕੀਤੇ ਹਜਾਰਾਂ ਰਾਸ਼ਨ ਕਾਰਡ ਧਾਰਕਾਂ ਲਈ ਵੱਡੀ ਖਬਰ, ਸਰਕਾਰ ਨੇ ਫਿਰ ਦਿੱਤੀ ਖੁਸ਼ਖਬਰੀ

**ਸਰਦੂਲ ਸਿੰਘ**

ਲੁਧਿਆਣਾ 5 ਮਾਰਚ। ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵੱਲੋਂ ਸਾਲ-2023 ਦੇ ਸ਼ੁਰੂਆਤੀ ਦਿਨਾਂ 'ਚ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨਾਲ ਜੁੜੇ 40 ਹਜ਼ਾਰ ਪਰਿਵਾਰਾਂ ਦੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ ਸਨ। ਇਸ ਸਬੰਧੀ ਸਿਆਸੀ ਗਲਿਆਰਿਆਂ 'ਚ ਵੱਡਾ ਹੰਗਾਮਾ ਖੜ੍ਹਾ ਹੋਣ ਸਮੇਤ ਯੋਜਨਾ ਨਾਲ ਜੁੜੇ ਪਰਿਵਾਰਾਂ ਵੱਲੋਂ ਸਬੰਧਿਤ ਅਧਿਕਾਰੀਆਂ ਅਤੇ ਸਰਕਾਰ ਖ਼ਿਲਾਫ ਪੱਖਪਾਤ ਕਰਨ ਵਰਗੇ ਗੰਭੀਰ ਦੋਸ਼ ਲਾਉਂਦੇ ਹੋਏ ਵੱਡਾ ਬਵਾਲ ਖੜ੍ਹਾ ਕੀਤਾ ਗਿਆ ਸੀ। ਜਾਣਕਾਰੀ ਮੁਤਾਬਕ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਪੋਰਟਲ 'ਤੇ ਉਕਤ ਸਾਰੇ ਪਰਿਵਾਰਾਂ ਦਾ ਡਾਟਾ ਇਕ ਵਾਰ ਫਿਰ ਚੜ੍ਹਾ ਦਿੱਤਾ ਗਿਆ ਹੈ। ਅਜਿਹੇ 'ਚ ਕਰੀਬ 1 ਸਾਲ ਪਹਿਲਾਂ ਰੱਦ ਕੀਤੇ ਗਏ 40 ਹਜ਼ਾਰ ਰਾਸ਼ਨ ਕਾਰਡ ਧਾਰੀਆਂ ਨੂੰ ਫਿਰ ਮੁਫਤ ਅਨਾਜ ਯੋਜਨਾ ਦਾ ਲਾਭ ਮਿਲੇਗਾ। ਇੱਥੇ ਦੱਸਣਾ ਜ਼ਰੂਰੀ ਹੋਵੇਗਾ ਕਿ ਪੰਜਾਬ 'ਚ ਸਾਲ 2022 ਦੌਰਾਨ ਸੱਤਾ ਬਦਲੀ ਹੋਣ ਤੋਂ ਬਾਅਦ ਮਾਨ ਸਰਕਾਰ ਵੱਲੋਂ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਤਹਿਤ ਮੁਫਤ ਕਣਕ ਦਾ ਲਾਭ ਪ੍ਰਾਪਤ ਕਰਨ ਵਾਲੇ ਸਾਰੇ ਖਪਤਕਾਰਾਂ ਦੇ ਰਾਸ਼ਨ ਕਾਰਡਾਂ ਦੀ ਰੀ-ਵੈਰੀਫਿਕੇਸ਼ਨ ਕਰਨ ਦੀ ਜਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸੌਂਪੀ ਗਈ ਸੀ। ਇਸ ਦੌਰਾਨ ਜਾਂਚ ਦੌਰਾਨ ਸਬੰਧਿਤ ਅਧਿਕਾਰੀਆਂ ਵੱਲੋਂ ਲੁਧਿਆਣਾ ਜ਼ਿਲ੍ਹੇ ਨਾਲ ਸੰਬਧਿਤ 40 ਹਜ਼ਾਰ ਪਰਿਵਾਰਾਂ ਦੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ, ਜਿਸ 'ਚ ਵੱਡੀ ਗਿਣਤੀ 'ਚ ਉਹ ਗਰੀਬ ਅਤੇ ਲੋੜਵੰਦ ਪਰਿਵਾਰ ਵੀ ਸ਼ਾਮਲ ਸਨ, ਜੋ ਕਿ ਯੋਜਨਾ ਦੇ ਅਸਲ ਹੱਕਦਾਰ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪਰਿਵਾਰ ਸਾਰਾ ਦਿਨ ਮਿਹਨਤ-ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਲਈ ਬੜੀ ਮੁਸ਼ਕਲ ਨਾਲ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਦੇ ਹਨ। ਅਜਿਹੇ ਸਮੇਂ ਸਰਕਾਰ ਦੀ ਵੱਡਮੁੱਲੀ ਯੋਜਨਾ ਤੋਂ ਵਾਂਝੇ ਹੋਣ 'ਤੇ ਜਿੱਥੇ ਉਕਤ ਪਰਿਵਾਰਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ ਧਰਨੇ ਪ੍ਰਦਰਸ਼ਨ ਕੀਤੇ ਗਏ, ਉੱਥੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਅਤੇ ਆਲ ਇੰਡੀਆ ਫੇਅਰ ਪ੍ਰਾਈਜ਼ ਸ਼ਾਪ ਫੈੱਡਰੇਸ਼ਨ ਦੇ ਪੰਜਾਬ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਵੱਲੋਂ ਵੀ ਮਾਨ ਸਰਕਾਰ ਖ਼ਿਲਾਫ ਨਿਸ਼ਾਨੇ ਵਿੰਨ੍ਹਦੇ ਹੋਏ ਕਈ ਤਰ੍ਹਾਂ ਦੇ ਗੰਭੀਰ ਦੋਸ਼ ਲਾਏ ਗਏ ਹਨ। ਕਰਮਜੀਤ ਸਿੰਘ ਅੜੈਚਾ ਦੇ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਏ. ਸੀ. ਦਫਤਰ 'ਚ ਬੈਠ ਕੇ ਬਿਨਾਂ ਜ਼ਮੀਨੀ ਸੱਚ ਦੀ ਜਾਂਚ ਕੀਤੇ ਗਰੀਬਾਂ ਅਤੇ ਅਪਾਹਜਾਂ ਸਮੇਤ ਕਿਰਾਏ ਦੇ ਮਕਾਨਾਂ ਵਿਚ ਜੀਵਨ ਬਸਰ ਕਰਨ ਵਾਲੇ ਗਰੀਬ ਅਤੇ ਲੋੜਵੰਦ



ਪਰਿਵਾਰਾਂ ਦੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ, ਜਦ ਕਿ ਲਗਜ਼ਰੀ ਗੱਡੀਆਂ ਸਮੇਤ ਆਲੀਸ਼ਾਨ ਕੋਠੀਆਂ ਵਿਚ ਰਹਿਣ ਵਾਲੇ ਸ਼ਾਹੂਕਾਰ ਪਰਿਵਾਰ ਅੱਜ ਵੀ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰ ਕੇ ਮਿਲਣ ਵਾਲੀ ਕਣਕ ਡਕਾਰ ਰਹੇ ਹਨ। ਵਿਭਾਗੀ ਸੂਤਰਾਂ ਦੇ ਮੁਤਾਬਕ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਡਿਸਟ੍ਰੀਬਿਊਸ਼ਨ ਸੈਂਟਰ ਵੱਲੋਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਤੋਂ ਤੁਰੰਤ ਬਾਅਦ ਹੀ ਜ਼ਿਲ੍ਹੇ ਭਰ ਵਿਚ ਰੱਦ ਕੀਤੇ ਗਏ 40 ਹਜ਼ਾਰ ਰਾਸ਼ਨ ਕਾਰਡਧਾਰੀ ਪਰਿਵਾਰਾਂ ਦਾ ਡਾਟਾ ਪੋਰਟਲ ਵਿਚ ਚੜ੍ਹਾ ਦਿੱਤਾ ਗਿਆ ਹੈ, ਜੋ ਕਿ ਮਾਰਚ ਮਹੀਨੇ ਵਿਚ ਇਕ ਵਾਰ ਫਿਰ ਰਾਸ਼ਨ ਡਿਪੂਆਂ 'ਤੇ ਜਾ ਕੇ ਮੁਫਤ ਕਣਕ ਜਾਂ ਫਿਰ ਆਟੇ ਦੀਆਂ ਥੈਲੀਆਂ ਪ੍ਰਾਪਤ ਕਰ ਸਕਦੇ ਹਨ। ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਸੰਯੁਕਤ ਸੈਕਟਰੀ ਪੰਜਾਬ ਟਰਾਂਸਪੋਰਟ ਵਿੰਗ ਪਵਨ ਛਾਬੜਾ ਬਿੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਸਮੇਤ ਸਰਕਾਰੀ ਅਨਾਜ ਦਾ ਇਕ-ਇਕ ਦਾਣਾ ਉਨ੍ਹਾਂ ਪਰਿਵਾਰਾਂ ਤੱਕ ਪਹੁੰਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਨ੍ਹਾਂ ਦੀ ਇਹ ਅਮਾਨਤ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ 'ਤੇ ਖੁਦ ਨਜ਼ਰ ਰੱਖ ਰਹੇ ਹਨ ਤਾਂ ਕਿ ਯੋਜਨਾ ਦਾ ਲਾਭ ਅਸਲ ਹੱਕਦਾਰ ਪਰਿਵਾਰਾਂ ਤੱਕ ਪੁੱਜ ਸਕੇ। ਛਾਬੜਾ ਨੇ ਕਿਹਾ ਕਿ ਆਟੇ ਦੀਆਂ ਥੈਲੀਆਂ ਘਰ-ਘਰ ਪਹੁੰਚਾਈਆਂ ਜਾ ਰਹੀਆਂ ਹਨ ਤਾਂ ਕਿ ਗਰੀਬ ਅਤੇ ਲੋੜਵੰਦ ਪਰਿਵਰਾਂ ਨੂੰ ਆਪਣੀਆਂ ਦਿਹਾੜੀਆਂ ਤੋੜ ਕੇ ਰਾਸ਼ਨ ਡਿਪੂਆਂ 'ਤੇ ਨਾ ਭਟਕਣਾ ਪਵੇ।

## ਹੁਣ ਕਰਨਾਟਕ 'ਚ ਮਹਿਲਾ ਨੂੰ ਨਗਨ ਪਰੇਡ ਕਰਵਾਉਣ ਦਾ ਮਾਮਲਾ ਆਇਆ ਸਾਹਮਣੇ

ਨੈਸ਼ਨਲ ਡੈਸਕ 5 ਮਾਰਚ। ਕੁਝ ਚਿਰ ਪਹਿਲਾਂ ਮਣੀਪੁਰ ਵਿਚ ਇਕ ਮਹਿਲਾ ਨੂੰ ਨਗਨ ਕਰ ਕੇ ਘੁਮਾਉਣ ਦਾ ਮਾਮਲਾ ਸਾਹਮਣੇ ਆਉਣ ਨਾਲ ਸਾਰੇ ਦੇਸ਼ ਦਾ ਸਿਰ ਸ਼ਰਮ ਨਾਲ ਝੁਕਾ ਦਿੱਤਾ ਸੀ। ਹੁਣ ਅਜਿਹਾ ਹੀ ਇਕ ਮਾਮਲਾ ਕਰਨਾਟਕ ਤੋਂ ਸਾਹਮਣੇ ਆਇਆ ਹੈ। ਕਰਨਾਟਕ ਦੇ ਬੇਲਗਾਵੀ ਜ਼ਿਲ੍ਹੇ ਵਿਚ ਇਕ ਔਰਤ ਨੂੰ ਕਥਿਤ ਤੌਰ 'ਤੇ 7 ਮਹੀਨੇ ਪਹਿਲਾਂ ਨਗਨ ਹਾਲਤ ਵਿਚ ਘੁਮਾਇਆ ਗਿਆ ਸੀ ਤੇ ਘਟਨਾ ਦਾ ਵੀਡੀਓ ਹੁਣ ਵਾਇਰਲ ਹੋਇਆ ਹੈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਪੀੜਤਾ ਦੀ ਧੀ ਦੀ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤੀ ਗਈ ਹੈ। ਪੁਲਸ ਨੇ ਦੱਸਿਆ ਕਿ ਕਥਿਤ ਘਟਨਾ 31 ਜੁਲਾਈ 2023 ਨੂੰ ਉਸ ਵੇਲੇ ਹੋਈ ਜਦੋਂ ਪੀੜਤਾ ਤੇ ਉਸ ਦੇ ਪੁੱਤਰ ਨੂੰ ਸਰਕਾਰ ਵੱਲੋਂ ਅਲਾਟ ਹੋਈ ਤਿੰਨ ਏਕੜ ਜਮੀਨ ਵਿਚੋਂ ਅੱਧਾ ਏਕੜ ਜਮੀਨ 'ਤੇ ਕਬਜੇ ਦਾ ਵਿਰੋਧ ਕਰਨ 'ਤੇ ਵਿਰੋਧੀਆਂ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੁਲਜਮ ਨੇ ਨਾ ਸਿਰਫ ਮਹਿਲਾ ਨੂੰ ਨਗਨ ਹਾਲਤ ਵਿਚ ਘੁਮਾਇਆ ਤੇ ਉਸ ਦੇ ਪਰਿਵਾਰ ਨਾਲ ਕੁੱਟਮਾਰ ਕੀਤੀ, ਸਗੋਂ ਸ਼ਿਕਾਇਤ ਦਰਜ ਕਰਵਾਉਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ। ਪੁਲਸ ਨੇ ਦੱਸਿਆ ਕਿ ਮਾਮਲਾ ਵੀਰਵਾਰ ਨੂੰ ਉਸ ਵੇਲੇ ਸਾਹਮਣੇ ਆਇਆ ਜਦੋਂ ਪੀੜਤਾ ਦੀ ਧੀ ਨੇ ਸ਼ਿਕਾਇਤ ਦਰਜ ਕਰਵਾਈ। ਬੇਲਗਾਵੀ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਮਾਮਲੇ ਦੀ ਅਗਲੇਰੀ ਜਾਂਚ ਲਈ ਪਿੰਡ ਵਿਚ ਡੇਰਾ ਲਾ ਲਿਆ ਹੈ।